# ਸਮਤਾ

ਮਾਰਚ 1984 (ਅੰਕ 46)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਾਰਚ 1984
46
ਮੁੱਲ—ਦੋ ਰੁਪਏ

**ਇਸ ਅੰਕ ਵਿਚ** : ਸੰਪਾਦਕੀ–ਦਲੀਲ ਦੀ ਆਵਾਜ਼, ਸੁਮੀਤ ਸਿੰਘ ਦੀ ਯਾਦ ਵਿਚ o **ਕਹਾਣੀਆਂ** : ਹਰਜਿੰਦਰ ਸਿੰਘ ਹਰੀ ਪ੍ਰਕਾਸ਼, ਹਮਦਰਦਵੀਰ ਨੌਸ਼ਹਿਰਵੀ, ਲਘੂ ਕਥਾ–ਹਿੱਟ ਲਿਸਟ/ਗੁਰਸ਼ਰਨ ਸਿੰਘ o **ਨਾਟਕ** : ਸਾਧਾਰਨ ਲੋਕ/ਗੁਰਸ਼ਰਨ ਸਿੰਘ o ਪੁਸਤਕ ਪਹਿਚਾਣ : ਕਿਸ ਦਾ ਕਸੂਰ/ਗੁਰਬਖਸ਼ ਜੱਸ o **ਕਵਿਤਾਵਾਂ** : ਹਰਭਜਨ ਸਿੰਘ ਹੁੰਦਲ, ਲਾਭ ਸਿੰਘ ਖੀਵਾ ਨ. ਸਿੰਘ, ਅਜਮੇਰ ਗਿੱਲ, ਸੁਖਦੇਵ ਸਿਧੂ, ਮਨਜੀਤ ਕਾਦਰ o ਵਿਚਾਰ ਚਰਚਾ : ਅੰਨਦਾਤਾ ਕਿ ਭਿਖਾਰੀ...? ਕਿਸਾਨੀ ਬਾਰੇ ਐਮ.ਸੀ. ਭਾਰਦਵਾਜ ਦਾ ਲੇਖ o ਪੰਜਾਬ ਤੇ ਹਰਿਆਣਾ ਦੇ ਮਸਲੇ ਬਾਰੇ ਡਾ: ਗਣਪਤੀ ਚੰਦਰ ਗੁਪਤ, ਵੀ.ਸੀ. ਕੁਰੁਕਸ਼ੇਤਰ ਯੂਨੀਵਰਸਿਟੀ o ਪਾਠਕ ਲੇਖਕ ਫੋਰਮ : ਅਮਰੀਕ ਸਿੰਘ ਅਮਰਜੀਤ ਸਿੰਘ, ਨਛੱਤਰ ਸਿੰਘ ਗਿੱਲ ਅਤੇ ਅਮਰਜੀਤ, ਰਵਿੰਦਰ, ਰਾਜਿੰਦਰ ਸਿੰਘ, ਜਗਰੂਪ, ਰੁਪਿੰਦਰ ਮਾਨ, ਸਰਵਨ ਸਿੰਘ ਗਿੱਲ, ਦੀਪਕ ਧਵਨ ।

ਸੰਪਾਦਕੀ

## ਦਲੀਲ ਦੀ ਆਵਾਜ਼

14 ਫਰਵਰੀ, 1984, ਫਿਰਕਾ ਪ੍ਰਸਤੀ ਦੀ ਕਾਲੀ ਤਾਕਤ ਅਪਣੇ ਪੂਰੇ ਜੋਬਨ ਵਿਚ ਜ਼ਾਹਿਰ ਹੋਈ । ਅੰਮ੍ਰਿਤਸਰ ਸ਼ਹਿਰ ਦੇ ਬਾਨੀ ਗੁਰੂ ਰਾਮਦਾਸ ਦੀ ਤਸਵੀਰ ਉਹਦੇ ਅਪਣੇ ਵਸਾਏ ਸ਼ਹਿਰ ਵਿਚ ਨਿਰਾਦਰੀ ਗਈ । (ਇਹ ਕੋਈ ਛੋਟੀ ਜਹੀ ਗੱਲ ਨਹੀਂ) ਭਜਨ ਲਾਲ ਵਰਗਾ ਬੇਜ਼ਮੀਰ ਅਤੇ ਬੇਸ਼ਰਮ ਸਿਆਸਤਦਾਨ (ਭਾਰਤ ਵਿਚ ਬਹੁਤ ਸਾਰੇ ਸਿਆਸਤਦਾਨ ਇਸ ਸ੍ਰੇਣੀ ਵਿਚ ਆਂਦੇ ਹਨ, ਪਰ ਭਜਨ ਲਾਲ ਉਹਨਾਂ ਸਾਰਿਆਂ ਵਿਚੋਂ ਸਿਰਕੱਢ ਕਿਹਾ ਜਾ ਸਕਦਾ ਹੈ) ਅਪਣੀ ਸਿਆਸਤ ਦੀ ਖੇਡ ਖੇਡ ਗਿਆ । ਇਹ ਖੇਡ ਉਹਨੇ ਅਪਣੀ ਮਕਾਰ ਜ਼ਹਿਨੀਅਤ ਅਨੁਸਾਰ ਖੇਡੀ ਹੈ ਜਾਂ ਬੀਬੀ ਦੀ ਸ਼ਹਿ ਤੇ ਖੇਡੀ ਹੈ, ਇਸ ਬਾਰੇ ਕਿਆਸ ਹੀ ਲਗਾਏ ਜਾ ਸਕਦੇ ਹਨ । ਉਸ ਤੋਂ ਬਾਅਦ ਜੋ ਪੰਜਾਬ ਵਿਚ ਬੇਗੁਨਾਹਾਂ ਦੇ ਕਤਲਾਂ ਦਾ ਇਕ ਦੌਰ ਚਲਿਆ ਹੈ । ਇਸਨੇ ਸਾਰੇ ਲੋਕਾਂ ਨੂੰ ਫਿਕਰ ਵਿਚ ਪਾਇਆ ਹੈ । ਪਰ ਜੇਕਰ ਥੋੜਾ ਜਿਹਾ ਡੂੰਘਾ ਸੋਚੀਏ ਤਾਂ ਇਹ ਸਭ ਕੁਝ ਹੋਣਾ ਹੀ ਸੀ । ਸਿਆਸੀ ਲੜਾਈ ਨੂੰ ਜੇਕਰ ਧਰਮਯੁੱਧ ਦਾ ਰੂਪ ਦੇ ਦਿਤਾ ਜਾਏ, ਬੇਕਸੂਰ ਲੋਕਾਂ ਨੂੰ ਬੱਸਾਂ ਵਿਚੋਂ ਕੱਢਕੇ ਕਤਲ ਕਰਨ ਤੋਂ ਬਾਅਦ ਜੇ ਕਾਤਲ ਧਰਮ ਅਸਥਾਨਾਂ ਵਿਚ ਪਨਾਹ ਲੈ ਸਕਣ, ਬੇਹੂ ਦਾ ਕਿਸਮ ਦੀਆਂ ਤਕਰੀਰਾਂ (5000 ਹਿੰਦੂਆਂ ਨੂੰ ਮਾਰਨ ਦੀਆਂ ਧਮਕੀਆਂ,ਰਫਲਾਂ ਤੇ ਮੋਟਰਸਾਈਕਲ ਰਖਣ ਦੀਆਂ ਸਲਾਹਵਾਂ), ਧਰਮ ਦੀ ਥਾਂ ਤੋਂ ਕੀਤੀਆਂ ਜਾਣ ਤਾਂ ਕੁਝ ਨਾ ਕੁਝ ਤਾਂ ਗਲਤ ਹੋਣਾ ਹੀ ਸੀ । ਪਾਕਿਸਤਾਨ ਬਣਨ ਵੇਲੇ ਆਗੂਆਂ ਦੀ ਗ਼ਲਤ ਨੀਤੀਆਂ ਦੀ ਕੀਮਤ ਪਛਮੀ ਪੰਜਾਬ 'ਚ ਹਿੰਦੂਆਂ ਸਿਖਾਂ ਨੇ ਦਿਤੀ ਸੀ ਤੇ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਨੇ ਦਿਤੀ ਸੀ । ਹੁਣ ਗਲਤ ਨੀਤੀਆਂ ਦੀ ਕੀਮਤ ਪੰਜਾਬ ਵਿਚ ਹਿੰਦੂਆਂ ਤੇ ਹਰਿਆਨਾ ਵਿਚ ਸਿੱਖਾਂ ਦੇ ਗਲ ਪੈਣ ਦਾ ਖਤਰਾ ਹੈ । ਤੇ ਜਦ ਕਿ ਪੰਜਾਬ ਅਤੇ ਹਰਿਆਣਾ ਦੀਆਂ ਘਟਨਾਵਾਂ ਨੇ ਇਸ ਭਿਆਨਕ ਖੇਡ ਦੇ ਨਤੀਜੇ ਬਾਹਰ ਲੈ ਹੀ ਆਂਦੇ ਹਨ, ਤਾਂ ਲੋਕ ਹਿਤੂ ਤਾਕਤਾਂ ਦਾ ਫਰਜ਼ ਬਣਦਾ ਹੈ ਕਿ ਇਹਨਾਂ ਅਨਸਰਾਂ ਦੇ ਖਿਲਾਫ ਆਪਣੀ ਪਹਿਲੇ ਤੋਂ ਚਲਾਈ ਜਾ ਰਹੀ ਸਿਧਾਂਤਕ ਅਤੇ ਜਥੇਬੰਦਕ ਲਾਮਬੰਦੀ ਨੂੰ ਪੂਰੀ ਤਰ੍ਹਾਂ ਸਰਗਰਮ ਕਰਨ ਅਤੇ ਸਾਧਾਰਨ ਲੋਕਾਂ ਵਿਚ ਇਹਨਾਂ ਨੂੰ ਨਸ਼ਰ ਕਰਨ । ਇਤਹਾਸ ਇਸ ਗੱਲ ਦਾ ਗਵਾਹ ਹੈ ਕਿ ਪਾਕਿਸਤਾਨ ਬਣਨ ਵੇਲੇ ਜਦੋਂ ਫਿਰਕੂ ਹਨੇਰੀ ਵਿਚ ਕਹਿੰਦੇ ਕਹਿਲਾਂਦੇ ਵਡਿਆਂ ਵਡਿਆਂ ਦੇਸ਼ ਭਗਤਾਂ ਦੇ ਕਦਮ ਡੋਲ ਗਏ ਸੀ ਤਾਂ ਉਸ ਵੇਲੇ ਕਮਿਊਨਿਸਟ ਹੀ ਦੋਨੋਂ ਪਾਸੇ ਸਾਬਤ ਕਦਮੀ ਨਾਲ ਕਾਇਮ ਰਹੇ ਸਨ । ਹੁਣ ਦੇ ਦੌਰ ਵਿਚ ਵੀ ਕਮਿਊਨਿਸਟਾਂ ਨੇ ਇਹ ਕੰਮ ਅਪਣੇ ਜ਼ਿਮੇ ਲਿਆ ਹੈ । ਇਹ ਫਖਰ ਦੀ ਗੱਲ ਹੈ ।

o ਇਹ ਕਮਿਊਨਿਸਟ ਹੀ ਹਨ, ਜਿਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਦੀ ਸਿਆਸਤ ਵਿਚ ਆਮਦ ਨੂੰ ਇਕ ਖਤਰਨਾਕ ਰੁਝਾਣ ਦਸਿਆ ਸੀ । ਜਦੋ ਭਿੰਡਰਾਂਵਾਲਿਆਂ ਦੀ ਚੜ੍ਹਤ ਤੋਂ ਡਰਦਾ ਕੋਈ ਕੁਸਕਦਾ ਨਹੀ ਸੀ ਤਾਂ ਇਹ ਕਮਿਊਨਿਸਟ ਇਨਕਲਾਬੀ ਹੀ ਸਨ ਜਿਨ੍ਹਾਂ ਨੇ ਸ਼ਰੇਆਮ ਆਪਣਿਆਂ ਜਲਸਿਆਂ ਵਿਚ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੇ ਕਾਰਨਾਮੇ ਅਤੇ ਤਕਰੀਰਾਂ ਨਾ ਹੀ ਗੁਰੂ ਨਾਨਕ ਦੀ ਸਿੱਖੀ ਹੈ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਹੈ ।

o ਇਹ ਕਮਿਊਨਿਸਟ ਹੀ ਹਨ, ਜਿਨ੍ਹਾਂ ਨੇ ਫਿਰਕੂ ਏਕਤਾ ਦੇ ਹੱਕ ਵਿਚ ਅਤੇ ਧਾਰਮਕ ਜਨੂੰਨੀਆਂ ਦੇ ਵਿਰੁੱਧ

ਇਕ ਲੰਮੀ ਲੜਾਈ ਲੜੀ ਹੈ।

o 5 ਅਕਤੂਬਰ 1981 ਚੜ੍ਹਿਤ੍ਰ ਵਿਖੇ ਮੋਗੇ ਦੇ ਵਿਦਿਆਰਥੀਆਂ ਦੇ ਸ਼ਹੀਦੀ ਦਿਨ ਵੇਲੇ, ਪੰਜਾਬ ਸਟੂਡੈਂਟ ਯੂਨੀਅਨ ਦੇ ਉਸ ਵੇਲੇ ਦੇ ਜਨਰਲ ਸਕੱਤਰ ਮਲਵਿੰਦਰ ਮਾਲੀ ਨੇ ਡੇਢ ਘੰਟੇ ਦੀ ਲੰਮੀ ਤਕਰੀਰ ਵਿਚ ਦਲੀਲਾਂ ਸਹਿਤ ਇਹ ਸਿੱਧ ਕੀਤਾ ਕਿਸ ਤਰ੍ਹਾਂ ਨਿਰੰਕਾਰੀਆਂ ਨਾਲ ਇਕ ਸਿਧਾਂਤਕ ਮੱਤਭੇਦ ਨੂੰ ਬੁਨਿਆਦ ਬਣਾ ਕੇ ਫਿਰਕੂ ਜਨੂੰਨੀ ਇਤਿਹਾਸ ਨੂੰ ਪੁੱਠਾ ਗੇੜ ਦੇਣਾ ਚਾਹੁੰਦੇ ਹਨ। ਧਾਰਮਿਕ ਪੁਨਰ ਸੁਰਜੀਤੀ ਦੇ ਨਾਂ ਥੱਲੇ ਸੰਸਾਰ ਭਰ ਵਿਚ ਸਾਮਰਾਜੀ ਜਿਹੜੇ ਮਨਸੂਬੇ ਚਲਾ ਰਹੇ ਹਨ, ਪੰਜਾਬ ਦੀ ਤਹਿਰੀਕ ਉਹਦਾ ਇਕ ਹਿੱਸਾ ਹੈ। ਸੰਤ ਭਿੰਡਰਾਂਵਾਲਾ ਪੰਜਾਬ ਦਾ ਖੁਮਿਆਨੀ ਸਾਬਤ ਹੋ ਸਕਦਾ ਹੈ।

o 6 ਜਨਵਰੀ, 1982 ਸੀ.ਪੀ.ਐਮ.(ਐਮ.ਐਲ) ਨੇ ਜਲੰਧਰ ਵਿਖੇ ਫਿਰਕੂ ਜਨੂੰਨੀਆਂ ਵਿਰੁੱਧ ਇਕ ਪ੍ਰਭਾਵ-ਸ਼ਾਲੀ ਵਿਖਾਵਾ ਕੀਤਾ। ਫਿਰਕੂ ਜ਼ਹਿਰ ਉਗਲਨ ਵਾਲੀਆਂ ਅਖਬਾਰਾਂ ਦੇ ਇਸ ਸ਼ਹਿਰ ਵਿਚ ਇਹ ਵਿਖਾਵਾ ਸਾਧਾਰਨ ਸ਼ਹਿਰੀਆਂ ਲਈ ਇਕ ਅੱਖਾਂ ਖੋਲ੍ਹਣ ਵਾਲਾ ਵਿਖਾਵਾ ਸੀ।

o 1982-83 ਵਿਚ ਕਮਿਊਨਿਸਟ ਇਨਕਲਾਬੀਆਂ ਦੇ ਸੀ ਟੀ ਗਰੁੱਪ ਵਲੋਂ ਲੁਧਿਆਣੇ ਦੇ ਪਿੰਡਾਂ ਵਿਚ ਫਿਰਕਾਪ੍ਰਸਤੀ ਦੇ ਖਿਲਾਫ ਝੰਡਾ ਮਾਰਚ ਇਕ ਹੋਰ ਅਸਰਦਾਇਕ ਕਦਮ ਸੀ।

o ਸੁਰਖ ਰੇਖਾ (ਅਗਸਤ 1983 ਅੰਕ ਤੋਂ ਸ਼ੁਰੂ ਕਰਕੇ) ਨੇ ਗੁਰੂ ਨਾਨਕ ਨਿਵਾਸ ਵਿਚ ਹੋ ਰਹੀਆਂ ਧਾਂਦਲੀਆਂ ਤੋਂ ਪਰਦਾ ਚੁਕਿਆ। ਸਿੱਖੀ ਦੇ ਬਾਣਿਆਂ ਥਲੇ ਜੋ ਅਨੱਰਥ ਹੋ ਰਿਹਾ ਹੈ, ਇਸ ਤੋਂ ਲੋਕਾਂ ਨੂੰ ਜਾਣੂ ਕਰਵਾਇਆ।

o ਜ਼ਫਰਨਾਮਾ (ਅਗਸਤ 1983 ਅੰਕ) ਨੇ ਪੰਜਾਬ ਦੀ ਸਿਆਸਤ ਦੀ ਚੀਰਫਾੜ ਕਰਦਿਆਂ ਕਾਂਗਰਸ ਅਤੇ ਅਕਾਲੀਆਂ ਦੋਨਾਂ ਵਲੋਂ ਲੜੇ ਜਾ ਰਹੇ ਕੁਰਸੀ ਯੁੱਧ ਦੀ ਅਸਲੀਅਤ ਨੂੰ ਨੰਗਿਆਂ ਕਰਦਾ ਸੰਪਾਦਕੀ ਲਿਖਿਆ, ਜੋ ਇਕ ਇਤਿਹਾਸਕ ਦਸਤਾਵੇਜ਼ ਹੋ ਕੇ ਨਿਬੜਿਆ।

o 12 ਨਵੰਬਰ 1983, ਇਨਕਲਾਬੀ ਕਮਊਨਿਸਟ ਪਾਰਟੀ ਆਫ ਇੰਡੀਆ (R.C.P.I.) ਵਲੋਂ ਅਕਾਲੀ ਮੋਰਚੇ ਦੇ ਸਬੰਧ ਵਿਚ ਜਲੰਧਰ ਵਿਖੇ ਕਰਵਾਇਆ ਗਿਆ ਸੈਮੀਨਾਰ ਸਿਧਾਂਤਕ ਪੱਖ ਤੋਂ ਇਕ ਵਡੀ ਪ੍ਰਾਪਤੀ ਸੀ। ਇਸ ਵਿਚ ਇਹ ਸਪਸ਼ਟ ਨਿਰਨਾ ਪੇਸ਼ ਕੀਤਾ ਗਿਆ ਕਿ ਅਕਾਲੀਆਂ ਵਲੋਂ ਲਗਾਇਆ ਗਿਆ ਮੋਰਚਾ ਸਮੁੱਚੇ ਪੰਜਾਬ ਦੇ ਹਿੱਤ ਵਿਚ ਨਹੀਂ, ਸਗੋਂ ਉਠ ਰਹੀ ਪੇਂਡੂ ਸਰਮਾਏਦਾਰੀ ਦੀ ਸਿਆਸੀ ਸਰਦਾਰੀਵਾਸਤੇ ਹੈ ਅਤੇ ਇਸ ਵਲ ਸਹੀ ਪਹੁੰਚ ਜਮਾਤੀ ਦ੍ਰਿਸ਼ਟੀਕੋਣ ਨੂੰ ਬੁਨਿਆਦ ਬਣਾ ਕੇ ਹੀ ਕੀਤੀ ਜਾ ਸਕਦੀ ਹੈ।

o 24 ਜਨਵਰੀ 1984, ਲੁਧਿਆਣਾ ਵਿਖੇ ਸੀ. ਪੀ. ਆਈ. ਅਤੇ ਮਾਰਕਸੀ ਪਾਰਟੀ ਵਲੋਂ (ਜੰਤਾ ਪਾਰਟੀ ਅਤੇ ਕਾਂਗਰਸ (ਐਸ) ਵੀ ਇਸ ਵਿਚ ਕੁਝ ਹੱਦ ਤਕ ਸ਼ਾਮਿਲ ਸੀ) ਹਿੰਦੂ ਸਿੱਖ ਏਕਤਾ ਦੇ ਹੱਕ ਵਿਚ ਇਕ ਲਾਮਿਸਾਲ ਰੈਲੀ ਸੀ। ਇਹੋ ਜਿਹੀ ਪ੍ਰਭਾਵ ਸ਼ਾਲੀ ਰੈਲੀ ਪੰਜਾਬ ਦੇ ਨੇੜੇ ਦੇ ਇਤਹਾਸ ਵਿਚ ਅਗੇ ਕਦੀ ਨਹੀਂ ਵੇਖੀ ਗਈ, ਇਸ ਵਿਚ ਵਡੀ ਗਿਣਤੀ ਵਿਚ ਸਿੱਖ ਪੇਂਡੂ ਲੋਕਾਂ ਦੀ ਸ਼ਾਮਲੀਅਤ ਨੇ ਲੁਧਿਆਣਾ ਸ਼ਹਿਰ ਦੇ ਹਿੰਦੂ ਅਤੇ ਸਿੱਖ ਜ਼ਨੂਨੀਆਂ ਦੋਨਾਂ ਨੂੰ ਫਿਕਰ ਵਿਚ ਪਾ ਦਿਤਾ ਕਿ ਕੀ ਇਸ ਤਾਕਤ ਦੇ ਹੁੰਦਿਆਂ ਉਹ ਕਦੀ ਆਪਣੇ ਮਨਸੂਬਿਆਂ ਵਿਚ ਕਾਮਯਾਬ ਵੀ ਹੋ ਸਕਦੇ ਹਨ

o ਅਕਾਲੀ ਮੋਰਚੇ ਬਾਰੇ ਪਟਿਆਲਾ ਸਟੱਡੀ ਗਰੁਪ ਵਲੋਂ ਹੁਣੇ ਹੁਣੇ ਕਢਿਆ ਗਿਆ ਪਰਚਾ ਵੀ ਸਿਧਾਂਤਕ ਪਖੋਂ ਇਕ ਬੜਾ ਹੀ ਅਹਿਮ ਦਸਤਾਵੇਜ਼ ਹੈ, ਜੋ ਪੰਜਾਬ ਦੀ ਸਿਆਸਤ ਦਾ ਪੂਰਾ ਨਕਸ਼ਾ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਹ ਦਸਤਾਵੇਜ਼ ਸਾਬਤ ਕਰਦਾ ਹੈ ਕਿ ਬੁਧੀਜੀਵੀ ਕਿਸ ਤਰ੍ਹਾਂ ਅਸਰਦਾਇਕ ਤਰੀਕੇ ਨਾਲ ਸਿਆਸੀ ਸਰਗਰਮ ਵਰਕਰਾਂ ਨੂੰ ਸਿਧਾਂਤਕ ਪੱਖ ਤੋਂ ਲੈਸ ਕਰਕੇ ਵਡੀ ਲੜਾਈ ਵਿਚ ਆਪਣਾ ਯੋਗਦਾਨ ਪਾ ਸਕਦੇ ਹਨ।

o ਬਦੇਸ਼ਾਂ ਵਿਚ ਵੀ ਇਹ ਕਮਿਊਨਿਸਟ ਵਿਚਾਰ-ਧਾਰਾ ਦੇ ਲੋਕ ਹਨ, ਜਿਹੜੇ ਹਰ ਪੱਧਰ ਤੇ ਫਿਰਕੂ ਹਨੇਰੀ ਵਿਰੁਧ ਆਪਣਾ ਸੰਘਰਸ਼ ਕਰ ਰਹੇ ਹਨ। ਹਿੰਦੋਸਤਾਨ ਮਜ਼ਦੂਰ ਸਭਾ (ਗਰੇਟ ਬਰੀਟੇਨ) ਵਲੋਂ ਕਢਿਆ ਜਾਂਦਾ ਪਰਚਾ 'ਲਲਕਾਰ' ਇਸ ਸਿਲਸਲੇ ਵਿਚ ਖਾਸ ਜ਼ਿਕਰ ਦਾ ਹੱਕਦਾਰ ਹੈ। ਹੁਣੇ ਹੁਣੇ 'ਲਲਕਾਰ' ਵਿਚ ਛਪੇ ਲੇਖਾਂ ਦਾ ਇਕ ਸੰਗ੍ਰਹਿ 'ਕੀ ਸਿੱਖ ਇਕ ਕੌਮ ਹਨ ?' ਬਾਰੇ ਇੰਗਲੈਂਡ ਦੇ ਪੰਜਾਬੀ ਹਲਕਿਆਂ, ਵਿਚ ਬੜਾ ਚਰਚਾ ਹੈ। ਖਾਲਿਸਤਾਨ ਦੀ ਲਹਿਰ ਦਾ ਜਨਮਦਾਤਾ ਡਾਕਟਰ ਜਗਜੀਤ ਸਿੰਘ ਚੌਹਾਨ ਕਿਉਂਕਿ ਇੰਗਲੈਂਡ 'ਚ ਹੈ, ਇਸ ਕਰਕੇ ਉਸੇ ਦੇਸ਼ 'ਚੋਂ ਕੱਢੀਆਂ ਗਈਆਂ ਇਹ ਲਿਖਤਾਂ ਸਾਮਰਾਜ ਦੀ ਸ਼ਹਿ ਤੇ ਚਲਾਈਆਂ ਜਾ ਰਹੀਆਂ ਵੱਖਵਾਦੀ ਲਹਿਰਾਂ ਵਿਰੁਧ ਸੰਘਰਸ਼ ਵਿਚ ਬੜੀ ਮਹੱਤਤਾ ਰਖਦੀਆਂ ਹਨ!

ਸਿਧਾਂਤਕ ਪੱਖ ਤੋਂ ਵੀ ਅਤੇ ਜਥੇਬੰਦਕ ਪੱਖ ਤੋਂ ਵੀ ਇਹ ਕਮਿਊਨਿਸਟਾਂ ਦਾ ਇਤਿਹਾਸਕ ਕਾਰਜ ਹੈ ਕਿ ਫਿਰਕੂ ਜਨੂੰਨ ਦੀ ਹਨੇਰੀ ਤੋਂ ਸਾਧਾਰਨ ਲੋਕਾਂ ਨੂੰ ਬਚਾਉਣ ਅਤੇ ਲੋਕ ਹਿੱਤਾਂ ਦੀ ਰਖਵਾਲੀ ਕਰਨ। ਜਿਥੇ ਵੀ ਮੁਮਕਿਨ ਹੋਵੇ ਬੈਠਕ ਮੀਟਿੰਗਾਂ ਕੀਤੀਆਂ ਜਾਣ, ਸਿਆਸੀ ਰੈਲੀਆਂ ਕੀਤੀਆਂ ਜਾਣ। ਸਭਿਆਚਾਰਕ ਮੁਹਾਜ਼ ਤੇ ਤੁਤਾਂ ਵਾਲਾ ਖੂਹ, ਅੰਨ੍ਹੇ ਨਿਸ਼ਾਨਚੀ, ਇਕ ਕੁਰਸੀ ਇਕ ਮੋਰਚਾ, ਹਰ ਇਕ ਨੂੰ ਜੀਣ ਦਾ ਹੱਕ ਚਾਹੀਦਾ ਏ, ਰਿਸ਼ਤਿਆਂ ਦਾ ਕੀ ਰਖੀਏ ਨਾਂ (ਟੱਬਾ ਟੇਕ

ਸਿੰਘ) ਵਰਗੇ ਨਾਟਕ ਕਰਵਾਏ ਜਾਣ। ਉਹ ਕਵਿਤਾਵਾਂ ਤੇ ਗੀਤ ਬੋਲੇ ਜਾਣ ਜੋ ਫਿਰਕੂ ਹਨੇਰੀ ਦੇ ਵਿਰੁਧ ਹੋਣ। ਸੁਰਜੀਤ ਪਾਤਰ ਦੀ ਕਵਿਤਾ (ਕਲ ਉਹਨਾਂ ਵਾਰਸ ਸ਼ਾਹ ਨੂੰ ਵੰਡਿਆ ਸੀ, ਹੁਣ ਸ਼ਿਵ ਕੁਮਾਰ ਦੀ ਵਾਰੀ ਹੈ) ਇਹਦੀ ਇਕ ਮਿਸਾਲ ਹੈ। ਸ਼ਹੀਦ ਭਗਤ ਸਿੰਘ ਦਾ ਲਿਖਿਆ ਕਿਤਾਬਚਾ 'ਮੈਂ ਨਾਸਤਕ ਕਿਉਂ ਹਾਂ' ਇਕ ਐਸਾ ਦਸਤਾਵੇਜ਼ ਹੈ, ਜੋ ਧਰਮ ਦੀਆਂ ਸੌੜੀਆਂ ਸੋਚਾਂ ਅਤੇ ਫਿਰਕਾਪ੍ਰਸਤੀ ਵਿਰੁਧ ਇਕ ਸ਼ਕਤੀਸ਼ਾਲੀ ਹਥਿਆਰ ਦਾ ਕੰਮ ਦੇ ਸਕਦਾ ਹੈ, ਇਸਨੂੰ ਪ੍ਰਚਾਰਨਾ ਅਤੇ ਵੱਧ ਤੋਂ ਵੱਧ ਹੱਥਾਂ ਤੱਕ ਪੁਚਾਣਾ ਬੜਾ ਜ਼ਰੂਰੀ ਹੈ। ਸਾਨੂੰ ਯਕੀਨ ਹੋਣਾ ਚਾਹੀਦਾ ਹੈ ਕਿ ਅਸੀਂ ਥੋੜੇ ਨਹੀਂ ਹਾਂ, ਅਸੀਂ ਬਹੁਤ ਹਾਂ। ਰੌਲੇ ਗੌਲੇ ਵਿਚ ਦਲੀਲ ਦੀ ਆਵਾਜ਼ ਨੂੰ ਉਚਿਆਂ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ।

ਗੁਰਸ਼ਰਨ ਸਿੰਘ

---

ਲਘੂ ਕਥਾ

## ਹਿੱਟ ਲਿਸਟ

**ਗੁਰਸ਼ਰਨ ਸਿੰਘ**

ਸੋਨੇ ਦੀ ਪੱਤਰੀ ਵਾਲੇ ਘਰ ਦੀ ਛੱਤ ਤੇ ਇਕ ਅਭਿਮਾਨੀ ਰਹਿੰਦਾ ਸੀ। ਉਸਦੇ ਦਿਮਾਗ ਵਿਚ ਇਕ ਫਤੂਰ ਆਇਆ। ਉਹਨੇ ਆਪਣਾ ਸਰੂਪ ਉਹ ਬਣਾ ਲਿਆ ਜਿਹੜਾ ਇਸ ਧਰਤੀ ਤੇ ਕਿਸੇ ਵੇਲੇ ਦਸਵੇਂ ਅਵਤਾਰ ਦਾ ਸੀ, ਉਹ ਧਰਤੀ ਤੇ ਦੂਜੇ ਲੋਕਾਂ ਨਾਲੋਂ ਕੁਝ ਵੱਖਰਾ ਵੱਖਰਾ ਦਿਸਣ ਲਗ ਪਿਆ। ਅਖਬਾਰਾਂ ਵਾਲੇ ਉਹਦੀਆਂ ਇੰਟਰਵੀਊ ਛਾਪਦੇ, ਉਹਦੀਆਂ ਰੰਗੀਨ ਤਸਵੀਰਾਂ ਛਾਪਦੇ। ਆਪਣੀ ਤਸਵੀਰ ਉਹ ਵੇਖਦਾ ਤਾਂ ਉਸਨੂੰ ਉਹ ਬਿਲਕੁਲ ਉਸ ਤਸਵੀਰ ਵਰਗੀ ਲਗਦੀ ਜਿਹੜੀ ਪਹਾੜਾਂ ਵਿਚ ਵੱਸਦੇ ਇਕ ਕਲਾਕਾਰ ਨੇ ਆਪਣੀ ਕਲਪਨਾ ਨਾਲ ਦਸਵੇਂ ਅਵਤਾਰ ਦੀ ਬਣਾਈ ਸੀ। ਹੌਲੀ ਹੌਲੀ ਆਪਣੇ ਅਚੇਤ ਮਨ ਵਿਚ ਉਹਨੂੰ ਯਕੀਨ ਹੋ ਗਿਆ ਕਿ ਉਹ ਵੀਹਵੀਂ ਸਦੀ ਵਿਚ ਦਸਵੇਂ ਅਵਤਾਰ ਦਾ ਹੀ ਰੂਪ ਹੈ। ਇਸ ਕਰਕੇ ਪੰਜਾਂ ਪਾਣੀਆਂ ਦੀ ਧਰਤੀ ਉਤੇ ਉਹਦਾ ਹੀ ਹੁਕਮ ਚਲਣਾ ਚਾਹੀਦਾ ਹੈ। ਇਸ ਧਰਤੀ ਤੇ ਧੁੱਪ ਉਹਦੀ ਮਰਜ਼ੀ ਨਾਲ ਚੜ੍ਹਨੀ ਚਾਹੀਦੀ ਹੈ। ਮੀਂਹ ਉਹਦੇ ਹੁਕਮ ਨਾਲ ਵਰ੍ਹਨਾ ਚਾਹੀਦਾ ਹੈ। ਇਸ ਧਰਤੀ ਦੀ ਹਰ ਹਰਕਤ ਉਤੇ ਉਹਦਾ ਕੰਟਰੋਲ ਹੋਣਾ ਚਾਹੀਦਾ ਹੈ, ਕੋਈ ਖੰਘੇ ਤਾਂ ਉਹਦੀ ਇਜਾਜ਼ਤ ਨਾਲ ਖੰਘੇ। ਕੋਈ ਬੋਲੇ ਤਾਂ ਉਹਦੀ ਇਜਾਜ਼ਤ ਨਾਲ ਬੋਲੇ। ਸਟੇਨਗਨਾਂ ਨਾਲ ਲੈਸ ਮੋਟਰਸਾਈਕਲ ਸਵਾਰ ਉਹਦੀ ਫੌਜ ਬਣ ਗਈ, ਜੋ ਬੇਰਹਿਮੀ ਨਾਲ ਉਹਦੇ ਹੁਕਮ ਨੂੰ ਲਾਗੂ ਕਰਦੇ। ਮੋਟਰਸਾਈਕਲ ਸਵਾਰ ਇਕ ਗਲੀ ਵਿਚ ਜਾਂਦੇ ਹਨ, ਇਕ ਸਾਊ ਬੰਦੇ ਦੇ ਦਰਵਾਜ਼ੇ ਤੇ ਦਸਤਕ ਹੁੰਦੀ ਹੈ। ਉਹ ਦਰਵਾਜ਼ਾ ਖੋਲ੍ਹਦਾ ਹੈ।

"ਤੇਰਾ ਨਾਂ ਹਿੱਟ ਲਿਸਟ ਤੇ ਹੈ।"

'ਕਿਉਂ ਮਾਪਿਓ, ਮੇਰਾ ਕੀ ਕਸੂਰ ਏ?"

"ਇਕ ਬੰਦਾ ਸਵੇਰੇ ਸਵੇਰੇ ਸੋਨੇ ਦੇ ਘਰ ਅਗੋਂ ਲੰਘ ਰਿਹਾ ਸੀ, ਉਸਦੇ ਮੂੰਹ ਵਿਚੋਂ ਧੂੰਆਂ ਨਿਕਲ ਰਿਹਾ ਸੀ।"

"ਸਿਆਲਾਂ ਦੀ ਰੁੱਤ ਹੈ ਜਨਾਬ, ਮੂੰਹ ਵਿਚੋਂ ਸਾਹ ਧੂਏਂ ਵਾਂਗ ਨਿਕਲਦਾ ਹੈ।"

"ਸਾਨੂੰ ਨਹੀਂ ਪਤਾ, ਇਹ ਧੂੰਆਂ ਨਹੀਂ ਨਿਕਲਣਾ ਚਾਹੀਦਾ।"

"ਪਰ ਜਨਾਬ, ਮੇਰਾ ਉਸ ਬੰਦੇ ਨਾਲ ਕੀ ਤੁਅਲਕ ਏ?'

"ਉਹ ਤੇਰੇ ਚਾਚੇ ਦਾ ਚਾਚਾ ਏ।"

"ਪਰ ਜਨਾਬ ਮੇਰਾ ਕਈ ਚਾਚਾ ਨਹੀਂ, ਮੇਰਾ ਬਾਪੂ ਆਪਣੇ ਮਾਪਿਆਂ ਦਾ ਕਲ੍ਹਾ ਕਲ੍ਹਾ ਪੁੱਤ ਏ।"

"ਜੇ ਤੇਰਾ ਨਹੀਂ ਤਾਂ ਤੇਰੇ ਭਰਾ ਦਾ ਚਾਚਾ ਹੋਣੈ"

"ਜਨਾਬ ਜੇ ਮੇਰਾ ਚਾਚਾ ਨਹੀਂ ਤਾਂ ਮੇਰੇ ਭਰਾ ਦਾ ਕਿਸ ਤਰ੍ਹਾਂ ਹੋ ਸਕਦੈ?"

"ਸਾਨੂੰ ਨਹੀਂ ਪਤਾ, ਤੂੰ ਹਿੱਟ ਲਿਸਟ ਤੇ ਹੈਂ।"

ਹਿੱਟ ਲਿਸਟ ਵਿਚ ਆਉਣ ਤੋਂ ਮਤਲਬ ਸੀ ਕਿ ਉਸ ਵਿਅਕਤੀ ਦਾ ਦਾਣਾਪਾਣੀ ਇਸ ਧਰਤੀ ਤੇ ਮੁੱਕ ਗਿਆ ਹੈ। ਹੁਣ ਉਹ ਨਾ ਖਾ ਸਕਦੈ, ਨਾ ਪੀ ਸਕਦੈ। ਨਾ ਸੌਂ ਸਕਦੈ, ਨਾ ਜਾਗ ਸਕਦੈ, ਨਾ ਬੱਚਿਆਂ ਨੂੰ ਪਿਆਰ ਕਰ ਸਕਦੈ, ਨਾ ਬੀਵੀ ਨਾਲ ਦੁੱਖ ਸੁੱਖ ਦੀ ਬਾਤ ਕਰ ਸਕਦੈ। ਉਹ ਅਧਿਕਾਰੀਆਂ ਕੋਲ ਜਾਂਦਾ ਹੈ।

"ਜਨਾਬ ਮੇਰਾ ਨਾਂ ਹਿੱਟ ਲਿਸਟ ਤੇ ਹੈ, ਮੇਰੀ ਰਖਵਾਲੀ ਕਰੋ।"

"ਸਾਡਾ ਆਪਣਾ ਨਾਂ ਹਿੱਟ ਲਿਸਟ ਤੇ ਹੈ, ਅਸੀਂ ਕੀ ਕਰ ਸਕਦੇ ਹਾਂ?"

ਹੋਰ ਉੱਚ ਅਧਿਕਾਰੀਆਂ ਕੋਲ ਜਾਂਦਾ ਹੈ

"ਅਸੀਂ ਵੀ ਕੀ ਕਰ ਸਕਦੇ ਹਾਂ, ਅਸੀਂ ਵੀ ਹਿੱਟ ਲਿਸਟ ਤੇ ਹਾਂ।"

ਟੱਕੇ ਵਰਗਾ ਜਵਾਬ ਮਿਲਦਾ ਹੈ। ਘਰ ਆਉਂਦਾ ਹੈ। ਗਵਾਂਢੀ ਨਾਲ ਗੱਲ ਕਰਦਾ ਹੈ। ਇਹ ਗਵਾਂਢੀ ਉਹਦੇ ਨਾਲ ਹੀ ਕੰਮ ਕਰਦਾ ਹੈ। ਗਵਾਂਢੀ ਦਾ ਬੰਟੀ ਉਹਦੇ ਬੰਟੀ ਦਾ ਦੋਸਤ ਹੈ। ਉਹਦੇ ਬੰਟੀ ਦੀ ਮਾਂ, ਗਵਾਂਢੀ ਦੇ ਬੰਟੀ ਦੀ ਮਾਂ ਦੀ ਸਹੇਲੀ ਹੈ। ਉਹਨਾਂ ਦੇ ਦੁੱਖ ਸੁੱਖ ਸਾਂਝੇ ਹਨ। ਗਵਾਂਢੀ ਆਪਣੇ ਅਗਲੇ ਗਵਾਂਢੀ ਨਾਲ ਗੱਲ ਕਰਦਾ ਹੈ। ਇਸ ਤਰ੍ਹਾਂ ਗੱਲ ਇਕ ਗਵਾਂਢੀ ਤੋਂ ਅਗਲੇ ਗਵਾਂਢੀ ਤੱਕ ਚਲਦੀ ਜਾਂਦੀ ਹੈ। ਸਾਰੇ ਇਕੱਠੇ ਹੁੰਦੇ ਹਨ। ਸਿਰ ਨਾਲ ਸਿਰ ਜੋੜਦੇ ਹਨ। ਮਤਾ ਪਕਾਉਂਦੇ ਹਨ; ਇਕ ਕਾਗਜ਼ ਲਿਆਇਆ ਜਾਂਦਾ ਹੈ। ਕੁਝ ਲਿਖਿਆ ਜਾਂਦਾ ਹੈ। ਲੋਕਾਂ ਦੀ ਭੀੜ ਸੋਨੇ ਦੀ ਪਤਰੀ ਵਾਲੇ ਘਰ ਵੱਧਦੀ ਹੈ। ਦਰਵਾਜ਼ੇ ਤੇ ਦਸਤਕ ਦੇਂਦੇ ਹਨ। ਅੰਦਰੋਂ ਕੋਈ ਨਿਕਲਦਾ ਹੈ। ਉਹਦੇ ਹੱਥ ਕਾਗਜ਼ ਫੜ ਦਿਆ ਜਾਂਦਾ ਹੈ। ਲਿਖਿਆ ਹੈ

'ਅੱਜ ਤੋਂ ਤੇਰਾ ਨਾਂ ਸਾਡੀ ਹਿੱਟ ਲਿਸਟ 'ਤੇ ਹੈ।'

ਪ੍ਰੀਤਲੜੀ ਦੇ ਐਡੀਟਰ

# ਸੁਮੀਤ ਸਿੰਘ ਦੀ ਯਾਦ ਵਿਚ

ਇਹ ਕਿਹੋ ਜਿਹੀ ਹੋਣੀ ਸੀ ਕਿ ਸੰਪਾਦਕੀ ਲਿਖਣ ਤੋਂ ਫੌਰਨ ਬਾਅਦ ਆਪਣੇ ਬੇਟਿਆਂ ਵਰਗੇ ਅਜ਼ੀਜ਼ ਸੁਮੀਤ ਦੀ ਫਿਰਕੂ ਜਨੂੰਨੀਆਂ ਦੇ ਹੱਥੋਂ ਹੱਤਿਆਂ ਦੀ ਦੁਖਦਾਈ ਖ਼ਬਰ ਮਿਲੀ ਹੈ। ਏਨੀਆਂ ਔਖੀਆਂ ਹਾਲਤਾਂ ਵਿਚ ਸੁਮੀਤ ਨੇ ਨਵਤੇਜ ਹੋਰਾਂ ਦੇ ਬਾਅਦ ਪ੍ਰੀਤਲੜੀ ਦਾ ਸੈਕੂਲਰ ਸੁਨਿਹਾ ਦੇਣ ਦਾ ਭਾਰ ਆਪਣੇ ਮੋਢਿਆਂ ਤੇ ਚੁੱਕਿਆ ਜਿਸ ਤਰ੍ਹਾਂ ਇਹ ਜ਼ਿਮੇਵਾਰੀ ਨਵਤੇਜ ਹੋਰਾਂ ਨੇ ਸ: ਗੁਰਬਖਸ਼ ਸਿੰਘ ਦੇ ਜਾਣ ਦੇ ਬਾਅਦ ਆਪਣੇ ਤੇ ਲਈ ਸੀ। ਇਹ ਕਿਹੋ ਜਿਹਾ ਸਰਾਪਿਆ ਦੇਸ਼ ਹੈ, ਜਿਥੇ ਇਸ ਤਰ੍ਹਾਂ ਲਗਦਾ ਹੈ ਕਿ ਮਨੁੱਖਤਾ ਆਖਰੀ ਸਾਹ ਲੈ ਰਹੀ ਹੈ।

ਅਦਾਰਾ ਸਮਤਾ ਦੁਖੀ ਪ੍ਰਵਾਰ ਦੇ ਦੁੱਖ ਵਿਚ ਸ਼ਾਮਲ ਹੁੰਦਾ ਹੈ, ਤੇ ਆਪਣੇ ਇਸ ਵਿਛੜ ਗਏ ਹੋਨਹਾਰ ਨੌਜਵਾਨ ਨੂੰ ਸ਼ਰਧਾਂਜਲੀ ਉਹਦੀ ਇਕ ਲਿਖਤ ਸਮਤਾ ਦੇ ਪਾਠਕਾਂ ਨਾਲ ਸਾਂਝੀ ਕਰਕੇ ਦੇਂਦਾ ਹੈ। ਇਹ ਲਿਖਤ ਸੁਮੀਤ ਨੇ ਮਈ 1983 ਦੀ ਪ੍ਰੀਤਲੜੀ ਦੀ ਸੰਪਾਦਕੀ ਦੇ ਰੂਪ ਵਿਚ ਲਿਖੀ ਸੀ। ਇਸ ਦਾ ਵਿਚਲਾ ਸੱਚ ਅੱਜ ਸਾਡੀ ਧਰਤੀ ਦਾ ਵੱਡਾ ਸੱਚ ਬਣ ਗਿਆ ਹੈ।

—ਸੰਪਾਦਕ

ਲੋਕਾਂ ਨੂੰ ਪਿਆਰ ਕਰਨ ਵਾਲਾ, ਬੜੇ ਚੰਗੇ ਦਿਲ ਵਾਲਾ, ਨੇਕ ਅਸੂਲਾਂ ਵਾਲਾ, ਬਰੂਟਸ, ਪਤਾ ਨਹੀਂ ਕਿੰਝ, ਸ਼ਾਇਦ ਆਪਣੀ ਚੰਗਿਆਈ ਕਰਕੇ ਹੀ, ਕੈਸ਼ਿਅਸ ਵਿਚਲੇ ਸ਼ੈਤਾਨ ਨੂੰ ਨਹੀਂ ਸੀ ਪਹਿਚਾਣ ਸਕਿਆ। ਤੇ ਬੇ-ਅਸੂਲੇ ਨੇਕੀ ਤੋਂ ਦੂਰ ਸ਼ੈਤਾਨ ਕੈਸ਼ੀਅਸ ਨੇ ਬਰੂਟਸ ਦੀ ਏਸ ਨਦਾਨੀ ਨੂੰ ਆਪਣੀ ਢਾਲ ਬਣਾ ਲਿਆ। ਨਿਰੋਲ ਰਾਜਨੀਤੀ ਲਈ, ਮੁਲਕ ਵਿਚ ਬਦਅਮਨੀ ਦੀ ਅੱਗ ਫੈਲ ਗਈ : ਤੇ ਜਦੋਂ ਏਸ ਅੱਗ ਵਿਚੋਂ ਬਰੂਟਸ ਨੂੰ ਕੈਸ਼ਿਅਸ ਦਾ ਸ਼ੈਤਾਨ ਚਿਹਰਾ ਸਾਫ਼ ਨਜ਼ਰ ਆਇਆ ਤਾਂ ਬਹੁਤ ਦੇਰ ਹੋ ਚੁਕੀ ਸੀ–ਬਰੂਟਸ ਲਈ ਸਮੇਟਣਾ ਔਖਾ ਹੋ ਗਿਆ।

o ਪੰਜਾਬੀ ਬੋਲੀ ਤੇ ਪੰਜਾਬ ਦੀ ਖ਼ੈਰ ਮੰਗਦੀ ਅਕਾਲੀ ਪਾਰਟੀ ਦੇ ਆਗੂਓ ! ਪਿਛਲੇ ਕੁਝ ਅਰਸੇ ਦੀਆਂ ਘਟਨਾਵਾਂ ਤੋਂ ਇਹ ਸਾਫ ਹੈ ਕਿ ਬਦਅਮਨੀ ਦੀ ਅੱਗ ਫੈਲ ਗਈ ਹੈ। ਤੇ ਏਸ ਅੱਗ ਵਿੱਚ ਅਜ ਦੇ ਕੈਸ਼ੀਅਸ ਸ਼ੈਤਾਨ ਦਾ ਚਿਹਰਾ ਬੇਨਕਾਬ ਹੋ ਆਇਆ ਹੈ। ਰਬ ਅਤੇ ਧਰਮ ਦੀ ਵਡੇ ਵਡੇ ਲਫ਼ਜ਼ਾਂ ਨਾਲ (ਖੋਖਲੀ) ਦੁਹਾਈ ਪਾਉਣ ਵਾਲਾ ਇਹ ਅਜ ਦਾ ਕੈਸ਼ੀਅਸ ਅਸਲ ਵਿਚ ਰਬ ਅਤੇ ਧਰਮ ਤੋਂ ਵਿਰਵਾ ਹੈ–ਸਮਝੌਤਾ ਨਹੀਂ, ਅਮਨ ਨਹੀਂ ਉਹ ਤਾਕਤ ਚਾਹੁੰਦਾ ਹੈ—ਆਪਣੇ ਧਰਮ ਦੇ ਸਭ ਤੋਂ ਉਚੇ ਸਥਾਨ ਸ੍ਰੀ ਹਰਿਮੰਦਰ ਸਾਹਿਬ ਇਕ ਸਿੱਖ ਜਦੋਂ 'ਡਿਠੇ ਸਭੇ ਥਾਵ, ਨਹੀਂ ਤੁਧੁ ਜੇਹਿਆ' ਦੀ ਭਾਵਨਾ ਨਾਲ ਮੱਥਾ ਟੇਕ ਪਰਤਦਾ ਹੈ ਤਾਂ ਇਕ ਹੋਰ ਸਿੱਖ ਵਲੋਂ ਗੋਲੀਆਂ ਨਾਲ ਭੁੰਨ ਦਿਤਾ ਜਾਂਦਾ ਹੈ। ਹਰ ਅਖਬਾਰ ਵਿਚ ਖਬਰ ਆਉਂਦੀ ਹੈ, 'ਮਰਦੇ ਵਕਤ ਉਹਦੇ ਹੱਥਾਂ ਵਿਚ ਪ੍ਰਸ਼ਾਦ ਸੀ'।

ਤੇ ਅਜ ਸਮੂਹ ਪੰਜਾਬੀ ਦੇ ਚਿਹਰੇ ਤੇ ਚਿਤਾ ਤੇ ਮਨ ਅੰਦਰ ਅਸੁਰਖਿਅਤਾ ਹੈ।

ਅਜ ਹਰ ਪੰਜਾਬੀ ਤੁਹਾਡੇ ਤੋਂ ਸਵਾਲ ਪੁਛਦਾ ਹੈ—ਕੀ ਅਜ ਦੇ ਕੈਸ਼ੀਅਸ ਸ਼ੈਤਾਨ ਦਾ ਚਿਹਰਾ ਤੁਹਾਨੂੰ ਨਹੀਂ ਦਿਸਿਆ ? ਜਾਂ ਫੇਰ ਕਿਤੇ ਇੰਜ ਤਾਂ ਨਹੀਂ— ਕੀ ਹੁਣ ਡੋਰ ਤੁਹਾਡੇ ਹਥ ਨਹੀਂ ?

**ਸੁਮੀਤ ਸਿੰਘ**

ਲਘੂ ਨਾਟਕ :

# ਸਾਧਾਰਨ ਲੋਕ

ਗੁਰਸ਼ਰਨ ਸਿੰਘ

ਪਾਤਰ : (1) ਸ਼ੈਤਾਨ (ਇੱਕ) (ਸਿੱਖ ਲਿਬਾਸ ਵਿੱਚ)
(2) ਸ਼ੈਤਾਨ (ਦੋ) (ਹਿੰਦੂ ਲਿਬਾਸ ਵਿਚ)
(3) ਇਕ ਸਾਧਾਰਨ ਸਿੱਖ (4) ਇਕ ਸਾਧਾਰਨ ਹਿੰਦੂ

ਮੰਚ ਤੇ ਚਾਰੇ ਪਾਤਰ ਪਿੱਠ ਕਰਕੇ ਖਲੋਤੇ ਹਨ।

ਨਾਟਕ ਸ਼ੁਰੂ ਹੋਣ ਤੇ ਸਾਧਾਰਨ ਹਿੰਦੂ ਅਤੇ ਸਾਧਾਰਨ ਸਿੱਖ ਮੁੜਦੇ ਹਨ ਅਤੇ ਦਰਸ਼ਕਾਂ ਨੂੰ ਸੰਬੋਧਨ ਹੁੰਦੇ ਹਨ।

ਸਿੱਖ : ਮੈਂ ਇਕ ਸਾਧਾਰਨ ਸਿੱਖ ਹਾਂ, ਮੈਂ ਸਿਖ ਹਾਂ ਕਿਉਂਕਿ ਮੈਂ ਸਿੱਖ ਘਰ ਵਿੱਚ ਪੈਦਾ ਹੋਇਆ ਹਾਂ।

ਹਿੰਦੂ : ਮੈਂ ਇਕ ਸਾਧਾਰਨ ਹਿੰਦੂ ਹਾਂ, ਮੈਂ ਹਿੰਦੂ ਹਾਂ ਕਿਉਂਕਿ ਮੇਰੇ ਮਾਂ ਬਾਪ ਹਿੰਦੂ ਮੱਤ ਨਾਲ ਸੰਬਧਤ ਹਨ।

ਸਿੱਖ : ਮੈਂ ਸਵੇਰੇ ਉੱਠਦਾ ਹਾਂ। ਅਪਣੇ ਵਾਹਿਗੁਰੂ ਦਾ ਨਾਂ ਲੈਂਦਾ ਹਾਂ ਤੇ ਕੰਮ ਤੇ ਲਗ ਜਾਂਦਾ ਹਾਂ।

ਹਿੰਦੂ : ਮੈਂ ਸਵੇਰੇ ਉਠਦਾ ਹਾਂ। ਅਪਣੇ ਭਗਵਾਨ ਦੀ ਪੂਜਾ ਕਰਦਾ ਹਾਂ ਤੇ ਹੱਟੀ ਖੋਲਦਾ ਹਾਂ

ਸਿੱਖ : ਜ਼ਿੰਦਗੀ ਅਪਣੀ ਚਾਲੇ ਤੁਰ ਰਹੀ ਸੀ।

ਹਿੰਦੂ : ਜੀਵਨ ਦਾ ਨਿਬਾਹ ਹੋ ਰਿਹਾ ਸੀ।

ਸਿੱਖ : ਕਿ ਅਚਾਨਕ ਇਕ ਧਮਾਕਾ ਹੋਇਆ, ਧਰਤੀ ਹਿਲ ਗਈ।

ਹਿੰਦੂ : ਇਕ ਹਨੇਰੀ ਆਈ, ਇਕ ਭੁਚਾਲ ਆਇਆ !

ਸਿੱਖ : ਮੇਰੀ ਜ਼ਿੰਦਗੀ ਵਿਚ ਉੱਥਲ ਪੁੱਥਲ ਹੋ ਗਈ।

ਹਿੰਦੂ : ਮੈਨੂੰ ਧਰਤੀ ਤੇ ਖਲੋਣਾ ਮੁਸ਼ਕਲ ਹੋ ਗਿਆ।

ਧੱਮ ਧੱਮ ਦੀ ਬੱਦਲ ਗਰਜਨ ਵਾਕੁਨ ਦੀ ਆਵਾਜ਼ ਆਂਦੀ ਹੈ। ਸ਼ੈਤਾਨ ਇੱਕ ਅਤੇ ਸ਼ੈਤਾਨ ਦੋ ਦਾ ਪਰਵੇਸ਼ ਹੁੰਦਾ ਹੈ। ਸੰਗੀਤ ਦੇ ਲੈਅ ਵਿੱਚ ਉਹ ਸਾਧਾਰਨ ਸਿੱਖ ਅਤੇ ਸਾਧਾਰਨ ਹਿੰਦੂ ਦੇ ਚੱਕਰ ਕੱਟਦੇ ਹਨ। ਉਹਨਾਂ ਵਲ ਇਸ ਤਰ੍ਹਾਂ ਦੇਖਦੇ ਹਨ, ਜਿਸ ਤਰ੍ਹਾਂ ਕੋਈ ਸ਼ਿਕਾਰੀ ਮਾਸੂਮ ਸ਼ਿਕਾਰ ਵੱਲ ਵੇਖਦਾ ਹੈ, ਸ਼ੈਤਾਨ (ਇਕ) ਸਾਧਾਰਨ ਸਿੱਖ ਨੂੰ ਨਕੇਲ ਦੀ ਮੁੱਦਰਾ ਵਿਚ ਅਪਣੇ ਵਲ ਖਿੱਚਦਾ ਹੈ ਜਦੋਂ ਕਿ ਸ਼ੈਤਾਨ (ਦੋ) ਸਾਧਾਰਨ ਹਿੰਦੂ ਨੂੰ ਅਪਣੇ ਵਲ ਖਿਚਦਾ ਹੈ। ਦੋਨੋਂ ਸ਼ੈਤਾਨ ਮਾਈਮ ਵਿਚ ਸਾਧਾਰਨ ਸਿੱਖ ਅਤੇ ਸਾਧਾਰਨ ਹਿੰਦੂ ਨੂੰ ਚੁੱਕਦੇ ਹਨ, ਜਿਸ ਤਰ੍ਹਾਂ ਉਹਨਾਂ ਵਿਚ ਨਫਰਤ ਦੀ ਹੱਵਾ ਭਰ ਰਹੇ ਹਨ : ਸਾਧਾਰਨ ਸਿੱਖ ਅਤੇ ਸਾਧਾਰਨ ਹਿੰਦੂ ਦੇ ਚਿਹਰਿਆਂ ਦੇ ਪ੍ਰਭਾਵ ਹੌਲੀ ਹੌਲੀ ਬਦਲਦੇ ਹਨ, ਉਹਨਾਂ ਦੀਆਂ ਅੱਖਾਂ ਵਿਚ ਗੁੱਸਾ ਅਤੇ ਨਫਰਤ ਆ ਜਾਂਦਾ ਹੈ। ਭਿਆਨਕ ਸੰਗੀਤ ਦੀ ਲੈਅ ਵਿਚ ਸ਼ੈਤਾਨ (ਇਕ) ਅਤੇ ਸ਼ੈਤਾਨ (ਦੋ) ਵਡੇ ਵਡੇ ਕਦਮਾਂ ਵਿਚ ਘੁੰਮਦੇ ਵਾਪਸ ਅਪਣੀਆਂ ਥਾਂਵਾਂ ਤੇ ਪੁੱਜ ਜਾਂਦੇ ਹਨ। ਸਾਧਾਰਨ ਸਿੱਖ ਤੇ ਸਾਧਾਰਨ ਹਿੰਦੂ ਹੁਣ ਪਹਿਲੇ ਵਾਲੇ ਸਿੱਖ ਅਤੇ ਹਿੰਦੂ ਨਹੀਂ ਰਹੇ। ਉਹਨਾਂ ਦੇ ਬੋਲਾਂ ਵਿਚ ਹੁਣ ਖਰਵਾਪਨ ਆ ਗਿਆ ਹੈ। ਉਹ ਇਕ ਦੂਜੇ ਵਲ ਗੁਸੇ ਨਾਲ ਵੇਖਦੇ ਹੋਏ ਅਗਲੀ ਵਾਰਤਾਲਾਪ ਸ਼ੁਰੂ ਕਰਦੇ ਹਨ ਜੋ ਪਹਿਲੇ ਲਹਿਜੇ ਤੋਂ ਬਿਲਕੁਲ ਵੱਖਰੀ ਹੈ।

ਸਿੱਖ : ਮੈਂ ਇਕ ਸਿੱਖ ਹਾਂ।

ਹਿੰਦੂ : ਮੈਂ ਇਕ ਹਿੰਦੂ ਹਾਂ।

ਸਿੱਖ : ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਮੇਰੇ ਦਸ ਗੁਰੂ ਹਨ।

ਹਿੰਦੂ : ਰਾਮ ਤੇ ਕ੍ਰਿਸ਼ਨ ਮੇਰੇ ਭਗਵਾਨ ਹਨ।

ਸਿੱਖ : ਮੈਂ ਪੰਜਾਬ ਦਾ ਰਹਿਣ ਵਾਲਾ ਹਾਂ, ਜੋ ਹਿਦੋਂਸਤਾਨ ਦਾ ਇਕ ਹਿੱਸਾ ਹੈ।

ਹਿੰਦੂ : ਮੈਂ ਹਿਦੋਂਸਤਾਨ ਦਾ ਰਹਿਣਵਾਲਾ ਹਾਂ, ਜਿਸ ਵਿਚ ਪੰਜਾਬ ਸ਼ਾਮਲ ਹੈ।

ਸਿੱਖ : ਮੇਰੀ ਮਾਂ ਬੋਲੀ ਪੰਜਾਬੀ ਹੈ। ਹਿੰਦੀ ਮੇਰੀ ਰਾਸ਼ਟਰ ਭਾਸ਼ਾ ਹੋ ਸਕਦੀ ਹੈ।

ਹਿੰਦੂ : ਹਿੰਦੀ ਮੇਰੀ ਰਾਸ਼ਟਰੀ ਭਾਸ਼ਾ ਹੈ, ਪੰਜਾਬੀ ਮੇਰੀ ਮਾਂ ਬੋਲੀ ਹੋ ਸਕਦੀ ਹੈ।

ਸਿੱਖ : ਮੈਨੂੰ ਇਹ ਕਹਿਣ ਵਿਚ ਕੋਈ ਹਿਚੱਕ ਨਹੀਂ ਕਿ ਮੇਰਾ ਹਿੰਦੀ ਨਾਲ ਕੋਈ ਬਹੁਤਾ ਪਿਆਰ ਨਹੀ

ਹਿੰਦੂ : ਮੈਨੂੰ ਇਹ ਕਹਿਣ ਵਿਚ ਕੋਈ ਸ਼ਰਮ ਨਹੀਂ ਕਿ ਮੈਂ ਪੰਜਾਬੀ ਨੂੰ ਕੋਈ ਸਭਿਆ ਭਾਸ਼ਾ ਨਹੀ ਸਮਝਦਾ

ਸਿੱਖ : ਪੰਜਾਬ ਹਿਦੋਂਸਤਾਨ ਨੂੰ ਕਣਕ ਦੇਂਦਾ ਹੈ।

ਹਿੰਦੂ : ਹਿਦੋਂਸਤਾਨ ਪੰਜਾਬ ਨੂੰ ਲੋਹਾ ਦੇਂਦਾ ਹੈ।

ਸਿੱਖ : ਪੰਜਾਬ ਹਿਦੋਂਸਤਾਨ ਨੂੰ ਨਰਮਾ ਦੇਂਦਾ ਹੈ।

ਹਿੰਦੂ : ਹਿਦੋਸਤਾਨ ਪੰਜਾਬ ਨੂੰ ਕੋਲਾ ਦੇਂਦਾ ਹੈ।

ਸਿੱਖ : ਪੰਜਾਬ ਹਿਦੋਂਸਤਾਨ ਨੂੰ ਤੇਲ ਦੇ ਬੀਜ ਦੇਂਦਾ ਹੈ

ਹਿੰਦੂ : ਹਿਦੋਂਸਤਾਨ ਪੰਜਾਬ ਨੂੰ ਮਿੱਟੀ ਦਾ ਤੇਲ ਦੇਂਦਾ ਹੈ

ਸਿੱਖ : ਤੁਸੀ ਸਾਨੂੰ ਆਪਣੀ ਬਹੁ ਗਿਣਤੀ ਨਾਲ ਦਬਾਉਣਾ ਚਾਹੁੰਦੇ ਹੋ।

ਹਿੰਦੂ : ਤੁਸੀ ਸਾਨੂੰ ਆਪਣੀ ਹੱਠ ਧਰਮੀ ਨਾਲ ਝੁਕਾਉਣਾ ਚਾਹੁੰਦੇ ਹੋ।

ਸਿੱਖ : ਤੁਸੀ ਪਸਾਰਵਾਦੀ ਹੋ।

ਹਿੰਦੂ : ਤੁਸੀ ਵੱਖਵਾਦੀ ਹੋ।

ਸਿੱਖ : ਤੁਸੀ ਮੱਕਾਰ ਹੋ।

ਹਿੰਦੂ : ਤੁਸੀ ਉਜੱਡ ਹੋ।

ਸਿੱਖ : ਤੁਸੀ ਧੋਖੇਬਾਜ ਬਾਣੀਏ ਹੋ ।
ਹਿੰਦੂ : ਤੁਸੀ ਹੂੜਮੱਤ ਜੱਟ ਹੋ ।
ਸਿੱਖ : ਸਾਨੂੰ ਸਾਡੇ ਗੁਰੂ ਗੋਬਿੰਦ ਸਿੰਘ ਨੇ ਹੱਕ ਲਈ ਤਲਵਾਰ ਉਠਾਨੀ ਸਿਖਾਈ ਹੈ ।
ਹਿੰਦੂ : ਅਸੀ ਵੀ ਪਰਸ ਰਾਮ ਤੇ ਸ਼ਿਵਾ ਜੀ ਕੋਲੋਂ ਗੁੜਤੀ ਪਾਈ ਹੈ ।
ਸਿੱਖ : ਅਸੀ ਪੰਜਾਬ ਵਿਚ ਤੁਹਾਡਾ ਰਹਿਣਾ ਮੁਸ਼ਕਲ ਕਰ ਦੇਵਾਂਗੇ ।
ਹਿੰਦੂ : ਅਸੀ ਹਰਿਆਨਾ ਵਿਚ ਤੁਹਾਡੀ ਗਿੱਚੀ ਨੱਪ ਲਵਾਂਗੇ
ਸਿੱਖ : ਅਸੀਂ ਮੈਦਾਨ ਵਿਚ ਵੈਰੀਆਂ ਦੇ ਫੱਟੇ ਚੱਕ ਦੇਣੇ ਹਾਂ
ਹਿੰਦੂ : ਮੈਦਾਨ ਵਿਚ ਅਸੀ ਵੀ ਚੂੜੀਆਂ ਪਾ ਕੇ ਨਹੀਂ ਜਾਂਦੇ
ਸਿੱਖ : ਅਸੀਂ 8 ਫਰਵਰੀ ਪੰਜਾਬ ਬੰਦ ਦਾ ਸੱਦਾ ਦਿਤਾ
ਹਿੰਦੂ : ਅਸੀਂ 14 ਫਰਵਰੀ ਦੁਕਾਨ ਬੰਦ ਦਾ ਸੱਦਾ ਦਿਤਾ
ਸਿੱਖ : 8 ਫਰਵਰੀ ਪੰਜਾਬ ਠੱਪ ਸੀ ।
ਹਿੰਦੂ : 14 ਫਰਵਰੀ ਵਪਾਰ ਬੰਦ ਸੀ ।
ਸਿੱਖ : 8 ਫਰਵਰੀ ਕੋਈ ਅਣਸੁਖਾਂਵੀ ਘੱਟਨਾ ਨਹੀਂ ਵਾਪਰੀ ।
ਹਿੰਦੂ : ਇਹ ਹਿੰਦੂਆਂ ਦੀ ਸ਼ਰਾਫਤ ਸੀ ।
ਸਿੱਖ : 14 ਫਰਵਰੀ ਦੰਗੇ ਹੋਏ, ਫਸਾਦ ਹੋਏ ।
ਹਿੰਦੂ : ਇਹ ਸਿਖਾਂ ਦੀ ਸ਼ਰਾਰਤ ਸੀ ।
ਸਿੱਖ : 14 ਫਰਵਰੀ 1984, ਅੰਮ੍ਰਿਤਸਰ ਸਟੇਸ਼ਨ ਤੇ ਦਰਬਾਰ ਸਾਹਿਬ ਦਾ ਮਾਡਲ ਤੋੜਿਆ ਗਿਆ ।
ਹਿੰਦੂ : 14 ਦਸੰਬਰ 1983, ਰਾਮ ਤੀਰਥ ਮੰਦਰ ਵਿਚ ਭਗਵਾਨ ਦੀਆਂ ਮੂਰਤੀਆਂ ਨੂੰ ਕੋਈ ਜੋੜਿਆ ਨਹੀਂ ਗਿਆ ।
ਸਿੱਖ : 14 ਫਰਵਰੀ 1984, ਅੰਮ੍ਰਿਤਸਰ ਸਟੇਸ਼ਨ ਤੇ ਗੁਰੂ ਰਾਮਦਾਸ ਦੀ ਤਸਵੀਰ ਨੂੰ ਫਾੜਿਆ ਗਿਆ ।
ਹਿੰਦੂ : 14 ਦਸੰਬਰ 1983, ਰਾਮਤੀਰਥ ਮੰਦਰ ਵਿਚ ਦੇਵੀ ਦੇਵਤਿਆਂ ਦੀ ਤਸਵੀਰ ਨੂੰ ਸਾੜਿਆ ਗਿਆ ।
ਸਿੱਖ : (ਉੱਚੀ ਸੁੱਰ ਵਿਚ) ਅਸੀਂ ਸਿੱਖ ਹਾਂ ।
ਹਿੰਦੂ : (ਹੋਰ ਉੱਚੀ ਸੁੱਰ ਵਿਚ) ਅਸੀਂ ਹਿੰਦੂ ਹਾਂ ।
ਸਿੱਖ : ਸਾਡੀ ਤੁਹਾਡੇ ਨਾਲ ਕੋਈ ਸਾਂਝ ਨਹੀਂ ।
ਹਿੰਦੂ : ਮੂਰਖਾਂ ਨਾਲ ਸਾਂਝ ਪਾ ਕੇ ਅਸੀਂ ਵੀ ਰਾਜ਼ੀ ਨਹੀਂ ।
ਸਿੱਖ : ਅਸੀਂ ਸਿੱਖ ਹਾਂ ।
ਹਿੰਦੂ : ਅਸੀਂ ਹਿੰਦੂ ਹਾਂ ।

ਦੋਨੋਂ ਲੜਾਈ ਦੀ ਮੁੱਦਰਾ ਵਿਚ ਇਕ ਦੂਜੇ ਨੂੰ ਘੂਰੀਆਂ ਵੱਟਦੇ ਪਿੱਛੇ ਹੱਟਦੇ ਹਨ । ਕਰਫੀਊ ਦੇ ਘੁਗੂ ਦੀ ਆਵਾਜ਼ ਆਂਦੀ ਹੈ । ਲਾਊਡ ਸਪੀਕਰ ਤੇ ਆਵਾਜ਼ 'ਸ਼ਹਿਰ ਗੜਬੜ ਦਾ ਇਲਾਕਾ ਕਰਾਰ ਦੇ ਦਿਤਾ ਗਿਆ ਹੈ । ਖਿਚਾਅ ਵਾਲੇ ਵਾਤਾਵਰਨ ਦਾ ਸੰਗੀਤ ਵਜਦਾ । ਸੁੰਨੀਆਂ ਗਲੀਆਂ ਬਾਜ਼ਾਰਾਂ ਦਾ ਵਿਸਲ ਦਿਤਾ ਜਾਂਦਾ ਹੈ । ਘਰਾਂ ਵਿਚ ਪੱਤੀ ਪਤਨੀ ਦੀ ਵਾਰਤਾਲਾਪ 'ਆਟਾ ਮੁੱਕਿਆ ਹੋਇਆ ਹੈ'— 'ਫੇਰ ਮੈਂ ਕੀ ਕਰਾਂ ?—'ਬਾਜ਼ਾਰ ਜਾਓ'—ਬਾਜ਼ਾਰ ਜਾਕੇ ਗੋਲੀ ਖਾਵਾਂ ?' ਨੋਟ : ਇਸ ਤਰ੍ਹਾਂ ਦੀਆਂ ਹੋਰ ਨਿੱਕੀਆਂ ਨਿੱਕੀਆਂ ਵਾਰਤਾਲਾਪਾਂ ਦੀ ਆਵਾਜ਼ ਪਿੱਠ ਭੂਮੀ ਤੇ ਆਂਦੀ ਰਹਿੰਦੀ ਹੈ, ਜੋ ਕਰਫੀਊ ਦੇ ਵਾਤਾਵਰਨ ਨੂੰ ਸਥਾਪਤ ਕਰਦੀ ਹੈ । ਜਿਸ ਦੌਰਾਨ ਸਾਧਾਰਨ ਹਿੰਦੂ ਅਤੇ ਸਿੱਖ ਫੇਰ ਪਹਿਲੇ ਵਾਲੀ ਸਾਧਾਰਨ ਅੱਵਸਥਾ ਵਿਚ ਆ ਜਾਂਦੇ ਹਨ ।

ਸਿੱਖ—ਸੁਣਾ ਅੱਜ ਕੰਮ ਤੇ ਨਹੀਂ ਗਿਆ ?
ਹਿੰਦੂ—ਤੂੰ ਵੀ ਤੇ ਨਹੀਂ ਗਿਆ ?
ਸਿੱਖ—ਇਸ ਕਰਫੀਊ ਨੇ ਜ਼ਿੰਦਗੀ ਮੁਸ਼ਕਲ ਕਰ ਦਿਤੀ ਏ ।
ਹਿੰਦੂ—ਜਮਾਂ ਕੀਤੀ ਪੂੰਜੀ ਵੀ ਮੁਕਨ ਤੇ ਆਈ ਏ ।
ਸਿੱਖ : ਕੀ ਖਿਆਲ ਏ, ਕੰਮ ਕਦੋ ਤੱਕ ਠੱਪ ਰਹੇਗਾ ?
ਹਿੰਦੂ : ਜਦੋਂ ਤਕ ਝਗੜਾ ਮੁੱਕਦਾ ਨਹੀਂ ।
ਸਿੱਖ : ਪਰ ਝਗੜਾ ਹੈ ਕਾਹਦਾ ?
ਹਿੰਦੂ : ਝਗੜਾ ਇਹੋਏ ਕਿ ਤੂੰ ਸਿੱਖ ਏਂ ਤੇ ਮੈਂ ਹਿੰਦੂ ਆਂ
ਸਿੱਖ : ਪਰ ਅਸੀ ਤਾਂ ਪਹਿਲੇ ਵੀ ਸਿੱਖ ਸਾਂ, ਹਿੰਦੂ ਸਾਂ, ਇਸ ਵਿਚ ਝਗੜਾ ਕਾਹਦਾ ?
ਹਿੰਦੂ : ਝਗੜਾ ਇਹ ਹੈਕਿ ਮੈਂ ਆਖਦਾ ਹਾਂ ਮੈਂ ਹਿਦੋਸਤਾਨ ਦਾ ਰਹਿਣ ਵਾਲਾ ਹਾਂ ਪੰਜਾਬ ਵੀ ਜਿਸਦਾ ਹਿੱਸਾ ਹੈ ਤੇ ਤੂੰ ਆਖਣਾ ਹੈ ਕਿ ਤੂੰ ਪੰਜਾਬ ਦਾ ਰਹਿਣ ਵਾਲਾ ਏ ਜੋ ਹਿੰਦੋਸਤਾਨ 'ਚ ਆਉਂਦਾ ਹੈ । ਯਨੀ ਮੈਂ ਪਹਿਲੇ ਹਿਦੋਂਸਤਾਨ ਦਾ ਨਾ ਲੈਣਾ ਹੈ, ਤੇ ਤੂੰ ਪੰਜਾਬ ਦਾ ਨਾਂ ਲੈਣਾ ਏ ।
ਸਿੱਖ : ਪਰ ਇਸ ਵਿਚ ਝਗੜਾ ਕਾਹਦਾ ਏ ? ਜੇ ਪੰਜਾਬ ਤੱਰਕੀ ਕਰੇਗਾ ਤਾਂ ਹਿਦੋਸਤਾਨ ਤੱਰਕੀ ਕਰੇਗਾ ਜੇ ਹਿਦੋਂਸਤਾਨ ਤਰਕੀ ਕਰੇਗਾ ਤਾਂ ਪੰਜਾਬ ਤਰਕੀ ਕਰੇਗਾ । ਹੋਰ ਝਗੜਾ ਕਾਹਦਾ ਏ ?
ਹਿੰਦੂ : ਤੈਨੂੰ ਨਹੀਂ ਪਤਾ ? ਤੂੰ ਆਪੇ ਆਖਿਆ ਕਰਦਾ ਏ
ਸਿੱਖ : ਕੀ ਆਖਿਆ ਕਰਦਾ ਹਾਂ ?
ਹਿੰਦੂ : ਕਿ ਪੰਜਾਬੀ ਤੇਰੀ ਮਾਂ ਬੋਲੀ ਏ ਤੇ ਹਿੰਦੀ ਤੇਰੀ ਰਾਸ਼ਟਰ ਭਾਸ਼ਾ ਹੋ ਸਕਦੀ ਹੈ
ਸਿੱਖ : ਤੇ ਤੂੰ ਵੀ ਕੁਝ ਇਹੋ ਜਿਹੀ ਗਲ ਆਖਣਾ ਹੋਣਾ ਏ
ਹਿੰਦੂ : ਕੀ ਆਖਦਾ ਹੋਣਾ ਹਾਂ ?
ਸਿੱਖ : ਕਿ ਹਿੰਦੀ ਤੇਰੀ ਰਾਸ਼ਟਰ ਭਾਸ਼ਾਏ ਤੇ ਪੰਜਾਬੀ ਤੇਰੀ ਮਾਂ ਬੋਲੀ ਹੋ ਸਕਦੀ ਏ । ਉਂਝ ਜੇਕਰ ਅਸੀ ਇਹ ਕਹਿ ਦੇਈਏ ਕਿ ਪੰਜਾਬੀ ਸਾਡੀ ਦੋਨਾਂ ਦੀ ਮਾਂ ਬੋਲੀ ਏ ਤੇ ਹਿੰਦੀ ਸਾਡੀ ਰਾਸ਼ਟਰਭ ਸ਼ਾ ਏ ਤਾਂ ਸਾਡੀ ਸੋਹਿਤ

ਨੂੰ ਕੀ ਫਰਕ ਪੈਂਦਾ ਏ ।

ਹਿੰਦੂ : ਕੋਈ ਫਰਕ ਨਹੀਂ ਪੈਂਦਾ

ਸਿੱਖ : ਹੋਰ ਕੀ ਝਗੜਾ ਏ ?

ਹਿੰਦੂ : ਹਿੰਦੋਸਤਾਨ ਪੰਜਾਬ ਦਾ ਇਹ ਇਹਸਾਨ ਨਹੀਂ ਮੰਨਦਾ ਕਿ ਪੰਜਾਬ ਹਿੰਦੋਸਤਾਨ ਨੂੰ ਕਣਕ ਦੇਂਦਾ ਹੈ ਅਤੇ ਪੰਜਾਬ ਹਿੰਦੋਸਤਾਨ ਦੀ ਇਸ ਦੇਣ ਨੂੰ ਕੁਝ ਨਹੀ ਸਮਝਦਾ ਕਿ ਹਿੰਦੋਸਤਾਨ ਤੋਂ ਉਹਨੂੰ ਲੋਹਾ ਤੇ ਕੋਲਾ ਮਿਲਦਾ ਏ

ਸਿੱਖ : ਪਰ ਇਹ ਸਚਾਈ ਏਕਿ ਪੰਜਾਬ ਬਾਕੀ ਹਿੰਦੋਂਤਾਨ ਨੂੰ ਕਣਕ ਦੇਂਦਾ ਏ ਤੇ ਇਹ ਵੀ ਸਚਾਈ ਏ ਕਿ ਲੋਹਾ ਤੇ ਕੋਲਾ ਪੰਜਾਬ ਨੂੰ ਹਿੰਦੋਸਤਾਨ ਦੇ ਦੂਜੇ ਭਾਗਾਂ ਵਿਚੋਂ ਆਂਦਾ ਜੇ ਇਸ ਸਚਾਈ ਨੂੰ ਸਚਾਈ ਕਰਕੇ ਮੰਨ ਲਈਏ ਤਾਂ ਫਰਕ ਕੀ ਪੈਂਦਾ ਏ ?

ਹਿੰਦੂ : ਫਰਕ ਤਾਂ ਕੁਝ ਨਹੀਂ ਪੈਂਦਾ

ਸਿੱਖ : ਇਹ ਗਲ ਹੋਰ ਏ ਯਾਰ !

ਹਿੰਦੂ ; ਉਹ ਕੀ ਗਲ ਏ ?

ਸਿੱਖ : ਅਸੀਂ ਬਹੁਤੇ ਜ਼ਮੀਨਾਂ ਵਾਲੇ ਕਿਸਾਨ ਹਾਂ, ਇਸ ਕਰਕੇ ਅਸੀਂ ਖੇਤੀ ਦਾ ਕੰਮ ਕਰਨਾ ਏ ।

ਹਿੰਦੂ : ਸਾਡੇ ਬਹੁਤਿਆਂ ਕੋਲ ਸਾਡੀ ਪੂੰਜੀ ਹੀ ਏ, ਜਿਸ ਨਾਲ ਅਸੀਂ ਰੁਜ਼ਗਾਰ ਕਮਾਉਣਾ ਹੈ, ਇਸ ਲਈ ਅਸੀਂ ਹੱਟੀਆਂ ਤੇ ਕੰਮ ਕਰਨਾ ਹੈ ।

ਸਿੱਖ : ਅਸੀਂ ਖੇਤੀ ਕਰਨੀ ਏ, ਤੁਸੀਂ ਹੱਟੀ ਕਰਨੀ ਏ, ਬੜੀ ਸਿੱਧੀ ਜਿਹੀ ਗੱਲ ਏ ਫੇਰ ਅਸੀਂ ਕਿਉਂ ਇਕ ਦੂਜੇ ਨੂੰ ਉਜੱਡ ਤੇ ਬਾਣੀਏ ਹੋਣ ਦਾ ਮਿਹਨਾਂ ਦੇਂਦੇ ਹਾਂ ।

ਹਿੰਦੂ : ਹਾਂ ਗੱਲ ਤਾਂ ਬੜੀ ਸਿੱਧੀ ਏ ।

ਸਿੱਖ : ਇਹਦਾ ਮਤਲਬ ਹੋਇਆ ਅਸੀਂ ਸਾਂਝ ਪਾਕੇ ਰਹਿ ਸਕਦੇ ਹਾਂ ।

ਹਿੰਦੂ : ਹਾਂ ਰਹਿ ਸਕਦੇ ਹਾਂ ।

ਸਿੱਖ : ਮੈਂ ਜੇਕਰ ਆਪਣੇ ਦਸਾਂ ਗੁਰੂਆਂ ਦੀ ਬਾਣੀ ਪੜ੍ਹਾਂ ਜਾਂ ਆਪਣਾ ਸਰੂਪ ਦਸਵੇਂ ਗੁਰੂ ਦੇ ਆਦੇਸ਼ ਅਨੁਸਾਰ ਰੱਖ ਲਵਾਂ ਤਾਂ ਤੈਨੂੰ ਕੋਈ ਤਕਲੀਫ ਏ ?

ਹਿੰਦੂ : ਨਹੀਂ ਮੈਨੂੰ ਕੋਈ ਤਕਲੀਫ ਨਹੀਂ, ਨਾਲੇ ਜੇਕਰ ਮੈਂ ਰਾਮਾਇਨ ਜਾਂ ਸ੍ਰੀ ਭਗਵਤ ਗੀਤਾ ਪੜ੍ਹਾਂ ਤੈਨੂੰ ਕੋਈ ਤਕਲੀਫ ਏ ?

ਸਿੱਖ : ਨਹੀਂ ਮੈਨੂੰ ਕੀ ਤਕਲੀਫ ਹੋ ਸਕਦੀ ਏ ?

ਹਿੰਦੂ : ਫੇਰ ਅਸੀਂ ਆਪਸ ਵਿਚ ਲੜਦੇ ਕਿਉਂ ਹਾਂ ? ਇਕ ਦੂਜੇ ਵਿਰੁੱਧ ਨਾਅਰੇ ਕਿਉਂ ਲਗਾਂਦੇ ਹਾਂ ? ਇਕ ਦੂਜੇ ਦਾ ਸਿਰ ਕਿਉਂ ਪਾੜਦੇ ਹਾਂ ? ਇਕ ਦੂਜੇ ਦੀਆਂ ਦੁਕਾਨਾਂ ਕਿਉਂ ਸਾੜਦੇ ਹਾਂ ? ਇਕ ਦੂਜੇ ਨੂੰ ਬੱਸਾਂ ਤੋਂ ਲਾਹ ਕੇ ਕਿਉਂ ਮਾਰਦੇ ਹਾਂ ?

ਸਿੱਖ : ਪਤਾ ਹੀ ਨਹੀਂ ਲਗਦਾ ਤੇ ਅਸੀਂ ਬੈਠੇ ਬਿਠਾਏ ਮੂਰਖ ਹੋ ਜਾਂਦੇ ਹਾਂ ।

ਹਿੰਦੂ : ਅਸੀਂ ਯਾਰ ਹੈਗੇ ਹੀ ਮੂਰਖ ਹਾਂ, ਇਸ ਵਿਚ ਹੁਣ ਕੋਈ ਸ਼ੱਕ ਨਹੀਂ ਰਿਹਾ ।

ਸਿੱਖ : ਮੂਰਖ ਨਾਂ ਹੁੰਦੇ ਤਾਂ ਇਹ ਜ਼ਰੂਰ ਸੋਚਦੇ ਕਿ ਵੀਹਵੀਂ ਸਦੀ ਵਿਚ ਜਦੋਂ ਮਨੁੱਖ ਚੰਨ ਤੇ ਪੁੱਜ ਗਿਆ ਏ ਤਾਂ ਅਸੀਂ ਕੱਚਿਆਂ ਵਿਚ, ਛੱਕੜਾਂ ਵਿਚ ਕਿਉਂ ਪਏ ਜੀਂਦੇ ਹਾਂ ?

ਹਿੰਦੂ : ਹਾਂ ਸਾਨੂੰ ਸੋਚਣਾ ਚਾਹੀਦਾ ਕਿ ਇਹ ਕਿਹੋ ਜਿਹਾ ਸਮਾਜ ਏ, ਜਿਸ ਵਿਚ ਜੋ ਸਾਰਿਆਂ ਨਾਲੋਂ ਵੱਧ ਮੇਹਨਤ ਕਰਦੇ ਨੇ, ਉਹ ਜ਼ਿੰਦਗੀ ਦੀਆਂ ਨਿਆਮਤਾਂ ਤੋਂ ਵਾਂਜੇ ਕਿਉਂ ਨੇ ? ਪਰ ਇਹਦੇ ਨਾਲ ਇਕ ਗੱਲ ਹੋਰ ਵੀ ਸੋਚਣ ਵਾਲੀ ਏ ਯਾਰਾ ।

ਸਿੱਖ : ਉਹ ਕੀ ?

ਹਿੰਦੂ : ਅਸੀਂ ਮੂਰਖ ਹੈਗੇ ਨਹੀਂ, ਸਾਨੂੰ ਮੂਰਖ ਬਣਾਇਆ ਜਾਂਦਾ ਏ ।

ਸਿੱਖ . ਗੱਲ ਤੇ ਸੋਚਣ ਵਾਲੀ ਏ ।

ਹਿੰਦੂ : ਅਸੀਂ ਆਪਣੀ ਰੋਜ਼ ਦੀ ਜ਼ਿੰਦਗੀ ਵਿਚ ਠਿੱਕੀਆਂ ਤੋਂ ਨਿੱਕੀਆਂ ਗੱਲਾਂ ਸਮਝਦੇ ਹਾਂ । ਸਾਨੂੰ ਆਪਣੇ ਵਪਾਰ ਵਿਚ, ਖੇਤੀ ਵਿਚ ਸਭ ਵਾਧੇ ਘਾਟੇ ਦੀ ਸਭ ਖਬਰ ਏ ਫੇਰ ਸਾਨੂੰ ਇਹ ਖਬਰ ਕਿਉਂ ਨਹੀਂ ਰਹਿੰਦੀ ਕਿ ਆਪਸੀ ਲੜਾਈ ਵਿਚ ਘਾਟਾ ਹੀ ਘਾਟਾ ।

ਸਿੱਖ : ਇਹਦਾ ਇਹ ਮਤਲਬ ਹੋਇਆ ਕਿ ਅਸੀਂ ਮੂਰਖ ਨਹੀਂ ।

ਹਿੰਦੂ : ਅਸੀਂ ਹਿਰਫ ਸਾਧਾਰਨ ਲੋਕ ਹਾਂ । ਸਾਡਾ ਕਸੂਰ ਇਹੋ ਏ ਕਿ ਅਸੀਂ ਕਿਸੇ ਵੀ ਹਨੇਰੀ ਵਿਚ ਐਵੇਂ ਕੱਖਾਂ ਤੀਲਿਆਂ ਵਾਕੁਨ ਉਡਨ ਲਗ ਪੈਂਦੇ ਨੇ ।

ਸਿੱਖ : ਜੇ ਅਸੀਂ ਵੀ ਕਾਇਮ ਰਹਿੰਦੇ ਤਾਂ ਇਸ ਤਰ੍ਹਾਂ ਹੁਣ ਹੱਥ ਤੇ ਹੱਥ ਰੱਖ ਕੇ ਨਾ ਬੈਠਦੇ ।

ਹਿੰਦੂ : ਵਪਾਰ ਠੱਪ ਏ, ਵਪਾਰ ਖੁਲ੍ਹੇ ਤੇ ਕੰਮ ਮਿਲੇ ।

ਸਿੱਖ : ਆ ਫੇਰ ਕੁਝ ਸੋਚੀਏ, ਸਿਆਣੇ ਬਣ ਜਾਈਏ ।

ਹਿੰਦੂ : ਹੱਥ ਨਾਲ ਹੱਥ ਮਿਲਾਈਏ ।

ਸਿੱਖ—ਕਹੀਏ ਹਿੰਦੋਸਤਾਨ ਸਾਡਾ ਹੈ ।

ਹਿੰਦੂ : ਕਹੀਏ ਪੰਜਾਬ ਸਾਡਾ ਹੈ ।

ਫੇਰ ਧੱਮ ਧੱਮ ਹੁੰਦੀ ਹੈ ਪਹਿਲੇ ਹੀ ਦ੍ਰਿਸ਼ ਵਾਕੁਨ ਸ਼ੈਤਾਨਾਂ ਦਾ ਪਰਵੇਸ਼ ਹੈ। ਧਰਤੀ ਹਿਲਦੀ ਹੈ, ਜਿਸ ਤਰ੍ਹਾਂ ਭੂਚਾਲ ਆ ਰਿਹਾਂ ਹੈ ਸਾਧਾਰਨ ਸਿੱਖ ਅਤੇ ਹਿੰਦੂ ਪੈਰਾਂ ਤੋਂ ਲੜਖੜਾਂਦੇ ਹਨ। ਡਿੱਗਨ ਲਗਦੇ ਹਨ ਪਰ ਫੇਰ ਇਕ ਦੂਜੇ ਦਾ ਹੱਥ ਪਕੜ ਕੇ ਮਜ਼ਬੂਤ ਹੋ ਜਾਂਦੇ ਹਨ । ਸ਼ੈਤਾਨ ਫੇਰ ਉਹਨਾਂ ਤੇ ਨਕੇਲ ਪਾਉਣਾ ਚਾਹੁੰਦੇ ਹਨ, ਪਰ ਹੁਣ ਉਹ ਸ਼ੈਤਾਨਾਂ

ਦੇ ਫੰਦੇ ਵਿਚ ਨਹੀਂ ਫਸਦੇ । ਸ਼ੈਤਾਨਾਂ ਦੇ ਚਿਹਰਿਆਂ ਦੇ ਪ੍ਰਭਾਵ ਵੀ ਬਦਲਦੇ ਹਨ, ਉਹਨਾਂ ਦੀ ਚਾਲ ਵੀ ਤੇਜ਼ ਹੁੰਦੀ ਹੈ । ਸੰਗੀਤ ਵੀ ਤੇਜ਼ ਹੁੰਦਾ ਹੈ। ਸ਼ੈਤਾਨ ਹੱਫ ਜਾਂਦੇ ਹਨ ਤੇ ਹੌਲੇ ਹੌਲੇ ਭੁੰਜੇ ਲੱਥ ਜਾਂਦੇ ਹਨ। ਸਾਧਾਰਨ ਹਿੰਦੂ ਅਤੇ ਸਿੱਖ ਉਹਨਾਂ ਦੇ ਦੁਆਲੇ ਖੁਸ਼ੀ ਦਾ ਨਾਚ ਕਰਦੇ ਹਨ । ਸੰਗੀਤ ਦੀ ਲੈਅ ਵੀ ਬੱਦਲ ਜਾਂਦੀ ਹੈ !

ਦੋਨੋਂ ਇਕੱਠੇ : ਇਹ ਧਰਤੀ ਸਾਡੀ ਹੈ । ਆਓ ਇਸਨੂੰ ਜੀਣ ਦੇ ਯੋਗ ਬਣਾਈਏ ।

[ਮਸ਼ਾਲ ਦੀ ਮੁੱਦਰਾ ਵਿਚ ਹੱਥ ਉੱਚੇ ਕਰਦੇ ਹਨ ਤੇਂ ਨਾਟਕ ਸਮਾਪਤ ਹੁੰਦਾ ਹੈ ।]

o

ਵਿਚਾਰ ਚਰਚਾ :

# ਵਰਤਮਾਨ ਪ੍ਰਾਦੇਸ਼ਕ ਸਮਸਿਆ ਦਾ ਹਲ

**ਡਾਕਟਰ ਗਣਪਤੀ ਚੰਦਰ ਗੁਪਤ,** ਵੀ. ਸੀ. ਕੁਰੂਕਸ਼ੇਤਰ ਯੂਨੀਵਰਸਟੀ

ਪੰਜਾਬ ਹਰਿਆਣਾ ਦੀ ਸਥਿਤੀ ਦੇ ਹਲ ਬਾਰੇ ਬਹੁਤ ਸਾਰੇ ਸਿਆਸੀ ਆਗੂਆਂ ਵਲੋਂ ਬਿਆਨ ਅਤੇ ਲਿਖਤਾਂ ਆਉਂਦੀਆਂ ਹਨ ! ਬਹੁਤ ਵਾਰੀ ਇਹਨਾਂ ਵਿਚ ਅਪਣੀ ਧਿਰ ਦੀ ਪਾਲਣਾ ਦਾ ਹੀ ਅੰਸ਼ ਹੁੰਦਾ ਹੈ। ਕੁਝ ਚਿਰ ਤੋਂ ਬੁਧੀਜੀਵੀਆਂ ਵਲੋਂ ਵੀ ਇਸ ਸਮਸਿਆ ਬਾਰੇ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਹੋ ਰਿਹਾ ਹੈ। ਪਟਿਆਲਾ ਸਟੱਡੀ ਗਰੁਪ ਦੀਆਂ ਸਰਗਰਮੀਆਂ ਇਹਦੀ ਇਕ ਮਿਸਾਲ ਹਨ । ਇਹ ਹੇਠਲਾ ਲੇਖ ਵੀ ਇਕ ਹੋਰ ਦ੍ਰਿਸ਼ਟੀਕੋਣ ਤੋਂ ਸਾਡਾ ਧਿਆਨ ਮੰਗਦਾ ਹੈ । ਇਹ ਇਕ ਪ੍ਰੈਸ ਰੀਲੀਜ਼ ਦੇ ਰੂਪ ਵਿਚ ਸਾਨੂੰ ਮਿਲਿਆ ਹੈ/ਸੰਪਾਦਕ

ਮੈਂ ਕੁਰੂਕੇਸ਼ਤਰ ਯੂਨੀਵਰਸਿਟੀ ਦੀ ਸਦਾਚਾਰ ਸਮਿਤੀ ਵਲੋਂ ਦੇਸ਼ ਦੇ ਸਾਰੇ ਬੁਧੀਜੀਵੀਆਂ ਅਤੇ ਨਿਰਪੱਖ ਚਿੰਤਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਸਮੇਂ, ਜਦ ਕਿ ਸਮੁੱਚਾ ਰਾਸ਼ਟਰ ਵਿਭਿੰਨ ਰਾਜਨੀਤਕ ਦਲਾਂ ਦੀ ਸ਼ਕਤੀ ਗ੍ਰਹਿਣ ਕਰਨ ਲਈ ਆਪਸੀ ਜਦੋ-ਜਹਿਦ ਕਾਰਣ ਵਿਨਾਸ਼ ਵਲ ਜਾ ਰਿਹਾ ਹੈ ਤਾਂ ਉਹ ਇਸ ਸੰਕਟ ਸਮੇਂ ਅਗੇ ਆ ਕੇ ਜਨਤਾ ਅਤੇ ਵਿਭਿੰਨ ਸਮਾਜਕ, ਸਾਂਸਕ੍ਰਿਤਕ ਅਤੇ ਰਾਜਨੀਤਕ ਸੰਸਥਾਵਾਂ ਨੂੰ ਸਹੀ ਰਸਤਾ ਦਿਖਾਉਣ ।

ਮੈਂ ਉਹਨਾਂ ਦਾ ਧਿਆਨ ਵਿਸ਼ੇਸ਼ ਕਰਕੇ ਪੰਜਾਬ ਅਤੇ ਹਰਿਆਣਾ ਦੀ ਵਰਤਮਾਨ ਸਥਿਤੀ ਵਲ ਦਿਵਾਉਣਾ ਚਾਹੁੰਦਾ ਹਾਂ ਜਿਥੇ ਹਿੰਦੂਆਂ ਤੇ ਸਿੱਖਾਂ ਦੀ ਸਦੀਆਂ ਪੁਰਾਣੀ ਸਦਭਾਵਨਾ ਤੇ ਏਕਤਾ ਨੂੰ ਠੇਸ ਪੁਜ ਰਹੀ ਹੈ ।

ਮੈਂ ਸਮਝਦਾ ਹਾਂ ਤਿ ਇਸ ਸਮੇਂ ਸੰਪਰਦਾਇਕਤਾ ਦਾ ਜੋ ਅੰਨ੍ਹਾ ਹੜ੍ਹ ਆਇਆ ਹੈ, ਕੁਝ ਗਲਤ ਲੋਕਾਂ ਦੀ ਕਰਤੂਤ ਦਾ ਪਰਿਣਾਮ ਹੈ । ਐਸੀ ਸਥਿਤੀ ਵਿਚ ਉਨ੍ਹਾਂ ਸਭ ਸਮਝਦਾਰ ਬੁੱਧੀਮਾਨ ਤੇ ਪੜ੍ਹੇ ਲਿਖੇ ਹਿੰਦੂਆਂ ਤੇ ਸਿੱਖਾਂ ਨੂੰ ਅਗੇ ਆਉਣਾ ਚਾਹੀਦਾ ਹੈ ਅਤੇ ਆਪੋ ਆਪਣੇ ਵਰਗ ਦੇ ਲੋਕਾਂ ਨੂੰ ਇਸ ਸੰਪਰਦਾਇਕ-ਵਹਾਉ ਵਿਚ ਵਹਿਣ ਤੋਂ ਤੇ ਇਸ ਤੋਂ ਗੁੰਮਰਾਹ ਹੋਣ ਤੋਂ ਰੋਕਣਾ ਚਾਹੀਦਾ ਹੈ ।

## ਚੰਡੀਗੜ੍ਹ ਬਾਰੇ ਨਵਾਂ ਫਾਰਮੂਲਾ

ਇਹ ਵੀ ਅਫਸੋਸ ਦੀ ਗੱਲ ਹੈ ਕਿ ਜਦੋਂ ਸਾਰਾ ਭਾਰਤ ਇਕ ਹੈ । ਹਰਿਆਣਾ ਤੇ ਪੰਜਾਬ ਦੋਵੇਂ ਹੀ ਇਸ ਦੇ ਅੰਗ ਹਨ ਤੇ ਫਿਰ ਕਿਸੇ ਇਕ ਸ਼ਹਿਰ ਜਾਂ ਇਕ ਖੇਤਰ ਲਈ ਦੋਹਾਂ ਪ੍ਰਦੇਸ਼ਾਂ 'ਚ ਜਦੋਜਹਿਦ ਚਲ ਰਹੀ ਹੈ। ਸ਼ਹਿਰ ਜਾਂ ਇਕ ਖੇਤਰ ਲਈ ਅਜਿਹੀ ਜਦੋ-ਜਹਿਦ ਸਾਡੀ ਰਾਸ਼ਟਰੀ ਏਕਤਾ ਦੇ ਬਿਲਕੁਲ ਹੀ ਪ੍ਰਤੀਕੂਲ ਹੈ। ਚੰਡੀਗੜ੍ਹ ਅਤੇ ਦੂਜੇ ਇਲਾਕਿਆਂ ਦੀ ਸਮੱਸਿਆ ਕੋਈ ਐਸੀ ਨਹੀਂ, ਜਿਸ ਦਾ ਹਲ ਨਾ ਨਿਕਲ ਸਕਦਾ ਹੋਵੇ । ਮੇਰੇ ਵਿਚਾਰ ਅਨੁਸਾਰ ਚੰਡੀਗੜ੍ਹ ਦੀ ਸਮੱਸਿਆ ਦਾ ਇਕ ਨਵਾਂ ਹਲ ਇਹ ਹੈ ਕਿ ਜਿਵੇਂ ਦਿੱਲੀ ਦੇ ਦੋ ਰੂਪ ਹਨ : ਪੁਰਾਣੀ ਦਿੱਲੀ ਅਤੇ ਨਵੀਂ ਦਿੱਲੀ; ਇਸੇ ਤਰ੍ਹਾਂ ਚੰਡੀਗੜ੍ਹ ਦੇ ਵੀ ਦੋ ਰੂਪ ਤਿਆਰ ਕੀਤੇ ਜਾ ਸਕਦੇ ਹਨ । ਇਕ ਪੁਰਾਣਾ ਚੰਡੀਗੜ੍ਹ ਜੋ ਕਿ ਵਰਤਮਾਨ ਚੰਡੀਗੜ੍ਹ ਹੈ ਅਤੇ ਦੂਜਾ ਨਵਾਂ ਚੰਡੀਗੜ੍ਹ ਜੋ ਉਸ ਦੇ ਆਸ ਪਾਸ ਦੇ ਇਲਾਕਿਆਂ ਨੂੰ ਮਿਲਾ ਕੇ ਤਿਆਰ ਕੀਤਾ ਜਾ ਸਕਦਾ ਹੈ। ਨਵੇਂ ਚੰਡੀਗੜ੍ਹ ਦੇ ਨਿਰਮਾਣ ਲਈ 200 ਕਰੋੜ ਰੁਪਏ ਦੀ ਰਕਮ ਜਾਂ ਜਿਤਨੀ ਵੀ ਰਕਮ ਠੀਕ ਸਮਝੀ ਜਾਵੇ, ਕੇਂਦਰੀ ਸਰਕਾਰ ਦੇ ਸਕਦੀ ਹੈ ਅਤੇ ਇਸ ਤਰ੍ਹਾਂ ਹਰਿਆਣਾ ਤੇ ਪੰਜਾਬ ਦੇ ਸਾਹਮਣੇ ਇਹ ਤਜਵੀਜ਼ ਰਖੀ ਜਾ ਸਕਦੀ ਹੈ ਕਿ ਦੋਹਾਂ ਵਿਚੋਂ ਇਕ ਧਿਰ ਪੁਰਾਣਾ ਚੰਡੀਗੜ੍ਹ ਲੈ ਲਵੇ ਅਤੇ ਦੂਜੀ ਧਿਰ ਚੰਡੀਗੜ੍ਹ ਦੇ ਆਸ-ਪਾਸ ਹੀ ਭਵਿਖ 'ਚ ਤਿਆਰ ਹੋਣ ਵਾਲਾ ਨਵਾਂ ਚੰਡੀਗੜ੍ਹ ਪ੍ਰਵਾਨ ਕਰ ਲਵੇ ਅਤੇ ਇਸ ਦੇ ਨਾਲ ਹੀ ਉਸ ਦੇ ਨਿਰਮਾਣ ਲਈ ਨਿਸਚਿਤ ਭੂਮੀ ਅਤੇ ਰਕਮ ਵੀ ਲੈ ਲਵੇ । ਇਸ ਤਰ੍ਹਾਂ ਹਰਿਆਣਾ ਤੇ ਪੰਜਾਬ ਦੋਵੇਂ ਹੀ ਸੰਤੁਸ਼ਟ ਹੋ ਸਕਣਗੇ। ਅਸਲ ਗੱਲ ਤਾਂ ਇਹ ਹੈ ਕਿ ਹਰਿਆਣੇ ਵਿਚ ਪੰਜਾਬੀਆਂ ਤੇ ਪੰਜਾਬ ਵਿਚ ਹਰਿਆ-ਣਵੀਆਂ ਦੇ ਵਸਣ ਉਤੇ ਕਿਸੇ ਤਰ੍ਹਾਂ ਦੀ ਕੋਈ ਪਾਬੰਦੀ

ਨਹੀਂ । ਦੋਹਾਂ ਪ੍ਰਦੇਸ਼ਾਂ ਵਿਚ ਦੋਹਾਂ ਸਥਾਨਾਂ ਤੇ ਇਲਾਕਿਆਂ ਦੇ ਲੋਕ ਰਹਿ ਸਕਦੇ ਹਨ, ਇਸ ਲਈ ਪੁਰਾਣੇ ਚੰਡੀਗੜ੍ਹ ਤੇ ਨਵੇਂ ਚੰਡੀਗੜ੍ਹ ਦੋਹਾਂ ਵਿਚ ਹੀ ਪੰਜਾਬੀਆਂ ਅਤੇ ਹਰਿਆਣਵੀਆਂ ਨੂੰ ਰਹਿਣ ਦੀ ਖੁਲ੍ਹ ਹੋਣੀ ਚਾਹੀਦੀ ਹੈ, ਜਿਵੇਂ ਦਿੱਲੀ ਦੇ ਆਸ ਪਾਸ ਨਵੀਂ ਦਿੱਲੀ ਵਸ ਗਈ ਹੈ, ਉਸੇ ਤਰ੍ਹਾਂ ਚੰਡੀਗੜ੍ਹ ਦੇ ਕੋਲ ਨਵਾਂ ਚੰਡੀਗੜ੍ਹ ਵਸਾਇਆ ਜਾ ਸਕਦਾ ਹੈ। ਮੇਰੇ ਖਿਆਲ ਅਨੁਸਾਰ ਪੁਰਾਣੇ ਚੰਡੀਗੜ੍ਹ ਦੀ ਥਾਂ ਨਵਾਂ ਚੰਡੀਗੜ੍ਹ ਲੈਣ ਵਾਲਾ ਆਰਥਿਕ ਦ੍ਰਿਸ਼ਟੀ ਤੋਂ ਵੀ ਅਧਿਕ ਲਾਭਵੰਦ ਹੋਵੇਗਾ ਕਿਉਂਕਿ ਇਸ ਨਾਲ ਹਜ਼ਾਰਾਂ ਲੋਕਾਂ ਨੂੰ ਨਵੇਂ ਚੰਡੀਗੜ੍ਹ ਦੇ ਨਿਰਮਾਣ ਦਾ ਕਾਰਜ ਮਿਲੇਗਾ ਅਤੇ ਆਪਣੇ ਪੱਖ ਦੇ ਲੋਕਾਂ ਨੂੰ ਵਸਾਉਣ ਦੀ ਸਮੱਸਿਆ ਦਾ ਹਲ ਕਰਨ ਵਿਚ ਸਹਾਇਤਾ ਮਿਲੇਗੀ ਕਿਉਂਕਿ ਪੁਰਾਣਾ ਚੰਡੀਗੜ੍ਹ ਪੂਰੀ ਤਰ੍ਹਾਂ ਆਬਾਦ ਹੋ ਚੁਕਾ ਹੈ, ਇਸ ਲਈ ਹੋਰ ਨਵੇਂ ਲੋਕਾਂ ਵਸਾਉਣਾ ਕਠਿਨ ਹੈ। ਇੰਜ ਕੀਤਿਆਂ ਇਕ ਧਿਰ ਨੂੰ ਪੂਰੀ ਤਰ੍ਹਾਂ ਆਬਾਦ ਵਰਤਮਾਨ ਚੰਡੀਗੜ੍ਹ ਮਿਲ ਜਾਏਗਾ ਅਤੇ ਦੂਜੀ ਨੂੰ ਨਵਾਂ ਖਾਲੀ ਚੰਡੀਗੜ੍ਹ ਮਿਲ ਸਕੇਗਾ, ਜਿਸ ਵਿਚ ਵਧ ਤੋਂ ਵੱਧ ਨਵੇਂ ਲੋਕਾਂ ਨੂੰ ਵਸਾਉਣ ਦੀ ਗੁੰਜਾਇਸ਼ ਹੋਵੇਗੀ। ਮੇਰਾ ਵਿਸ਼ਵਾਸ ਹੈ ਕਿ ਜੇਕਰ ਇਸ ਫਾਰਮੂਲੇ ਦੀ ਤਜਵੀਜ਼ ਨੂੰ ਮੰਨ ਲਿਆ ਜਾਏ ਤਾਂ ਚੰਡੀਗੜ੍ਹ ਦਾ ਮਸਲਾ ਹਲ ਹੋ ਸਕਦਾ ਹੈ।

ਜਿਥੋਂ ਤੱਕ ਅਬੋਹਰ ਤੇ ਫਾਜ਼ਲਿਕਾ ਅਤੇ ਹੋਰ ਇਲਾਕਿਆਂ ਦਾ ਸਬੰਧ ਹੈ, ਹਰਿਆਣੇ ਨੂੰ ਹਿੰਦੀ ਭਾਸ਼ਾ ਵਾਲੇ ਇਲਾਕੇ ਮਿਲਣੇ ਚਾਹੀਦੇ ਹਨ ਤੇ ਪੰਜਾਬ ਨੂੰ ਪੰਜਾਬੀ ਭਾਸ਼ਾ ਵਾਲੇ ਇਲਾਕੇ ਮਿਲਣੇ ਚਾਹੀਦੇ ਹਨ। ਮੈਂ ਤਾਂ ਸਮਝਦਾ ਹਾਂ ਕਿ ਜੇਕਰ ਅਸੀਂ ਨਿਰਪੱਖ ਹੋ ਕੇ ਦੇਖੀਏ ਤਾਂ ਹਰਿਆਣੇ ਤੇ ਪੰਜਾਬ ਦੇ ਸਭ ਇਲਾਕੇ ਜਿਹਨਾਂ ਵਿਚ ਪੰਜਾਬੀ ਦੀ ਪ੍ਰਮੁਖਤਾ ਹੈ, ਪੰਜਾਬ ਨੂੰ ਮਿਲਣੇ ਚਾਹੀਦੇ ਹਨ ਅਤੇ ਜਿਨ੍ਹਾਂ ਇਲਾਕਿਆਂ ਵਿਚ ਹਿੰਦੀ ਦੀ ਪ੍ਰਮੁਖਤਾ ਹੈ, ਹਰਿਆਣੇ ਨੂੰ ਮਿਲਣੇ ਚਾਹੀਦੇ ਹਨ। ਅਜਿਹਾ ਕਰਨ 'ਚ ਸਾਨੂੰ ਕਿਸੇ ਕਿਸਮ ਦਾ ਸੰਕੋਚ ਨਹੀਂ ਕਰਨਾ ਚਾਹੀਦਾ ਕਿਉਂਕਿ ਆਖਿਰ ਕੋਈ ਇਲਾਕਾ ਹਰਿਆਣੇ ਨੂੰ ਮਿਲੇ ਜਾਂ ਪੰਜਾਬ ਨੂੰ, ਉਹ ਰਹੇਗਾ ਤਾਂ ਸਮੁਚੇ ਭਾਰਤ ਦਾ ਅੰਗ ਹੀ। ਸਾਨੂੰ ਪ੍ਰਦੇਸ਼ਕ ਹਿਤਾਂ ਲਈ ਰਾਸ਼ਟਰੀ ਹਿਤਾਂ ਦੀ ਬਲੀ ਨਹੀਂ ਦੇਣੀ ਚਾਹੀਦੀ। ਇਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕਿਹੜੇ ਇਲਾਕੇ ਨੂੰ ਕਿਵੇਂ ਨਿਸ਼ਚਤ ਕੀਤਾ ਜਾਏ ਕਿ ਕਿਹੜੇ ਇਲਾਕੇ ਵਿਚ ਹਿੰਦੀ ਦੀ ਪ੍ਰਮੁਖਤਾ ਹੈ ਤੇ ਕਿਹੜੇ ਵਿਚ ਪੰਜਾਬੀ ਦੀ? ਇਸ ਦਾ ਹਲ ਦੋ ਤਰੀਕਿਆਂ ਨਾਲ ਹੋ ਸਕਦਾ ਹੈ— ਇਕ ਤਾਂ ਅਸੀਂ ਸੰਨ 1970 ਅਤੇ 1980 ਦੀ ਮਰਦਮ-ਸ਼ੁਮਾਰੀ ਦੀ ਰਿਪੋਰਟ ਨੂੰ ਆਧਾਰ ਬਣਾ ਸਕਦੇ ਹਾਂ। ਉਸ ਤੋਂ ਇਹ ਭਲੀ ਭਾਂਤ ਸਪੱਸ਼ਟ ਹੋ ਸਕਦਾ ਹੈ ਕਿ ਇਸ ਇਲਾਕੇ ਦੇ ਨਿਵਾਸੀਆਂ ਨੇ ਆਪਣੇ ਆਪ ਨੂੰ ਹਿੰਦੀ ਭਾਸ਼ੀ ਦਸਿਆ ਹੈ ਅਤੇ ਕਿਸ ਨੇ ਆਪਣੇ ਆਪ ਨੂੰ ਪੰਜਾਬੀ ਭਾਸ਼ੀ ਦਸਿਆ ਹੈ। ਜੇਕਰ ਇਸ ਗੱਲ ਉਪਰ ਦੋਵੇਂ ਧਿਰਾਂ ਸਹਿਮਤ ਨਾ ਹੋਣ ਤਾਂ ਉਨ੍ਹਾਂ ਝਗੜੇ ਵਾਲੇ ਇਲਾਕਿਆਂ ਵਿਚ ਜਨਮਤ ਕਰਵਾਇਆ ਜਾ ਸਕਦਾ ਹੈ। ਜੇਕਰ ਇਹ ਗੱਲ ਵੀ ਸਵੀਕਾਰ ਨਾ ਹੋਵੇ ਤਾਂ ਤਿੰਨ ਭਾਸ਼ਾਵਾਂ ਦੇ ਐਸੇ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਜਾ ਸਕਦੀ ਹੈ ਜੋ ਕਿ ਝਗੜੇ ਵਾਲੇ ਇਲਾਕਿਆਂ ਦਾ ਸਰਵੇ ਕਰ ਕੇ ਆਪਣੀ ਰੀਪੋਰਟ ਜਲਦੀ ਹੀ ਪੇਸ਼ ਕਰ ਦੇਵੇ ਅਤੇ ਇਸ ਦੇ ਆਧਾਰ ਉਤੇ ਇਸ ਗੱਲ ਦਾ ਨਿਰਣਾ ਕਰ ਲਿਆ ਜਾਏ ਕਿ ਕਿਹੜਾ ਇਲਾਕਾ ਕਿਸ ਨੂੰ ਦਿਤਾ ਜਾਏ।

## ਕੁਲਪਤੀਆਂ ਦੀ ਕਾਨਫਰੰਸ

ਅੰਤ ਉਤੇ ਮੈਂ ਇਹ ਵੀ ਸਮਝਦਾ ਹਾਂ ਕਿ ਇਸ ਸਮੇਂ ਪੰਜਾਬ ਹਰਿਆਣਾ ਵਿਚ ਜੋ ਸੰਪ੍ਰਦਾਇਕਤਾ ਦੀ ਲਹਿਰ ਚਲ ਰਹੀ ਹੈ, ਉਸ ਨੂੰ ਸਮਾਪਤ ਕਰਨ ਲਈ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਦੀਆਂ ਨੌਂ ਯੂਨੀਵਰਸਿਟੀਆਂ ਦੇ ਕੁਲਪਤੀਆਂ ਤੇ ਬੁਧੀਜੀਵੀਆਂ ਨੂੰ ਅਗੇ ਆਉਣਾ ਚਾਹੀਦਾ ਹੈ। ਉਹਨਾਂ ਨੂੰ ਚਾਹੀਦਾ ਹੈ ਕਿ ਇਸ ਸੰਕਟ ਸਮੇਂ ਵਿਚ ਉਹ ਰਾਸ਼ਟਰ ਦਾ ਮਾਰਗ ਦਰਸ਼ਨ ਕਰਨ। ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜ ਸੌ ਪ੍ਰਾਅਧਿਆਪਕ, ਤਿੰਨ ਸੌ ਸੋਧ ਵਿਦਿਆਰਥੀ, ਦੋ ਸੌ ਅਧਿਕਾਰੀ ਭਾਵ ਲਗਪਗ ਇਕ ਹਜ਼ਾਰ ਵਿਅਕਤੀ ਇਸ ਅੱਗ ਨੂੰ ਬੁਝਾਉਣ ਲਈ ਹਰ ਖੇਤਰ 'ਚ ਕਾਰਜ ਕਰਨ ਲਈ ਤਿਆਰ ਹਨ। ਜੇਕਰ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਦੀਆਂ ਦੂਸਰੀਆਂ ਯੂਨੀਵਰਸਿਟੀਆਂ ਵਿਚ ਵੀ ਪ੍ਰਮੁਖ ਵਿਅਕਤੀ ਤਿਆਰ ਹੋ ਜਾਣ ਤਾਂ ਅਸੀਂ ਬਿਨਾਂ ਰਾਜਨੀਤਕਾਂ ਦੀ ਸਹਾਇਤਾ ਦੇ ਇਸ ਸਮੱਸਿਆ ਨੂੰ ਸੁਲਝਾ ਸਕਦੇ ਹਾਂ। ਨਾਲ ਹੀ ਮੈਂ ਇਹ ਵੀ ਸੋਚਿਆ ਹੈ ਕਿ ਇਸ ਸਮੱਸਿਆ ਉਪਰ ਕੇਵਲ ਰਾਜਨੀਤਕ ਦ੍ਰਿਸ਼ਟੀ ਤੋਂ ਵਿਚਾਰ ਕਰਨਾ ਹੀ ਕਾਫੀ ਨਹੀਂ, ਸਗੋਂ ਇਸ ਨੂੰ ਅਕਾਦਮਿਕ ਤੇ ਬੌਧਿਕ ਦ੍ਰਿਸ਼ਟੀ ਤੋਂ ਵੀ ਵਿਚਾਰਿਆ ਜਾ ਸਕਦਾ ਹੈ। o

---

## ਇਕ ਸਪੱਸ਼ਟੀਕਰਨ

'ਸਮਤਾ' (ਫਰਵਰੀ, 84) ਵਿਚ ਗੁਰਬਖਸ਼ ਜੱਸ ਹੁਰਾਂ 'ਵਿਚਾਰ ਚਰਚਾ' ਦੇ ਕਾਲਮ ਅਧੀਨ ਕੇਂਦਰੀ ਸਭਾ ਦੀ ਦਸਵੀਂ ਸਰਵ ਹਿੰਦ ਕਾਨਫਰੰਸ ਵਿਚ ਪੜ੍ਹੇ ਗਏ ਇਕ ਪਰਚੇ ਦਾ ਜ਼ਿਕਰ ਕੀਤਾ ਹੈ। ਪੰਜਾਬੀ ਨਾਟਕ ਉਤੇ ਪੜ੍ਹੇ ਗਏ ਇਸ ਪਰਚੇ ਉਤੇ ਇਤਰਾਜ਼ ਕੀਤਾ ਗਿਆ ਹੈ ਕਿ ਮੈਂ ਉਸ ਵਿਚ ਆਪਣੀ ਅਤੇ ਔਲਖ ਹੁਰਾਂ ਦੀ ਨਾਟ-ਰਚਨਾ ਬਾਰੇ ਵਧੇਰੇ ਵਿਸਥਾਰ ਸਹਿਤ ਲਿਖਿਆ ਹੈ ਅਏ ਕੁਝ ਕੁ ਨਾਟ-ਕਰਮੀਆਂ ਨੂੰ ਘਟ ਜਗ੍ਹਾ ਦਿੱਤੀ ਹੈ। ਮੈਂ ਜੱਸ ਹੁਰਾਂ ਅਤੇ 'ਸਮਤਾ' ਦੇ ਦੂਸਰੇ ਪਾਠਕਾਂ ਦੀ ਜਾਣਕਾਰੀ ਲਈ ਲਿਖ ਰਿਹਾ ਹਾਂ ਕਿ ਉਪਰੋਕਤ ਕਾਨਫਰੰਸ ਵਿਚ ਮੈਂ ਕੋਈ ਪਰਚਾ ਨਹੀਂ ਪੜ੍ਹਿਆ। ਇਹ ਭੁਲੇਖਾ ਨਾਵਾਂ ਦੀ ਸਮਤਾ ਕਾਰਨ ਉਪਜਿਆ ਹੈ। ਅਸਲ ਵਿਚ ਉਪਰੋਕਤ ਪਰਚਾ ਡਾ. ਆਤਮਜੀਤ ਸਿੰਘ ਰੀਡਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪੜ੍ਹਿਆ ਸੀ।

**ਆਤਮਜੀਤ ਸਿੰਘ**

# ਕਾਣੇ

## ਹਰਜਿੰਦਰ ਸਿੰਘ ਸੂਰੇਵਾਲੀਆ

ਬੱਸ ਵਿੱਚ ਸਿਰਫ਼ ਦਸ-ਪੰਦਰਾਂ ਸਵਾਰੀਆਂ ਹੀ ਰਹਿ ਗਈਆਂ ਸਨ। ਬਹੁਤੀਆਂ ਸਵਾਰੀਆਂ ਇਸ ਸ਼ਹਿਰ ਵਿਚ ਉੱਤਰ ਗਈਆਂ ਸਨ। ਸ਼ਾਮ ਨੂੰ ਚੰਡੀਗੜ੍ਹ ਤੋਂ ਚਲੀ ਪੰਜਾਬ ਰੋਡਵੇਜ਼ ਦੀ ਇਹ ਬੱਸ ਰਾਤ ਦੇ ਗਿਆਰਾਂ ਵਜੇ ਇਸ ਸ਼ਹਿਰ ਪਹੁੰਚ ਕੇ ਬੰਦ ਹੋ ਜਾਂਦੀ ਸੀ। ਪਰ ਪਿਛਲੇ ਮਹੀਨੇ ਤੋਂ ਸਾਡੇ ਪਿੰਡਾਂ ਵਿਚੋਂ ਦੀ ਹੁੰਦੀ ਹੋਈ ਇਹ ਬੱਸ ਅਗਲੇ ਸ਼ਹਿਰ ਜਾ ਕੇ ਬੰਦ ਹੋਣ ਲੱਗ ਪਈ ਸੀ।

ਇਸ ਸ਼ਹਿਰ ਤੋਂ ਅਸੀਂ ਪੰਜ ਛੇ ਆਦਮੀ ਹੀ ਬੱਸ ਵਿਚ ਚੜ੍ਹੇ ਸਾਂ। ਕੰਡਕਟਰ ਨੇ ਸਾਰਿਆਂ ਤੋਂ ਪੈਸੇ ਲੈ ਲਏ ਪਰ ਬਿਨਾਂ ਟਿਕਟਾਂ ਕੱਟਿਆਂ ਹੀ ਡਰਾਈਵਰ ਕੋਲ ਇੰਜਨ ਤੇ ਜਾ ਬੈਠਾ।

ਹਨੇਰੇ ਨੂੰ ਚੀਰਦੀ ਹੋਈ ਬੱਸ ਪੂਰੀ ਸਪੀਡ ਤੇ ਜਾ ਰਹੀ ਸੀ। ਪਿਛਾਂਹ ਤੋਂ ਆਈਆਂ ਹੋਈਆਂ ਸਵਾਰੀਆਂ ਨੀਂਦ ਦੇ ਹਿਚਕੋਲੇ ਖਾ ਰਹੀਆਂ ਸਨ।

ਮੇਰੇ ਤੋਂ ਤਿੰਨ ਚਾਰ ਸੀਟਾਂ ਅਗਾਂਹ ਬੈਠਾ ਇਕ ਪੁਲੀਸ ਦਾ ਸਿਪਾਹੀ ਕਾਫੀ ਸਮੇਂ ਤੋਂ ਮੇਰੇ ਵੱਲ ਹੀ ਵੇਖ ਰਿਹਾ ਸੀ। ਉਸਦਾ ਇਸ ਤਰ੍ਹਾਂ ਮੇਰੇ ਵੱਲ ਵੇਖਣਾ ਮੇਰੇ ਅੰਦਰ ਬੇਚੈਨੀ ਪੈਦਾ ਕਰ ਰਿਹਾ ਸੀ।

"ਕਿਤੇ ਮੈਨੂੰ ਇਹ ਅਤਵਾਦੀ ਤਾਂ ਨਹੀਂ ਸਮਝ ਰਿਹਾ?" ਇਹ ਸੋਚ ਕੇ ਮੈਂ ਆਪਣੇ ਮਨ ਅੰਦਰ ਹੀ ਹੱਸਿਆ।

ਤੇ ਫਿਰ ਉਹ ਆਪਣੀ ਸੀਟ ਛੱਡ ਕੇ ਮੇਰੇ ਕੋਲ ਹੀ ਆ ਬੈਠਾ।

ਮੈਂ ਹੋਰ ਵੀ ਹੈਰਾਨ ਹੋ ਗਿਆ ਸਾਂ। "ਤੁਸੀਂ ਕਿਥੇ ਜਾਣੈ?" ਬੈਠਦਿਆਂ ਹੀ ਉਸ ਨੇ ਮੈਨੂੰ ਪੁਛਿਆ।

ਸੋਚਿਆ ਸੀ ਕਿ ਝੂਠ ਬੋਲ ਦੇਵਾਂ ਪਰ ਸੱਚ ਬੋਲਣ ਵਿਚ ਕੋਈ ਹਰਜ਼ ਨਾ ਸਮਝਦਿਆਂ ਮੈਂ ਉਸਨੂੰ ਆਪਣੇ ਪਿੰਡ ਦਾ ਨਾਂ ਦੱਸ ਦਿੱਤਾ।

"ਹੱਛਾ! ਫੇਰ ਤਾਂ ਆਪਾਂ ਕੁਆਂਢੀ ਪਿੰਡਾਂ ਦੇ ਹੀ ਹਾਂ।" ਉਹ ਹੱਸਿਆ ਤੇ ਫੇਰ ਕਹਿਣਾ ਸ਼ੁਰੂ ਕਰ ਦਿੱਤਾ—

"ਬੱਸ ਦੇ ਇਸ ਟਾਈਮ ਦੀ ਬੜੀ ਮੌਜ ਐ। ਮੈਂ ਸ਼ਾਮ ਨੂੰ ਅੱਠ ਵਜੇ ਸਮਰਾਲੇ ਤੋਂ ਚੜ੍ਹਿਆ ਸਾਂ ਤੇ ਰਾਤ ਦੇ ਇਕ ਵਜਦੇ ਤੋਂ ਪਹਿਲਾਂ ਪਹਿਲਾਂ ਘਰੇ ਜਾ ਪਹੁੰਚਾਂਗਾ...।"

ਉਹ ਆਪਣੇ ਬਾਰੇ ਹੀ ਦਸਦਾ ਰਿਹਾ। ਮੇਰੇ ਕੋਲ ਆ ਕੇ ਬੈਠਣ ਦਾ ਉਸਦਾ ਕੀ ਮਕਸਦ ਹੈ? ਇਸਦੀ ਮੈਨੂੰ ਅਜੇ ਤੱਕ ਸਮਝ ਨਹੀਂ ਆਈ ਸੀ।

"ਬਾਈ ਤੈਨੂੰ ਕੰਡਕਟਰ ਨੇ ਟਿਕਟ ਤਾਂ ਨਹੀਂ ਨਾ ਦਿੱਤਾ?" ਉਸਨੇ ਹੁਣ ਮੈਨੂੰ ਬਾਈ ਕਹਿਕੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ ਸੀ।

ਮੈਂ ਨਾਂਹ ਵਿਚ ਸਿਰ ਮਾਰ ਦਿੱਤਾ। ਮੇਰਾ ਭਾਵ ਸੀ ਕਿ ਕੰਡਕਟਰ ਨੇ ਟਿਕਟ ਨਹੀਂ ਦਿੱਤਾ।

"ਇਕ ਤਾਂ ਰਾਤ ਨੂੰ ਉਂਝ ਹੀ ਸਵਾਰੀ ਘੱਟ ਹੁੰਦੀ ਐ ਤੇ ਦੂਜੇ ਇਹ ਟਿਕਟਾਂ ਨਹੀਂ ਕਟਦੇ। ਜੇ ਇਹੀ ਹਾਲ ਰਿਹਾ ਤਾਂ ਹੋ ਸਕਦੈ ਪਹਿਲਾਂ ਵਾਂਗ ਇਹ ਬੱਸ ਪਿਛਲੇ ਸ਼ਹਿਰ ਹੀ ਬੰਦ ਹੋ ਜਾਇਆ ਕਰੇ।"

ਸਿਪਾਹੀ ਨੇ ਤੌਖਲਾ ਪ੍ਰਗਟ ਕੀਤਾ।

"ਬੁਕਿੰਗ ਪੂਰੀ ਨਾ ਹੋਈ ਤਾਂ ਇਹ ਟਾਈਮ ਬੰਦ ਹੋ ਸਕਦੈ।" ਮੈਂ ਵੀ ਹੁੰਗਾਰਾ ਭਰ ਦਿੱਤਾ।

"ਮੈਂ ਤਾਂ ਬਾਈ ਤਾਂ ਹੀ ਤੇਰੇ ਕੋਲ ਉਠ ਕੇ ਆਇਐਂ ਕਿ ਤੂੰ ਕੰਡਕਟਰ ਤੋਂ ਟਿਕਟ ਮੰਗ ਲਵੀਂ।" ਉਸਨੇ ਹੌਲੀ ਜਿਹੀ ਮੈਨੂੰ ਆਖਿਆ।

ਡਰਾਈਵਰ ਤੇ ਕੰਡਕਟਰ ਸ਼ਹਿਰੋਂ ਮੇਰੇ ਸਾਹਮਣੇ ਹੀ ਸ਼ਰਾਬ ਦਾ ਹਾੜਾ ਲਾ ਆਏ ਸਨ। ਇਸ ਲਈ ਮੈਂ ਵੀ ਕੰਡਕਟਰ ਤੋਂ ਟਿਕਟ ਮੰਗਣ ਤੋਂ ਝਿਜਕਦਾ ਸਾਂ। ਇਹ ਬੱਸਾਂ ਵਾਲੇ ਤਾਂ ਦਿਨ ਦਿਹਾੜੇ ਇਕੱਲੀ ਦੁਕੱਲੀ ਸਵਾਰੀ ਦੀ ਬੇਇਜ਼ਤੀ ਕਰਨੋਂ ਨਹੀਂ ਹਟਦੇ ਤੇ ਫਿਰ ਰਾਤ ਨੂੰ ਤਾਂ ਸਵਾਰੀ ਦਾ ਰੱਬ ਹੀ ਰਾਖਾ।

"ਚੱਲ ਫਿਰ ਆਪਾਂ ਦੋਵੇਂ ਹੀ ਉਸਤੋਂ ਟਿਕਟ ਮੰਗ ਲੈਂਦੇ ਹਾਂ।" ਮੈਂ ਉਸਨੂੰ ਆਖਿਆ।

"ਨਹੀਂ ਯਾਰ ਮੈਂ ਤਾਂ ਕੰਡਕਟਰ ਨੂੰ ਕੁਝ ਕਹਿ ਨਹੀਂ ਸਕਦਾ। ਅਸੀਂ ਕਿਹੜਾ ਟਿਕਟ ਲੈਂਦੇ ਹਾਂ? ਅਸੀਂ ਤਾਂ ਆਪ ਕਾਣੇ ਹੁੰਦੇ ਹਾਂ।"

ਮਗਰਲਾ ਵਾਕ ਕਹਿ ਕੇ ਉਹ ਖਸਿਆਣੀ ਜਿਹੀ ਹਾਸੀ ਹੱਸਿਆ ਤੇ ਬਾਰੀ ਵੱਲ ਵੱਧ ਗਿਆ।

ਸ਼ਾਇਦ ਉਸਦਾ ਪਿੰਡ ਵੀ ਆ ਗਿਆ ਸੀ।



ਕੈਨੇਡਾ ਦੇ ਪ੍ਰਸਿੱਧ ਲੇਖਕ **ਸਾਧੂ** ਦਾ ਪਹਿਲਾ ਕਹਾਣੀ ਸੰਗ੍ਰਿਹ **ਕਿਸ ਦਾ ਕਸੂਰ ?**
ਪ੍ਰਕਾਸ਼ਕ—ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ ਮੁੱਲ 3/-

ਕਵਿਤਾ

# ਉਸ ਦਾ ਸਫ਼ਰ

ਨ. ਸਿੰਘ

ਬੜਾ ਅਜੀਬ ਲੱਗਾ
ਬਦਲ ਗਿਆ ਐ
ਉਹ
ਛੋਟੀ ਹੁੰਦੇ ਜਦੋਂ ਅਸੀਂ
ਤਿੰਨ ਕੋਹ ਦੀ ਵਾਟ ਤੇ
ਨੰਗੇ ਪੈਰੀ, ਜੇਠ ਹਾੜ ਦੀ ਧੁਪ
ਪੋਹ ਮਾਘ ਦੇ ਸਿਆਲੀਂ
ਸਕੂਲ ਜਾਂਦੇ ਹੁੰਦੇ ਸੀ
ਕਹਿੰਦਾ ਸੀ ਅਕਸਰ
ਅਫਸਰ ਬਣੂਗਾ ।
ਕਾਰ ਹਊ,
ਲੋਕ ਸਲਾਹਾਂ ਕਰਨਗੇ
ਦੋਸਤਾਂ ਨਾਲ ਸ਼ਰਾਬ ਪੀਊਂ
ਫ਼ਾਟਾਂ ਵਾਲੇ ਪਾਟੇ ਪਜਾਮੇ ਚੋਂ
ਜੋ ਸ਼ਾਇਦ ਗੰਢ ਕੇ ਬਣਿਆ ਸੀ
ਪੈਰਾਂ ਦੀਆਂ ਬੀਆਈਆਂ 'ਚੋਂ
ਸਿਰ ਤੇ ਲਮਕਦੀ ਜੂੰਆਂ 'ਚੋਂ
ਵੀ ਭੁਲੇਖਾ ਨਹੀਂ ਸੀ ਲਗਦਾ
ਖੈਰਮਿਹਨਤੀ ਸੀ ਇਸੇ ਕਰਕੇ ਹੀ

ਤੇ ਜਦ
ਕਾਲਜ ਗਿਆ
ਫਾਂਟਾਂ ਦੇ ਪਜਾਮੇ 'ਚ
ਖੇਸ ਦੀ ਬੁੱਕਲ ਮਾਰੀ
ਟੁੱਟੀ ਹੋਈ ਜੁੱਤੀ ਪਾਈ
ਅਜੀਬ ਹੀ ਲਗਦਾ
ਮੂਹਰੇ ਹੁੰਦਾ
ਸਭ ਤੋਂ ਛੋਟਾ ਹੁੰਦਾ ਵੀ
ਨਾਹਰੇ ਲਾਉਣ ਸਮੇਂ
ਤੇ ਫੀਸਾਂ ਦੀਆਂ
ਤੰਗੀਆਂ ਨੇ ਆ ਨੱਪਿਆ
ਆਸਾਂ ਮਿਟ ਗਈਆਂ
ਕਾਰ, ਕੋਟ, ਪੈਂਟ, ਟਾਈ, ਬੂਟ
ਸਭ ਗੁਆਚ ਗਏ
ਫਿਰ ਉਹ ਸਭ ਭੁੱਲ ਗਿਆ
ਤੇ ਉਹ...
ਸੰਢਿਆਂ ਦਾ ਹਾਲੀ
ਖਾਲਾਂ ਦਾ ਖਾਲੀ
ਵੱਗਾਂ ਦਾ ਪਾਲੀ
ਨਾ ਜੇਠ ਦੀ ਧੁੱਪ ਆਵੇ
ਨਾ ਪੋਹ ਦੀ ਠੰਡ ਖਾਵੇ
ਮਿੱਟੀ 'ਚ ਮਿੱਟੀ
ਮਨੁੱਖ ਨਹੀਂ ਕੋਈ
ਜਾਨਵਰ ਹੀ ਲਗਦਾ
ਪਿੰਡ ਚ ਨਾ ਕਿਸੇ ਨਾਲ ਬੋਲ
ਨਾ ਚਾਲ
ਬੱਸ ਖੇਤ ਤੇ ਫਿਰ ਘਰ
ਦੋ ਹੀ ਡੇਰੇ ਸਨ।
ਪਿੰਡ ਵਿਚ
ਮੁੰਡਿਆਂ ਨੇ ਸਭਾ ਬਣਾਈ
ਉਹ ਵੀ ਪਿੱਛੇ ਨਾ ਰਿਹਾ
ਮੋਹਰੀ 'ਚ ਆ ਗਿਆ
ਪੜ੍ਹਦਾ ਰਹਿੰਦਾ
ਰਾਤ ਦਿਨ
ਰੋਟੀ ਦਾ ਫਿਕਰ ਨਹੀਂ
ਪਸ਼ੂਆਂ ਦਾ ਫਿਕਰ ਨਹੀਂ
ਖੇਤੀ ਦਾ ਫ਼ਿਕਰ ਨਹੀਂ
ਬੱਸ ਮਸਤ ਹੀ ਰਹਿੰਦਾ
ਪੜ੍ਹਾਈ 'ਚ
ਸਭਾ ਟੁੱਟ ਗਈ ਖਿੰਡ ਗਈ
ਸਭ ਛੱਡ ਗਏ
ਇਕ ਇਕ ਕਰਕੇ
ਪਰ ਹਿੰਮਤਾਂ ਦਾ ਪੁਜਾਰੀ
ਪਿਛੇ ਨਾ ਹਟਿਆ
ਜਿਵੇਂ ਕੁਝ ਨਵਾਂ ਮਿਲ ਗਿਆ ਹੋਵੇ
ਜਦੋਂ ਕਦੇ ਮਿਲਦਾ
ਰਾਤ ਬਰਾਤੇ ਲੰਮੀਆਂ ਬਾਤਾਂ ਛੋਹ ਲੈਂਦਾ
ਖਾਦਾਂ ਦੀ ਬਲੈਕ
ਤੇਲ ਦੀ ਹੇਰਾਫੇਰੀ
ਫ਼ਸਲਾਂ ਦੇ ਕੌਡੀਉਂ ਹੌਲੇ ਭਾਅ
ਕਿਰਤ ਦੀਆਂ
ਮੁੜ੍ਹਕੇ ਦੇ ਮੁੱਲ ਦੀਆਂ
ਲੋਕਾਂ ਦੀ ਜ਼ਿੰਦਗੀ ਦੀਆਂ
ਤੇ ਜਮਾਤਾਂ 'ਚ ਵੰਡੇ ਸਮਾਜ ਦੀਆਂ
ਲੋਕਾਂ ਦੇ ਰਾਜ ਦੀਆਂ
ਤੇ ਅਜਿਹੀਆਂ ਗੱਲਾਂ
ਜੋ ਸੰਘੋਂ ਨਹੀਂ ਸੀ ਉਤਰਦੀਆਂ
ਹਥਿਆਰਬੰਦ ਬਗਾਵਤ ਦੀਆਂ
ਤੇ ਆਖਰ ਉਹ ਉਠ ਗਿਆ

ਪਿੰਡ ਛੱਡ ਕੇ
ਪਿੰਡ 'ਚ ਚਰਚਾ ਚੱਲੀ
"ਨਿਕਲ ਗਿਆ
ਵਿਚਾਰੇ ਦਾ ਵਿਆਹ ਨਹੀਂ ਸੀ ਹੁੰਦਾ
ਦਿਮਾਗ 'ਚ ਖਰਾਬੀ ਪੈ ਗਈ ਹੋਊ
ਅਵਾਰਾ ਸੀ।"
ਆਦਿ ਕਈ ਤਰਾਂ
ਪਿਛੇ ਜਹੇ ਆਇਆ
ਮਿਲਿਆ।
ਚੇਹਰੇ ਤੇ ਖਲੀ ਮੁਸਕਾਨ ਸੀ
ਬੜੀਆਂ ਲੰਮੀਆਂ ਕਹਾਣੀਆਂ ਸੁਣਾਉਂਦਾ
ਲੜ ਰਹੇ ਸੰਸਾਰ 'ਚ ਲੋਕਾਂ ਦੀਆਂ
ਕਮਿਊਨਿਜ਼ਮ ਦੀਆਂ
ਇਕ ਪੇਸ਼ਾਵਰ ਇਨਕਲਾਬੀ ਤੌਰ ਤੇ
ਉਹ ਸਭ ਕੁਝ ਛੱਡ ਕੇ
ਸਮਾਜ ਨੂੰ ਬਦਲਣ ਲਈ
ਸਰੀਰ ਵੀ ਦਾਅ ਤੇ ਲਾ ਦਿਤੇ
ਹੁਣ ਪਿੰਡ-2 ਘਰ-2 ਇਸੇ ਦਾ ਹੋਕਾ
ਦਿੰਦਾ ਫਿਰ ਰਿਹਾ
ਟੁੱਟੇ ਹੋਏ ਸਾਇਕਲ ਉਤੇ
ਮੈਂ ਸੋਚਦਾ ਹਾਂ
ਕਿਵੇਂ ਬਦਲ ਗਿਆ
ਕਾਰਾਂ ਤੋਂ ਸੰਡਿਆਂ 'ਚੋਂ ਹੁੰਦਾ
ਟੁੱਟੇ ਸਾਇਕਲ ਤਕ
ਉਸ ਦਾ ਸਫਰ
ਚਿਹਰਾ ਅਜੇ ਵੀ ਘੁੰਮ ਰਿਹਾ ਹੈ
ਗੁੱਸੇ, ਨਫ਼ਰਤ, ਹਲੀਮੀ
ਤੇ ਇਕ ਗੰਭੀਰ ਮਨੁੱਖ ਵਰਗਾ
ਮੈਂ ਹੈਰਾਨ ਸਾਂ
ਉਹ ਕਿੰਨਾ ਬਦਲ ਗਿਆ
ਉਸ ਨੇ ਸਫਰ ਕਿੰਨਾ ਮੁਕਾ ਲਿਆ

o

## ਸਾਥੀ

**ਸੁਖਦੇਵ ਸਿੱਧੂ (ਬੈਡਫੋਰਡ)**

ਸਮਾਂ ਮੰਗ ਕਰਦਾ ਹੈ
ਕਿ ਕੁਝ ਸੋਚਿਆ ਜਾਵੇ
ਰਲ ਬੈਠਿਆ ਜਾਵੇ
ਜੁੜਿਆ ਜਾਵੇ
ਤੇ ਕੁਝ ਕੀਤਾ ਜਾਵੇ
ਕਰਨ ਬਿਨ ਚਾਰਾ ਨਾ ਕੋਈ।
ਲਾ ਕੇ ਕੋਹਲੂ ਗੇੜਾ
ਘਰ ਤੋਂ ਫੈਕਟਰੀਆਂ ਦਾ
ਕੀਤੇ ਨਾ ਜਾਣ
ਜਮਾਂ ਪੌਂਡ ਹੀ
ਸਿੱਖੀ ਜਾਵੇ ਕਰਨੀ
ਉਨਾਂ ਦੀ ਸਾਂਭ ਵੀ
ਕੀਤੀ ਜਾਵੇ ਰਾਖੀ
ਉਨਾਂ ਵਲ ਲਾਈ ਬੈਠੇ ਠੱਗਾਂ
ਦੀ ਕੁਤੇ ਝਾਕ ਤੋਂ।
ਸਮਾਂ ਮੰਗ ਕਰਦਾ ਹੈ
ਕੁਝ ਸੋਚਿਆ ਜਾਵੇ
ਰਲ ਬੈਠਿਆ ਜਾਵੇ
ਜੁੜਿਆ ਜਾਵੇ
ਤੇ ਕੁਝ ਕੀਤਾ ਵੀ ਜਾਵੇ।

ਵਾਰ ਐਤਵਾਰ ਪੀ ਕੇ ਵਿਸਕੀ
ਕਢੇ ਨਾ ਜਾਣ ਮੱਘੇ
ਕੀਤੇ ਨਾ ਜਾਣ ਅੰਦਰ ਕਾਲੇ
ਪੀ ਪੀ ਸਿਗਰਿਟਾਂ
ਦੇਖੀਆਂ ਨਾ ਜਾਣ
ਲੱਚਰ ਫਿਲਮਾਂ
ਸੁਣੇ ਨਾ ਜਾਣ ਲੁਚੇ ਗੀਤ
ਕਰਨ ਨੂੰ ਬੜਾ ਕੁਝ
ਪਿਆ ਹੈ ਬਾਕੀ
ਮਸਲਨ
ਗਾਇਆ ਜਾਵੇ ਜ਼ਿੰਦਗੀ
ਦਾ ਅਸਲ ਗੀਤ
ਦੇਖੀ ਜਾਵੇ ਮਨੁੱਖ ਦੀ
ਲੁੱਟ ਦੀ ਤਵਾਰੀਖੀ ਫਿਲਮ
ਪੀਤਾ ਜਾਵੇ ਜਾਮ
ਲੋਕਤਾ ਦਾ।

ਸਮਾਂ ਮੰਗ ਕਰਦਾ ਹੈ
ਕਿ ਕੁਝ ਸੋਚਿਆ ਜਾਵੇ
ਰਲ ਬੈਠਿਆ ਜਾਵੇ
ਜੁੜਿਆ ਜਾਵੇ
ਤੇ ਕੁਝ ਕੀਤਾ ਵੀ ਜਾਵੇ
ਕਰਨ ਬਿਨ ਚਾਰਾ ਨਾ ਕੋਈ
ਦਸਾਂ ਨਹੁੰਆਂ ਦੀ ਕਮਾਈ ਰੋਟੀ ਨੂੰ
ਖਾਧਾ ਹੀ ਨਾ ਜਾਵੇ
ਮਾਰ ਮਾਰ ਪਚਾਕੇ
ਸੰਘਣੀ ਤਰੀ ਦੇ

ਲਾਏ ਹੀ ਨਾ ਜਾਣ ਸੜ੍ਹਾਕੇ
ਕੀਤੀ ਜਾਵੇ ਇਨਾਂ ਦੀ
ਰਾਖੀ ਵੀ ਉਨ੍ਹਾਂ ਗਿਰਝਾਂ ਤੋਂ
ਜੋ ਤਕਦੀਆਂ ਨੇ
ਕੈਰੀ ਨਜ਼ਰੇ ।
ਤੇ ਸਾਥੀ ਸਮਾਂ ਮੰਗ ਕਰਦਾ ਹੈ
ਕਿ ਸੋਚਿਆ ਜਾਵੇ
ਕੁਝ ਕੀਤਾ ਵੀ ਜਾਵੇ
ਜੁੜਿਆ ਜਾਵੇ
ਤੇ ਕੁਝ ਕੀਤਾ ਵੀ ਜਾਵੇ
ਕਰਨ ਬਿਨ ਚਾਰਾ ਨਾ ਕੋਈ
ਕੀਤਾ ਜਾਵੇ ਜੀਵਨ ਦਾ ਬੀਤੇ
ਤਲਖ ਪਲਾਂ ਦਾ ਹਿਸਾਬ
ਕੀਤੀ ਜਾਵੇ ਸਵੈ-ਪੜਚੋਲ
ਸਿਖਿਆ ਜਾਵੇ ਗ਼ਲਤੀਆਂ ਤੋਂ
ਕੀਤਾ ਜਾਵੇ ਚਾਲ ਨੂੰ
ਤੇਜ਼ ਰਤਾ ਕੁ ਹੋਰ
ਕੀਤਾ ਜਾਵੇ ਲੋਕਾਂ ਨੂੰ
ਹੋਰ ਕਰੀਬ ਕਰੀਬ
ਤੇ ਫੌਰਨ ਲਾਹਿਆ ਜਾਵੇ
ਮੋਢਿਆਂ ਤੋਂ ਮਨਾ ਮਨੀ ਭਾਰ
ਇਸੇ ਲਈ ਤਾਂ ਕਿਹਾ ਹੈ
ਕਿ ਕੁਝ ਸੋਚਿਆ ਜਾਵੇ
ਰਲ ਬੈਠਿਆ ਜਾਵੇ
ਜੁੜਿਆ ਜਾਵੇ ਤੇ ਕੁਝ ਕੀਤਾ ਵੀ ਜਾਵੇ

o

## ਚੰਦ ਅਤੇ ਪਿਤਾ ਜੀ

**ਅਜਮੇਰ 'ਗਿੱਲ'**

ਜਦੋਂ ਵੀ ਪੂਰਨਮਾਸ਼ੀ ਔਂਦੀ ਹੈ
ਜਦੋਂ ਵੀ ਪੂਰਾ ਚੰਦ ਚੜ੍ਹਦਾ ਹੈ
ਮੈਂ ਪਿਤਾ ਜੀ ਨੂੰ ਖੁਸ਼ੀ ਖੁਸ਼ੀ ਦੱਸਦਾ ਹਾਂ
ਉਹ ਉਦਾਸ ਹੋ ਜਾਂਦੇ ਹਨ
ਆਖਦੇ ਹਨ :
ਹੁਣ ਸਾਡੇ ਦੇਸ਼ ਪੂਰਾ ਚੰਦ ਨਹੀਂ ਦਿਸਦਾ
'ਪਰ ਕਿਉਂ?' ਮੈਂ ਪੁਛਦਾ ਹਾਂ
ਉਹ ਦੱਸਦੇ ਹਨ :
ਪੂਰਾ ਚੰਦ ਤਾਂ ਉਦੋਂ ਹੁੰਦਾ ਸੀ
ਜਦੋਂ ਮਾਘਰ ਮਾਛਣ ਭੱਠੀ ਤੇ ਦਾਣੇ ਭੁੰਨਦੀ ਸੀ
ਜਦੋਂ ਬਦਰੂ ਲੁਹਾਰ ਅਹਿਰਨ ਤੇ ਫਾਲੇ ਕੁੱਟਦਾ ਸੀ
ਜਦੋਂ ਮੰਗੂ ਮੋਚੀ ਤਿਲੇਦਾਰ ਜੁਤੀਆਂ ਕੱਢਦਾ ਸੀ
ਜਾਮੂ ਤੇਲੀ ਘਾਣੀਆਂ ਪੀੜਦਾ ਸੀ
ਪੀਰਾਂ-ਦਿੱਤਾ ਵਗ ਛੇੜਦਾ ਸੀ
ਜਦੋਂ ਰਸ਼ੀਦਾਂ ਤੇ ਫਜ਼ਲ ਦੀਨ
ਮਸੀਤ ਵਿਚ ਨਮਾਜ਼ ਪੜਨ ਜਾਂਦੇ ਸਨ
ਹੁਣ ਤਾਂ ਮਸੀਤ ਵੀ ਟੁੱਟ ਚੁੱਕੀ ਹੈ ਅਤੇ ਚੰਦ ਵੀ
ਪੁੱਤਰਾ ! ਅੱਧਾ ਚੰਦ ਪਾਕਿਸਤਾਨ ਚਲਾ ਗਿਆ ਹੈ
ਤੇ ਸਾਡੇ ਕੋਲ ਤਾਂ ਹੁਣ ਅੱਧਾ ਚੰਦ ਹੀ ਬਚਿਆ ਹੈ
ਹੁਣ ਜਦੋਂ ਜਨੂਨੀਆਂ ਹੱਥੋਂ
ਬੇਗੁਨਾਹ ਮੁਸਾਫਰ ਕਤਲ ਹੋਣੇ ਸ਼ੁਰੂ ਹੋਏ ਹਨ
ਤਾਂ ਮੈਂ ਸੋਚਦਾ ਹਾਂ
ਕਿਤੇ ਬਚਦਾ ਅੱਧਾ ਚੰਦ ਵੀ ਟੁੱਟ ਨਾ ਜਾਏ

o

## ਖਾਲਸੇ ਦਾ ਗੁਰੂ ਗੋਬਿੰਦ ਸਿੰਘ ਦੇ ਨਾਂ ਇਕ ਖੱਤ

**ਮਨਜੀਤ ਕਾਦਰ**

ਅੰਤਰ-ਯਾਮੀ ਸੱਚੇ ਪਾਤਸ਼ਾਹ ਜੀਓ !
ਤੁਹਾਨੂੰ ਕਿਹੜੀ ਭੁੱਲ ਐ ?
ਕਿ ਅਸੀਂ ਉੱਨੀ ਸੌ ਤਿਹੱਤਰ ਵਿੱਚ,
ਜੋ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਸੀ ਨਾ
'ਤੇ ਉਸੇ ਨੂੰ ਹੀ ਮੁੜ ਲਾਗੂ ਕੀਤਾ ਗਿਆ,
ਉੱਨੀ ਸੌ ਅੱਸੀ ਵਿਚ ।
ਸ਼ੁਰੂ-ਸ਼ੁਰੂ ਵਿਚ ਤਾਂ ਅਸੀਂ
'ਨਹਿਰ ਰੋਕੋ' ਮੋਰਚਾ ਲਗਾਇਆ
ਜੋ ਅਸਾਡੇ ਧਰਮ-ਯੁੱਧ ਦਾ ਪਹਿਲਾ ਕਦਮ ਸੀ
'ਤੇ ਅੰਦਰ ਖਾਤੇ ਹੀ ਸ਼ੁਰੂ ਕਰ ਦਿਤਾ ਗਿਆ ਸੀ,
ਸਾਡੇ ਨੇਤਾਵਾਂ ਵਲੋਂ ਵੀ ਬੰਦ-ਕਮਰਿਆਂ 'ਚ'
ਗੁਪਤ-ਵਾਰਤਾਵਾਂ ਦਾ ਦੌਰ ।
'ਤੇ ਫੇਰ ਕਈ ਵਾਰੀ ਸਮਝੋਤਿਆਂ ਦੇ,
ਦਰਵਾਜ਼ੇ-ਖੁੱਲੇ,
ਕਈ ਵਾਰੀ ਹੋਏ ਬੰਦ ।
ਸੱਤਾਧਾਰੀ ਨੇਤਾਵਾਂ ਸਮੇਤ ਬਹੁਤ ਸਾਰੇ ਲੋਕਾਂ ਨੇ
ਸਾਡੇ 'ਧਰਮ-ਯੁੱਧ' ਨੂੰ 'ਕੁਰਸੀ-ਯੁੱਧ ਦਾ ਨਾਂ ਦਿਤਾ ।
'ਤੇ ਅੰਤਰ-ਯਾਮੀ ਪਾਤਸ਼ਾਹ ਜੀਓ ।
ਜੇ ਭਲਾ ਇਹ ਧਰਮ-ਯੁੱਧ ਹੀ ਹੁੰਦਾ ਤਾਂ
ਅਸੀਂ ਫਜ਼ੂਲ ਦੀਆਂ ਸੌਦੇ ਬਾਜ਼ੀਆਂ 'ਚ ਕਿਉਂ ਪੈਂਦੇ ?
ਹੁਣ ਤਕ ਪਿੱਠਾਂ ਤੋਂ ਸਰਕੀਆਂ ਕੁਰਸੀਆਂ ਦਾ ਵਿਗੋਚਾ
ਜੋ ਅਸਾਨੂੰ ਚੈਨ ਨਾਲ ਨਹੀਂ ਬਹਿਣ ਦਿੰਦਾ ।
ਰੇਲ ਰੋਕੋ ।
ਜੇਲ੍ਹਾਂ ਭਰੋ ।
ਕੰਮ ਰੋਕੋ ।

ਤੇ ਇਸ ਤਰ੍ਹਾਂ ਲਗਾਇਆ ਰਿਹੈ ਹੈ,
ਮੋਰਚਾ ਦਰ ਮੋਰਚਾ ।
ਜਿਥੇ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਵਲੋਂ ਵੀ,
ਦਾਗੇ ਜਾ ਰਹੇ ਨੇ,
ਵੱਧ ਚੜ੍ਹ ਕੇ ਬਿਆਨਾਂ ਦੇ ਗੋਲੇ,
'ਕਿ ਕਾਨੂੰਨ ਕਿਸੇ ਨੂੰ ਆਪਣੇ ਹੱਥ' ਚ
ਨਹੀਂ ਲੈਣ ਦਿਤਾ ਜਾਵੇਗਾ
ਪਰ ਸੱਚੇ ਪਾਤਸ਼ਾਹ ਜੀਓ !
ਕੋਈ ਇਹਨਾਂ ਨੂੰ ਪੁੱਛਣਵਾਲਾ ਹੋਵੇ ਕਿ
ਕਾਨੂੰਨ ਹੋਰ ਹੁਣ ਸਿਰਫ ਤੁਹਾਡੇ ਹੱਥਾਂ ਵਿਚ ਹੈ,
ਕਾਨੂੰਨ ਦੀਆਂ ਤਾਂ ਅਸੀਂ,
ਉਡਾ ਦਿੱਤੀਆਂ ਨੇ ਧੱਜੀਆਂ ।
'ਤੇ ਉਧਰ ਦੇਸ਼ ਦੀ ਪ੍ਰਧਾਨ-ਮੰਤਰੀ ਨੇ
ਆਰੰਭਿਆ ਹੋਇਆ ਹੈ,
ਸੰਮੇਲਨਾ ਦਾ ਅਟੁਟ-ਸਿਲਸਿਲਾ ।
ਕਦੇ ਗੁਟਲੇਪ-ਦੇਸ਼ਾਂ ਦੀ ਕਾਨਫਰੰਸਾ
ਕਦੇ ਰਾਸ਼ਟਰ-ਮੰਡਲ-ਦੇਸ਼ਾਂ ਦਾ ਸੰਮੇਲਨ ।
ਤੇ ਨਾਲੇ ਹੋਰ ਢੇਰ ਸਾਰੇ ਬਿਦੇਸ਼ੀ-ਦੌਰਿਆਂ ਦਾ ਚੱਕਰ ।
ਇਸ ਅਮਨ-ਲਹਿਰਾਂ ਦੀ ਨਾਇਕਾਂ ਨੂੰ
ਬਿਦੇਸ਼ੀ-ਭੂਮੀ ਤੋਂ ਅੰਗਿਆਰ ਚੁਮਣ ਦਾ,
ਬੜਾ ਹੈ ਫਿਕਰ ।
ਜਦੋਂ ਕਿ ਆਪਣੀ ਧਰਤੀ ਤੇ ਬਲਦੀਆਂ ਲਾਟਾਂ ਨੂੰ,
ਪਰ ਤੱਕ ਰਹੀ ਹੈ ਬਾ-ਮਜ਼ਾ ।
ਤੇ ਉਠਾ ਰਹੇ ਹਾਂ
ਉਸਦੀ ਇਸ ਲਾਪਰਵਾਹੀ ਦਾ
ਖੂਬ ਲਾਭ ਅਸੀਂ ਵੀ ।
ਲੋੜ ਤਾਂ ਇਹੀ ਹੈ ਕਿ ਅਸੀਂ
ਤੁਹਾਡੇ ਵਲੋਂ ਸੰਕਲਪੇ ਆਦਰਸ਼ਾਂ ਤੇ ਚਲੀਏ ।
ਪਰ ਸੱਚੇ ਪਾਤਸ਼ਾਹ ਜੀਉ !
ਸਾਡੇ ਸਿੱਖ-ਧਰਮ ਦੇ ਠੇਕੇਦਾਰ
ਜਥੇਦਾਰਾਂ—ਸੰਤਾਂ—ਮਹੰਤਾਂ ਵਿਚੋਂ
ਆਪਣੇ ਆਪ ਨੂੰ
ਗੁਰੂ-ਘਰ ਦਾ 'ਸੱਚਾ-ਸੇਵਕ' ਅਖਵਾਉਣ ਵਾਲਾ
'ਸੰਤ ਭਿੰਡਰਾਂ-ਵਾਲਾ" ।
ਜੋ ਔਰੰਗਜ਼ੇਬ ਦੇ ਕਿਰਦਾਰ ਨੂੰ
ਪੁਨਰ-ਜੀਵਿਤ ਕਰਨ ਵਿਚ ਖੂਬ ਸਫ਼ਲ ਹੋਇਆ ਹੈ—
ਉਸ ਨੇ ਧਮਕੀ ਦਿਤੀ ਕਿ
ਜੇ ਉਸਦੀ ਚਲ ਰਹੀ
ਜ਼ੁਲਮ ਦੀ ਗਤੀ ਨੂੰ
ਕਿਸੇ ਨੇ ਰੋਕਣ ਦੀ ਗੁਸਤਾਖੀ ਕੀਤੀ ਤਾਂ,
ਉਹ ਇਕੋ ਸਾਹ
5000 ਚਿੜੀਆਂ (ਮਜ਼ਲੂਮਾਂ) ਦਾ ਕਤਲੇਆਮ ਕਰਕੇ·ਹੀ
ਅਗਲਾ ਸਾਹ ਲਵੇਗਾ ।
ਜਿਹਨਾਂ ਨੂੰ ਤੁਹਾਡੇ ਪਿਤਾ ਨੇ,
'ਤੇ ਤੁਸੀਂ ਵੀ ਆਪਣਾ ਸਭੋ ਕੁਝ ਵਾਰਕੇ,
ਜੀਵਤ ਰੱਖਿਆ ਸੀ ।
ਹੁਣ ਉਨ੍ਹਾਂ ਸਮੂਹ-ਚਿੜੀਆਂ ਨੂੰ ਖਤਰਾ ਹੈ,
ਤੁਹਾਡੇ ਸਰਧਾਲੂ 'ਸੰਤ' ਦੇ ਪਾਲਤੂ ਖੂੰਖਾਰ-ਬਾਜ਼ਾਂ ਤੋਂ ।
'ਤੇ ਤੁਹਾਡੇ ਸ਼ਰਧਾਲੂਆਂ 'ਚੋਂ ਹੀ—
ਇਕ ਹੋਰ 'ਸੰਤ' ।
ਇਕ ਹੋਰ 'ਜਥੇਦਾਰ' ।
ਜੋ ਕਿ ਵਾਪਰ ਰਹੇ ਕਤਲ-ਕਾਂਡਾਂ ਦੀ,
ਦੱਬੀ ਜ਼ੁਬਾਨ ਨਾਲ ਜੇਕਰ ਕਰਦੇ ਨੇ ਨਿਖੇਧੀ
ਤਾਂ ਅਗਲੇ ਪਲ ਹੀ ਕਰ ਜਾਂਦੇ ਨੇ ਫਿਰ ਪ੍ਰੋੜਤਾ ਵੀ ।
ਬਖਸ਼ਣਹਾਰ ਸੱਚੇ ਪਾਤਸ਼ਾਹ ਜੀਓ !
ਤੁਹਾਡੇ ਅਜੋਕੇ ਸਿੰਘਾਂ ਨੇ,
ਉੱਚੀ ਮੱਤ ਦੇ ਨਾਲ ਨਾਲ
ਮਨ ਨੂੰ ਵੀ ਉੱਚਿਆਂ ਕਰ ਲਿਆ ਹੈ ।
ਨੀਵੇਂ-ਮਨ ਦੀ ਥਾਂ,
ਨੀਵੇਂ-ਕਿਰਦਾਰ ਨੇ ਲੈ ਲਈ ਹੈ ।
ਹੁਣ ਇਹ ਆਪਣੀਆਂ ਖੋਪਰੀਆਂ ਨਹੀਂ ਲਹਾਉਂਦੇ,
ਸਗੋਂ ਸਿਆਸੀ-ਮੌਸਮਾਂ ਅਨੁਸਾਰ
'ਦਸਤਾਰ' ਦਾ ਰੰਗ ਬਦਲ ਲੈਂਦੇ ਨੇ ?
ਉਂਜ ਇਕ ਅੱਜ ਕੱਲ੍ਹ
ਜੋ ਭੀ ਕਰਦੇ ਨੇ
ਧਰਮ ਦੇ ਨਾਉਂ ਤੇ ਹੀ ਕਰਦੇ ਨੇ ।
ਭਾਵੇਂ ਫਿਰਕੂ-ਅੱਗ ਖਿਲਾਰਨੀ ਹੋਵੇ ।
ਤੇ ਭਾਵੇਂ ਮਜ਼ਲੂਮਾਂ ਦੀ ਖੱਲ, ਉਤਾਰਨੀ ਹੋਵੇ ।
ਸੱਚੇ ਪਾਤਸ਼ਾਹ ਜੀਓ !
ਮੈਂ ਜੁ ਇਹ ਕੌੜਾ ਸੱਚ ਉਗਲਿਆ ਹੈ ।
ਸ਼ਾਇਦ ! ਤੁਹਾਡੇ ਇਹ 'ਚਕਰੀਆ ਖਾਨ-ਰੂਪੀ ਸਿੰਘ,
ਬਰਦਾਸ਼ਤ ਨਹੀਂ ਕਰਨਗੇ ।
ਪਰ ਜਿਥੇ ਇਨ੍ਹਾਂ ਦੇ ਕਾਰਨਾਮਿਆਂ ਨੂੰ ਵੇਖਕੇ,
ਤੁਹਾਡਾ ਅਦਨਾ ਜਿਹਾ ਸਿੰਘ ਚਿੰਤਾਤੁਰ ਹੋਵੇ,
ਉਥੇ ਤੁਸੀਂ ਤਾਂ ਆਪ ਅੰਤਰ-ਯਾਮੀ ਹੋ ?
ਕਿ ਇਨ੍ਹਾਂ ਦੁਸ਼ਟਾਂ ਦਾ ਅੰਤ ਕੀ ਹੋਵੇਗਾ ?
ਤੁਹਾਡੇ ਅਣਖੀਲੇ ਸਿੰਘ,
ਜਿਨ੍ਹਾਂ ਅਜੇ ਬੇਦਾਅਵੇ ਤਾਂ ਨਹੀਂ ਦਿਤੇ ।
ਪਰ ਲੋਕ-ਮੁਕਤੀ ਦੇ ਯੁੱਧ 'ਚ ਸ਼ਾਮਲ ਨਹੀਂ ਹੁੰਦੇ,
ਉਨ੍ਹਾਂ ਨੂੰ ਸੁਮੱਤ ਬਖਸ਼ੋ !
ਜੋ ਕਿ ਅੱਜ ਸਮੇਂ ਦੀ ਲੋੜ ਹੈ ।
o

# ਬੁਧੀਜੀਵੀ

—ਹਰੀ ਪ੍ਰਕਾਸ਼ ਸ਼ਰਮਾ

ਸ਼ੁਰੂ ਅਕਤੂਬਰ ਦੀ ਇਕ ਰਾਤ ਦਾ ਪਿਛਲਾ ਪਹਿਰ। ਸ਼ਾਮੀਂ ਮੀਂਹ ਪੈਣਾ ਸ਼ੁਰੂ ਹੋਇਆ ਤਾਂ ਅੱਧੀ ਰਾਤ ਤੱਕ ਪੈਂਦਾ ਰਿਹਾ। ਮੈਂ ਕਮਰੇ 'ਚੋਂ ਨਿਕਲ ਕੇ ਬਾਹਰ ਦਾ ਜਾਇਜ਼ਾ ਲਿਆ। ਬਰਫ਼ ਵਰਗੀ ਠੰਢੀ ਹਵਾ। ਪੂਰੇ ਦਾ ਪੂਰਾ ਅਸਮਾਨ ਬੱਦਲਾਂ ਪਿਛੇ ਛੁਪਿਆ ਹੋਇਆ ਸੀ। ਇਕ ਵਾਰ ਤਾਂ ਮੇਰਾ ਫੈਸਲਾ ਢਿੱਲਾ ਪੈਣ ਲੱਗਾ। ਜਾਵਾਂ ਜਾਂ ਨਾਂ? ਪਰ ਮਨ ਨੂੰ ਫੇਰ ਸਮਝਾਇਆ। ਹੁਣ ਜਦ ਇੰਨੀ ਤਿਆਰੀ ਕੀਤੀ ਹੈ ਤਾਂ ਥੋੜੇ ਜਿਹੇ ਮੀਂਹ ਕਣੀ ਤੋਂ ਘਬਰਾ ਕੇ ਪਿਛੇ ਮੁੜਣਾ ਠੀਕ ਨਹੀਂ। ਕਮਰੇ 'ਚ ਆ ਕੇ ਆਦਮ-ਕੱਦ ਸ਼ੀਸ਼ੇ 'ਚ ਆਪਣੇ ਆਪ ਨੂੰ ਨਿਹਾਰਿਆ। ਭੇਸ ਵਿਚ ਕੋਈ ਕਮੀਂ ਨਹੀਂ ਸੀ। ਕੋਈ ਗੂੜ੍ਹਾ ਯਾਰ ਦੋਸਤ ਵੀ ਜੇ ਮੈਨੂੰ ਇਕ ਵਾਰੀ ਦੇਖਦਾ ਤਾਂ ਥੋੜ੍ਹੇ ਕੀਤੇ ਪਹਿਚਾਣ ਨਾ ਸਕਦਾ। ਸਿਰ 'ਤੇ ਮੈਲੀ ਮਜ਼ਦੂਰਾਂ ਵਰਗੀ ਮੋਟੀ ਪੱਗ। ਅੱਠ-ਦਿਨਾਂ ਦੀ ਅਣ-ਕਟੀ ਦਾੜ੍ਹੀ। ਮਲੇਸ਼ੀਏ ਦਾ ਮੈਲਾ ਕੁੜਤਾ ਜਿਹਦੀਆਂ ਬਾਹਾਂ ਵਿਚੋਂ ਕੂਹਣੀਆਂ ਝਾਕਦੀਆਂ ਸਨ। ਗੋਡਿਆਂ ਤੱਕ ਮੈਲੀ ਧੋਤੀ। ਪੈਰਾਂ ਵਿਚ ਘਸੀ ਹੋਈ ਪੇਂਡੂ ਜੁੱਤੀ। ਲਿਬਾਸ ਨੇ ਇਕ ਤਰ੍ਹਾਂ ਨਾਲ ਸਮੁੱਚਾ ਵਿਅਕਤੀਤਵ ਹੀ ਬਦਲ ਦਿੱਤਾ ਸੀ। ਬਿਲਕੁਲ ਹੀ ਅਨਪੜ੍ਹ-ਪੇਂਡੂ ਮਜ਼ਦੂਰ ਨਜ਼ਰ ਆਉਂਦਾ ਸੀ।

ਯੂਨੀਵਰਸਿਟੀ ਵਿਚ ਪੰਦਰਾਂ ਦਿਨਾਂ ਦੀਆਂ ਛੁੱਟੀਆਂ ਸ਼ੁਰੂ ਹੋਈਆਂ ਸਨ। ਮੈਂ ਫੈਸਲਾ ਕੀਤਾ ਸੀ ਕਿ ਇਹ ਪੰਦਰਾਂ ਦਿਨ ਇਕ ਤਜਰਬੇ ਦੇ ਰੂਪ ਵਿਚ ਬਿਤਾਵਾਂਗਾ। ਦਿੱਲੀ ਦੀਆਂ ਸੜਕਾਂ 'ਤੇ ਇਕ ਪੇਂਡੂ ਅਨਪੜ੍ਹ ਮਜ਼ਦੂਰ ਦੇ ਰੂਪ ਵਿਚ ਹੋਰ ਮਜ਼ਦੂਰਾਂ ਦੇ ਨਾਲ ਰਵਾਂਗਾ। ਉਹਨਾਂ ਵਿਚ ਘੁਲਮਿਲ ਕੇ ਨੇੜਿਉਂ ਉਹਨਾਂ ਦੇ ਜੀਵਨ ਦਾ ਅਧਿਅਨ ਕਰਾਂਗਾ। ਮਜ਼ਦੂਰੀ ਦੇ ਰੂਪ ਵਿਚ ਜੋ ਕੁਝ ਮਿਲੇਗਾ ਉਹਦੇ ਨਾਲ ਹੀ ਖਰਚਪਾਣੀ ਚਲਾਵਾਂਗਾ। ਮਲੇਸ਼ੀਏ ਦੇ ਕੁੜਤੇ ਥੱਲੇ ਇਕ ਬੰਡੀਨੁਮਾ ਬੁਨੈਣ ਸੀ ਜਿਹਦੀ ਅੰਦਰਲੀ ਜੇਬ ਵਿਚ ਇਕ ਵੱਡੀ ਸਾਰੀ ਡਾਇਰੀ ਦੇ ਸਫ਼ਿਆਂ ਵਿਚਾਲੇ ਸਹਿਜ ਨਾਲ ਇਕ ਇਕ ਰੁਪਏ ਦੇ ਦੋ ਤਿੰਨ ਨੋਟ ਰੱਖ ਲਏ ਸਨ—ਵਕਤ, ਬੇਵਕਤ ਦੀ ਜ਼ਰੂਰਤ ਲਈ। ਬੱਸ।

ਬਾਹਰਲਾ ਫਾਟਕ ਖੋਹਲ ਕੇ ਚੁੱਪ-ਚਾਪ ਗਲੀ ਵਿੱਚ ਆ ਗਿਆ। ਸੱਜੇ ਪਾਸਿਉਂ ਲੈਕੇ ਖੱਬੇ ਮੋੜ ਤੱਕ ਗਲੀ ਸੁੰਨਸਾਨ ਸੀ। ਮੈਂ ਗ਼ਨੀਮਤ ਸਮਝੀ। ਗਲੀ ਪਾਰ ਕਰਕੇ ਖੁੱਲੀ ਸੜਕ। ਉਸੇ ਤਰ੍ਹਾਂ ਸੁੰਨਸਾਨ। ਦੋਹੀਂ ਪਾਸੀਂ ਬਿਜਲੀ ਦੇ ਖੰਭੇ ਕਤਾਰ ਬੰਨ ਕੇ ਖੜੇ ਸਨ ਜਿਹਨਾਂ ਦੀ ਰੋਸ਼ਨੀ ਵਿਚ ਮੀਂਹ ਭਿੱਜੀ ਸੜਕ ਝਿਲਮਿਲਾ ਰਹੀ ਸੀ। ਇਕ ਪਾਸੇ ਕਮੇਟੀ ਦਾ ਇਕ ਵਿਗੜਿਆ ਹੋਇਆ ਨਲਕਾ ਸੀ ਜਿਹੜਾ ਲਗਾਤਾਰ ਸ਼ੂੰ-ਸ਼ੂੰ ਦੀ ਅਵਾਜ਼ ਪੈਦਾ ਕਰੀ ਜਾਂਦਾ ਸੀ।

ਅਗੇ ਜਾ ਕੇ ਮੈਂ ਜਦੋਂ ਚੁਰਸਤੇ ਤੋਂ ਸੜਕ ਬਦਲੀ ਤਾਂ ਸਾਹਮਣਿਓਂ ਦੋ ਪੁਲਸੀਏ ਆਉਂਦੇ ਦਿਸੇ। ਮੇਰਾ ਦਿਲ ਸਹਿਮ ਗਿਆ। ਸਿਪਾਹੀਆਂ ਨੂੰ ਦੇਖ ਕੇ ਨਹੀਂ ਪਰ ਜਿਸ ਤਰਾਂ ਠਿਠਕ ਕੇ ਉਹਨਾਂ ਮੇਰੇ ਵਲ ਘੂਰਿਆ, ਉਸ ਤੋਂ ਡਰ ਲੱਗਾ। ਸਿਰ ਮੁਨਾਉਂਦਿਆਂ ਈ ਕਿਤੇ ਅਹਿਣ ਨਾ ਪੈਣ ਲੱਗ ਪਵੇ। ਚੁੱਪ ਚਾਪ ਸਾਹ ਰੋਕੀ ਤੁਰਿਆ ਗਿਆ। ਮੇਰੇ ਹੁਲੀਏ ਵੱਲ ਦੇਖ ਕੇ ਉਹਨਾਂ ਨੂੰ ਜ਼ਰੂਰ ਹੈਰਾਨੀ ਹੋਈ ਹੋਵੇਗੀ। ਇਦਾਂ ਲਗਦਾ ਸੀ ਪਈ ਹੁਣੇ ਆਵਾਜ਼ ਦੇ ਕੇ ਰੋਕ ਲੈਣਗੇ। ਤਦ ਹੀ ਮੇਰੇ ਬਚਾਅ ਲਈ ਇਕ ਸਕੂਟਰ ਆ ਗਿਆ। ਫੁਰਤੀ ਨਾਲ ਹੱਥ ਮਾਰ ਕੇ ਮੈਂ ਉਹਨੂੰ ਰੋਕਿਆ। ਇਕ ਰੁਪਏ ਦਾ ਇਹ ਖਰਚ ਕਰਨਾ ਮਿਥਿਆ ਨਹੀਂ ਸੀ, ਪਰ ਫੇਰ ਵੀ ਇਹਦੇ ਵਿਚ ਹੀ ਬਚਾਅ ਸਮਝਿਆ।

ਰੇਲਵੇ ਸਟੇਸ਼ਨ—ਤੀਸਰੇ ਦਰਜੇ ਦੇ ਵੇਟਿੰਗ-ਹਾਲ ਦੀ ਇੰਚ ਇੰਚ ਤੇ ਲੋਕ ਸੁਤੇ ਪਏ ਸਨ। ਔਰਤਾਂ, ਮਰਦ, ਬੱਚੇ, ਟਰੰਕ, ਬਿਸਤਰੇ, ਗਠੜੀਆਂ। ਆਉਣ ਜਾਣ ਵਾਲੇ ਰਾਹ ਵੀ ਭਰੇ ਪਏ ਸਨ।...ਇਥੇ ਵੀ ਪੁਲੀਸ ਦੇ ਸਿਪਾਹੀ ਫਿਰਦੇ ਸੀ ਜਿਹੜੇ ਲੋਕਾਂ ਦੇ ਉਪਰ ਦੀ ਟੱਪ ਟੱਪ ਕੇ ਗਸ਼ਤ ਲਾ ਰਹੇ ਸਨ। ਸਾਹਮਣੇ ਕੰਧ ਤੇ ਲੱਗੀ ਘੜੀ 'ਤੇ ਸਾਢੇ ਤਿੰਨ ਵਜੇ ਸਨ। ਬਾਕੀ ਰਹਿੰਦੀ ਰਾਤ ਕਿਤੇ ਸੌਂ ਕੇ ਗੁਜ਼ਾਰੀ ਜਾਵੇ। ਕਲ ਸਵੇਰੇ ਜਦੋਂ ਨਵਾਂ ਦਿਨ ਨਿਕਲੇਗਾ ਉਦੋਂ ਹੀ ਨਵੇਂ ਜੀਵਨ ਦੀ ਸ਼ੁਰੂਆਤ ਕੀਤੀ ਜਾਵੇਗੀ।

...ਹਾਂ, ਉਸ ਖੰਭੇ ਦੇ ਨੇੜੇ ਥੋੜੀ ਗੁੰਜਾਇਸ਼ ਹੈ। ਕਿਸੇ ਨਾ ਕਿਸੇ ਤਰਾਂ ਉਥੇ ਪਹੁੰਚ ਕੇ ਮੈਂ ਸਿਰ ਤੋਂ ਪਗੜੀ ਲਾਹ ਕੇ ਉਹਦਾ ਸਿਰਹਾਣਾ ਬਣਾਇਆ ਤੇ ਗੋਡੇ ਢਿੱਡ ਵਲ ਕੱਠੇ ਕਰਕੇ ਲੰਮਾ ਪੈ ਗਿਆ।

ਸਵੇਰੇ ਅੱਖ ਆਪਣੇ ਆਪ ਹੀ ਨਹੀਂ ਖੁੱਲੀ। ਨਾਲ ਪਏ ਦੀ ਕਿਸੇ ਦੀ ਲੱਤ ਨੇ ਪੁੜਪੁੜੀ 'ਤੇ ਜ਼ੋਰ ਨਾਲ ਵਾਰ ਕਰਕੇ ਮੈਨੂੰ ਜਗ ਇਆ। ਪਾਸਾ ਮਲਦਾ ਉਠਿਆ ਤਾਂ ਦੇਖਿਆ ਕਿ ਸਵੇਰ ਦਾ ਚਾਨਣ ਸਾਰੇ ਪਾਸੇ ਫੈਲਿਆ ਹੋਇਆ ਸੀ। ਲੋਕਾਂ ਦੀ ਚਹਿਲ ਪਹਿਲ ਵੀ ਵਧ ਗਈ ਸੀ। ਬਰਾਂਡੇ ਤੋਂ ਬਾਹਰ ਹਲਕੀ ਹਲਕੀ ਬੂੰਦਾ-ਬਾਂਦੀ ਹੋ ਰਹੀ ਸੀ। ਸੁੱਤੇ ਪਏ ਗੁਆਂਢੀ ਤੇ ਉਹਦੀ ਹਮਲਾ-ਆਵਰ ਲੱਤ ਵੱਲ ਹਕਾਰਤ ਨਾਲ ਦੇਖਦਿਆਂ ਮੈਂ ਉਠ ਖੜਾ ਹੋਇਆ। ਸਿਰ 'ਤੇ ਪਗੜੀ ਬੰਨੀ। ਕਿਥੋਂ ਸ਼ੁਰੂ

ਕੀਤਾ ਜਾਵੇ ?...ਹਾਂ ਠੀਕ ਏ। ਪਹਿਲਾਂ ਜੰਗਲਪਾਣੀ ਜਾਇਆ ਜਾਵੇ ਤੇ ਮੂੰਹ ਹੱਥ ਧੋਤਾ ਜਾਏ ਤੇ ਫੇਰ ਇਕ ਪਿਆਲਾ ਗਰਮ ਚਾਹ ਤੇ ਉਸਤੋਂ ਬਾਅਦ ਮਜ਼ਦੂਰੀ ਦੀ ਭਾਲ ਕੀਤੀ ਜਾਵੇ।

ਪਖਾਨੇ ਤੇ ਲੋਕਾਂ ਦੀ ਭੀੜ ਲੱਗੀ ਹੋਈ ਸੀ। ਬੰਦ ਦਰਵਾਜ਼ਿਆਂ ਦੀ ਇਕ ਲੰਮੀ ਕਤਾਰ। ਤੇ ਇਕ ਦਰਵਾਜ਼ੇ ਅੱਗੇ ਦੋ ਦੋ ਤਿੰਨ ਤਿੰਨ ਬੰਦੇ ਕਤਾਰ ਬਣਾਈ ਖੜੇ ਸਨ।...ਪਖਾਨਿਆਂ ਵਿਚ ਸ਼ਾਇਦ ਪਾਣੀ ਦਾ ਇੰਤਜ਼ਾਮ ਨਹੀਂ ਸੀ। ਦਰਵਾਜ਼ਾ ਖੋਹਲ ਕੇ ਜਿਹੜਾ ਵੀ ਨਿਕਲਦਾ ਉਹ ਧੋਤੀ ਦੀ ਲਾਂਗ ਜਾਂ ਪਜਾਮੇ ਦਾ ਨਾਲਾ ਫੜੀ ਆਉਂਦਾ। ਸਟੇਸ਼ਨ ਤੋਂ ਬਾਹਰ ਘੋੜਿਆਂ ਦੇ ਪਾਣੀ ਪੀਣ ਵਾਲੇ ਥਾਂ ਦੇ ਲਾਗੇ ਬਣੀ ਛੋਟੀ ਜਿਹੀ ਚਲੀ ਵਲ ਚਲੇ ਜਾਂਦੇ। ਮੇਰਾ ਦਿਲ ਸੰਕੋਚ ਨਾਲ ਭਰ ਗਿਆ। ਇਸ ਪਾਖਾਨੇ ਵਿਚ ਮੇਰੇ ਕੋਲੋਂ ਤਾਂ ਨਹੀਂ ਜਾਇਆ ਜਾਣਾ। ਭਾਵੇਂ...ਮੈਂ ਜਦੋਂ ਇਹ ਸੋਚ ਹੀ ਰਿਹਾ ਸੀ ਤਾਂ ਇਕ ਨੀਲੀ ਵਰਦੀ ਵਾਲੇ ਜ਼ਮਾਂਦਾਰ ਨੇ ਆ ਕੇ ਮੇਰੀ ਮੱਦਦ ਕੀਤੀ, 'ਬਾਥਰੂਮ ਚਲਣਾ ਸਾਹਿਬ ?...ਬਿਲਕੁਲ ਸਾਫ ਸੁਥਰਾ...ਪਾਣੀ ਦਾ ਡੱਬਾ ਵੀ ਮਿਲੇਗਾ...ਬਸ ਇਕ ਆਨਾ ਲਗੇਗਾ।"

ਮੈਨੂੰ ਉਹਦੀ ਗੱਲ ਤੇ ਬੜੀ ਹੈਰਾਨੀ ਹੋਈ। ਇਹਨਾਂ ਕਪੜਿਆਂ ਵਿਚ ਕੋਈ 'ਸਾਹਿਬ' ਵਰਗਾ ਲੱਗ ਸਕਦਾ ਹੈ ?...ਪਰ ਅਜੇ ਇਹ ਸੋਚਣ ਦਾ ਮੌਕਾ ਨਹੀਂ ਸੀ। ਫਿਲਹਾਲ ਇਕ ਆਨੇ ਵਾਲਾ ਸੌਦਾ ਮਹਿੰਗਾ ਨਹੀਂ ਸੀ। ਮੈਂ ਜਮਾਦਾਰ ਦੇ ਨਾਲ 'ਸਪੇਸ਼ਲ ਲੈਟ੍ਰੀਨ' ਵੱਲ ਚਲੇ ਗਿਆ।

ਉਧਰੋਂ ਵੇਹਲਾ ਹੋ ਕੇ ਗਰਮ ਚਾਹ ਦਾ ਇਕ ਕੱਪ ਪੀਤਾ। ਮੰਨ ਤੇ ਸਰੀਰ ਤਾਜ਼ਗੀ ਨਾਲ ਭਰ ਗਏ। ਭਰਪੂਰ ਉਮੰਗ ਤੇ ਜੋਸ਼। ਪਲੇਟਫਾਰਮ ਤੇ ਸ਼ਾਇਦ ਕੋਈ ਗੱਡੀ ਆ ਕੇ ਲਗੀ ਸੀ। ਨਵੇਂ ਮੁਸਾਫਰਾਂ ਦਾ ਝੁੰਡ ਗੇਟ ਤੋਂ ਨਿਕਲ ਨਿਕਲ ਬਾਹਰ ਆ ਰਿਹਾ ਸੀ। ਕੋਈ ਨਾ ਕੋਈ ਮਜ਼ਦੂਰੀ ਕਰਨੀ ਹੀ ਚਾਹੀਦੀ ਹੈ। ਸਵੇਰ ਦਾ ਤਿੰਨ ਆਨੇ ਖਰਚ ਕਰ ਚੁੱਕਾ ਸੀ। ਜੇ ਏਦਾਂ ਹੀ ਜੇਬ ਚੋਂ ਖਰਚ ਕਰਦਾ ਰਿਹਾ ਤਾਂ ਇਹ ਪੂੰਜੀ ਤਾਂ ਖਤਮ ਹੋ ਜਾਏਗੀ। ਇਧਰ ਉਧਰ ਨਿਗਾਹ ਦੋੜ੍ਹਾਂਦਾ ਮੈਂ ਭੀੜ ਵਿਚ ਘੁੰਮਣ ਲੱਗਾ। ਕਈ ਮਿੰਟ ਲੰਘ ਗਏ। ਕੁਝ ਸਮਝ ਨਹੀਂ ਸੀ ਆ ਰਹੀ ਕਿ ਕੀ ਕਰਾਂ।

ਉਦੋਂ ਹੀ ਚਿੱਟੀ ਵਰਦੀ ਜਿਹੀ 'ਚ ਇਕ ਸ਼ਖਸ ਮੇਰੇ ਸਾਹਮਣੇ ਆ ਖੜਾ ਹੋਇਆ। ਉਹਦੇ ਹੱਥ ਵਿਚ 'ਵਿਜ਼ਿਟਿੰਗ ਕਾਰਡ' ਵਰਗਾ ਕੁਝ ਸੀ। "ਹੋਟਲ ਚਲਣਾ ਸਾਹਬ ! ਫਸਟ ਕਲਾਸ ਕਮਰਾ। ਬਿਲਕੁਲ ਸਟੇਸ਼ਨ ਦੇ ਨਜ਼ਦੀਕ।"

ਮੈਂ ਹੈਰਾਨੀ ਨਾਲ ਚੌਂਕਿਆ। ਪੂਰੇ ਦਾ ਪੂਰਾ ਹੈਰਾਨੀ ਨਾਲ ਭਰ ਗਿਆ। ਮੈਂ ਮਜ਼ਦੂਰੀ ਕਰਨ ਆਇਆ ਸੀ ? ਲੋਕਾਂ ਦਾ ਸਮਾਨ ਢੋ ਕੇ ਢਿਡ ਭਰਨ ? ਤੇ ਇਹ ਸਮਝਦਾ ਹੈ ਕਿ ਮੈਂ ਹੋਟਲ ਵਿਚ ਰਹਿਣ ਯੋਗ ਹਾਂ। ਕਾਹਲੀ ਨਾਲ ਸਿਰ ਮਾਰ ਕੇ ਮੈਂ ਅੱਗੇ ਲੰਘ ਗਿਆ।

ਹਾਲ ਦੇ ਅੱਗੇ ਬਾਹਰ ਦੀਆਂ ਪੌੜੀਆਂ ਕੋਲ ਪਹੁੰਚਾ ਤਾਂ ਜਿਵੇਂ ਅੱਗ ਤੇ ਘਿਓ ਡੁੱਲ ਗਿਆ ਹੋਵੇ। ਦੋ ਤਿੰਨ ਟੈਕਸੀਆਂ ਵਾਲੇ ਮੇਰੀ ਵੱਲ ਲਪਕੇ "ਟੈਕਸੀ ਸਾਹਿਬ...ਕਿਥੇ ਜਾਣਾ ਹੈ ?" ਮੈਂ ਇਕ ਦਮ ਪਿਛੇ ਮੁੜ ਪਿਆ। ਮੇਰੇ ਜੋਸ਼ ਤੇ ਜਿਵੇਂ ਘੜੇ ਪਾਣੀ ਪੈ ਗਿਆ ਹੋਵੇ। ਜ਼ਰੂਰ ਕੋਈ ਕਮੀ ਰਹਿ ਗਈ ਹੈ। ਨਹੀਂ ਤਾਂ ਮਜ਼ਦੂਰੀ ਕਰਨ ਵਾਲੇ ਬਾਰੇ ਟੈਕਸੀ ਡਰਾਈਵਰ ਕਦੀ ਧੋਖਾ ਨਹੀਂ ਖਾ ਸਕਦੇ। ਚਾਹ ਦੀ ਦੁਕਾਨ ਦੇ ਸਾਹਮਣੇ ਖਲੋ ਕੇ ਮੈਂ ਸ਼ੀਸ਼ੇ ਵਿਚ ਮੈਂ ਆਪਣਾ ਅਕਸ ਦੇਖਿਆ। ਹੁਲੀਏ ਵਿਚ ਤਾਂ ਕੋਈ ਕਸਰ ਨਹੀਂ ਸੀ। ਮੈਂ ਕਈ ਮਜ਼ਦੂਰ ਇਦੂੰ ਵਧੀਆ ਕਪੜੇ ਪਾਉਂਦੇ ਦੇਖੇ ਹਨ। ਫੇਰ ? ਜ਼ਰੂਰ ਕੋਈ ਗੱਲ ਹੈ। ਕੋਈ ਕਮੀ ਜ਼ਰੂਰ ਹੈ। ਹੋਟਲ ਦਾ ਏਜੰਟ ਤੇ ਟੈਕਸੀ ਡਰਾਈਵਰ ਮੇਰੇ ਨਾਲ ਮਖੌਲ ਥੋੜ੍ਹੇ ਕਰਦੇ ਸੀ। ਡੀਲ ਡੌਲ ਤਾਂ ਭਾਵੇਂ ਮਜ਼ਬੂਤ ਸੀ ਜਿਹੜਾ ਇਸ ਲਿਬਾਸ ਵਿਚ ਵੀ ਨਹੀਂ ਸੀ ਛੁਪਿਆ ਪਰ ਕੀ ਮਜ਼ਦੂਰੀ ਕਰਨ ਵਾਲਿਆਂ ਦਾ ਸਰੀਰ ਇਹੋ ਜਿਹਾ ਨਹੀਂ ਹੋ ਸਕਦਾ ? ਮੈਂ ਧਿਆਨ ਨਾਲ ਆਪਣੀ ਸ਼ਕਲ ਦੇਖੀ। ਆਪਣੀ ਵੱਲ ਝਾਕਦੀਆਂ ਆਪਣੀਆਂ ਅੱਖਾਂ ਦੇ ਅਕਸ ਵੱਲ ਦੇਖਿਆ। ਮੈਨੂੰ ਉਹਨਾਂ ਵਿਚ ਇਕ ਵਖਰੇਪਨ ਦੀ ਤਹਿ ਜਿਹੀ ਦਿਖਾਈ ਦਿਤੀ। ਜਿਸ ਸਭਿਆਚਾਰ ਵਿਚ ਮੈਂ ਪਲਿਆ ਸੀ—ਯੂਨੀਵਰਸਿਟੀ ਦੇ ਬੁਧੀਜੀਵੀ ਜੀਵਨ ਦੀ ਤਹਿ, ਉਹਨਾਂ ਸੈਂਕੜੇ ਹਜ਼ਾਰਾਂ ਕਤਾਬਾਂ ਦੀ ਤਹਿ ਜਿਹਨਾਂ ਨੂੰ ਇਹਨਾਂ ਅੱਖਾਂ ਨੇ ਬੂੰਦ ਬੂੰਦ ਕਰਕੇ ਪੀਤਾ ਸੀ। ਇਹ ਤਹਿ ਬਹੁਤ ਮੋਟੀ ਸੀ ਤੇ ਬਾਵਜੂਦ ਇਸ ਲਿਬਾਸ ਦੇ ਵੀ ਛਿਪ ਨਹੀਂ ਸੀ ਰਹੀ।

ਮੇਰਾ ਮੰਨ ਨਿਰਾਸ਼ਾ ਨਾਲ ਭਰ ਗਿਆ। ਨਿਰ-ਉਤਸਾਹਿਤ ਜਿਹਾ ਹੋ ਕੇ ਇਕ ਖੰਭੇ ਦੇ ਸਹਾਰੇ ਬੈਠ ਗਿਆ। ਕੁਝ ਨਾ ਕੁਝ ਤਾਂ ਸੋਚਣਾ ਹੀ ਪਵੇਗਾ। ਲੋਕਾਂ ਦਾ ਸਮੁੰਦਰ ਮੇਰੇ ਚਾਰੇ ਪਾਸੇ ਹਿਲੋਰੇ ਮਾਰ ਰਿਹਾ ਸੀ।

ਕਿੰਨਾ ਸਮਾਂ ਉਥੇ ਬੈਠੇ ਬੈਠੇ ਨਿਕਲ ਗਿਆ। ਹੌਲੀ ਹੌਲੀ ਸਭ ਕੁਝ ਸ਼ਾਂਤ ਹੋਣ ਲਗਾ। ਆਉਣ ਵਾਲੇ ਮੁਸਾਫਰ ਆ ਚੁੱਕੇ ਸਨ ਤੇ ਜਾਣ ਵਾਲੇ ਜਾ ਚੁਕੇ ਸਨ। ਹੁਣ ਸਭ ਚੁੱਪ ਚਾਪ ਹੈ। ਜੋ ਇਧਰ ਉਧਰ ਬੈਠੇ ਹਨ ਉਹਨਾਂ ਨੂੰ ਕਿਤੇ ਜਾਣ ਦੀ ਕਾਹਲੀ ਨਹੀਂ। ਥਾਂ ਥਾਂ ਕੁਲੀਆਂ ਦੇ ਝੁਰਮਟ ਲਗੇ ਹੋਏ ਹਨ। ਸਾਹਮਣੇ ਵਾਲੇ ਟੀ ਸਟਾਲ ਕੋਲ ਰੇਲਵੇ ਦੇ ਬਾਬੂ ਖੜੇ ਹਨ ਤੇ ਜ਼ੋਰ ਜ਼ੋਰ

ਨਾਲ ਕਿਸੇ ਵਿਸ਼ੇ 'ਤੇ ਬਹਿਸ ਕਰ ਰਹੇ ਹਨ। ਉਧਰ ਪੌੜੀਆਂ ਕੋਲ ਕੌਣ ਲੋਕ ਹਨ। ਵਰਦੀ ਵਾਲੇ ਕੁਲੀ ਤਾਂ ਨਹੀਂ ਪਰ ਮਜ਼ਦੂਰ ਜ਼ਰੂਰ ਹਨ—ਲਾਈਸੈਂਸ ਤੋਂ ਬਗੈਰ ਮਜ਼ਦੂਰੀ ਕਰਨ ਵਾਲੇ। ਭਰ ਜਵਾਨੀ 'ਚ ਪੰਜ ਛੇ ਲੜਕੇ। ਹਰ ਕਿਸੇ ਦੇ ਮੂੰਹ 'ਚ ਬੀੜੀ। ਇਹਨਾਂ ਨਾਲ ਮੇਲਜੋਲ ਵਧਾਉਣਾ ਚਾਹੀਦਾ ਹੈ। ਸ਼ਾਇਦ ਕੋਈ ਚੇਲਾ ਬਣਾ ਲਵੇ।

"ਕੀ ਇਥੇ ਮਜ਼ਦੂਰੀ ਮਿਲ ਸਕਦੀ ਹੈ ?" ਨੇੜੇ ਪਹੁੰਚ ਕੇ ਮੈਂ ਪੁਛਿਆ।

"ਹਾਂ ਸਾਹਿਬ। ਕਿਥੇ ਚਲਣਾ ਹੈ ?" ਰਬੜ ਵਰਗੀ ਲਚਕ ਦੇ ਨਾਲ ਉਹਨਾਂ ਵਿਚੋਂ ਇਕ ਲੜਕਾ ਉਠ ਖੜਾ ਹੋਇਆ।

ਮੈਨੂੰ ਫਿਰ ਹੈਰਾਨੀ ਨੇ ਘੇਰ ਲਿਆ। ਫੇਰ ਵੀ ਹੌਂਸਲੇ ਨਾਲ ਕਿਹਾ, "ਚਲਣਾ ਨਹੀਂ ਭਾਈ ਮੈਂ ਤਾਂ ਖੁਦ ਮਜ਼ਦੂਰੀ ਲਈ ਪੁੱਛਦਾ ਹਾਂ..." ਅਤੇ ਫਿਰ ਮੈਂ ਅਟਕ ਅਟਕ ਕੇ ਝੂਠ ਬੋਲਣ ਲੱਗਾ ਕਿ ਕਿਵੇਂ ਤਿੰਨ ਦਿਨ ਪਹਿਲਾਂ ਦਿੱਲੀ ਆਇਆ ਸੀ ਕੰਮ ਦੀ ਭਾਲ ਵਿਚ। ਕੋਈ ਕੰਮ ਕਾਰ ਨਹੀਂ ਮਿਲਿਆ। ਕੋਲੋਂ ਪੈਸੇ ਵੀ ਮੁਕਣ ਵਾਲੇ ਹਨ। ਖਾਸ ਪੜ੍ਹਿਆ ਲਿਖਿਆ ਵੀ ਨਹੀਂ। ਕੋਈ ਵੀ, ਕਿਸੇ ਤਰ੍ਹਾਂ ਦਾ ਵੀ ਕੰਮ ਮਿਲ ਜਾਏ ਕਰਨੇ ਨੂੰ ਤਿਆਰ ਹਾਂ।...

ਜਦੋਂ ਤੱਕ ਮੈਂ ਇਹ ਗੱਲ ਦੱਸੀ, ਬੈਠਿਆਂ ਮੁੰਡਿਆਂ ਚੋਂ ਦੋ ਤਿੰਨ ਉਠ ਕੇ ਨੂੰ ਚਲੇ ਗਏ। ਜਿਹੜੇ ਉਥੇ ਬਚੇ ਉਹ ਮੇਰੀ ਵਲੋਂ ਨਿਗਾਹ ਹਟਾ ਕੇ ਇਕ ਦੂਜੇ ਵਲ ਪਤਾ ਨਹੀਂ ਕਿਹੜੀਆਂ ਨਜ਼ਰਾਂ ਨਾਲ ਦੇਖਣ ਲੱਗੇ। ਮੈਨੂੰ ਇਦਾਂ ਲਗਦਾ ਸੀ ਜਿਵੇਂ ਕਿਸੇ ਇੰਟਰਵਿਊ ਬੋਰਡ ਦੇ ਸਾਹਮਣੇ ਬੈਠਾ ਹੋਵਾਂ ਤੇ ਮੇਰੀ ਕਿਸਮਤ ਦਾ ਫੈਸਲਾ ਹੋਣ ਵਾਲਾ ਹੋਵੇ।

"ਇਥੇ ਕੰਮ ਕੁਮ ਨਹੀਂ ਹੈ ਬਾਬੂ। ਆਪਣੇ ਘਰ ਜਾ..."

"ਲੇਕਿਨ..."

"ਲੇਕਿਨ ਲੁਕਿਨ ਕੁਛ ਨਹੀਂ। ਤੇਰੇ ਭਲੇ ਦੀ ਗੱਲ ਕਰਦੇ ਆਂ। ਘਰੋਂ ਨੱਠੇ ਲੋਕਾਂ ਨੂੰ ਇਥੇ ਪੁਲਿਸ ਫੜ ਲੈਂਦੀ ਹੈ", ਇੰਨਾ ਕਹਿ ਕੇ ਉਹ ਉਠ ਖੜਾ ਹੋਇਆ।

ਮੇਰੀ ਕਿਸਮਤ ਦਾ ਫੈਸਲਾ ਹੋ ਗਿਆ ਸੀ। ਉਥੇ ਬਚਦੇ ਮੁੰਡੇ ਵੀ ਖਿਸਕ ਗਏ। ਮੈਂ ਉਥੇ ਪੌੜੀਆਂ 'ਤੇ ਇਕੱਲਾ ਬੈਠਾ ਰਹਿ ਗਿਆ।...ਹੁਣ ?...ਕੀ ਘਰ ਮੁੜ ਜਾਵਾਂ ?...ਇੰਨੀ ਛੇਤੀ ?...ਇਹ ਤਾਂ ਪੱਕੀ ਗੱਲ ਸੀ ਕਿ ਮੈਂ "ਸਾਬ" ਜਾਂ ਘਰੋਂ ਭੱਜਿਆ ਹੋਇਆ ਭਾਵੇਂ ਲਗਦਾ ਸੀ ਇਕ ਮਜ਼ਦੂਰ ਤਾਂ ਬਿਲਕੁਲ ਨਹੀਂ ਸੀ ਲਗਦਾ।

...ਸ਼ਾਇਦ ਫੇਰ ਕੋਈ ਗੱਡੀ ਆਈ ਹੈ। ਮੁਸਾਫਰਾਂ ਦੀ ਭੀੜ ਅੰਦਰੋਂ ਨਿਕਲ ਨਿਕਲ ਕੇ ਬਾਹਰ ਫੈਲੇ ਦਿੱਲੀ ਸ਼ਹਿਰ ਦੇ ਵਿਸ਼ਾਲ ਢਿੱਡ ਵਿਚ ਸਮਾਈ ਜਾਂਦੀ ਸੀ। ਮੈਂ ਫਿਰ ਬੇ-ਮਤਲਬ ਜਿਹਾ ਘੁੰਮਣ ਲੱਗਾ। ਭੀੜ ਘੁਟਣ ਲੱਗੀ ਤਾਂ ਇਕ ਖੰਭੇ ਦੇ ਸਹਾਰੇ ਫੇਰ ਬੈਠ ਗਿਆ।

ਅਤੇ ਫੇਰ ਅਚਾਨਕ ਮੇਰੀਆਂ ਅੱਖਾਂ ਵਿਚ ਇਕ ਨਵੀਂ ਉਮੀਦ ਚਮਕ ਉਠੀ। ਪੌੜੀਆਂ ਦੇ ਕੋਲ ਅਧਖੜ ਉਮਰ ਦੀ ਇਕ ਔਰਤ ਇਕੱਲੀ ਖੜ੍ਹੀ ਸੀ। ਕੋਲ ਇਕ ਅਟੈਚੀ ਤੇ ਬਿਸਤਰਬੰਦ ਸੀ। ਚਿਹਰੇ 'ਤੇ ਫਿਕਰ ਦੇ ਚਿੰਨ੍ਹ, ਇਹ ਸਮਾਨ ਕਿਤੇ ਲੈ ਕੇ ਜਾਣਾ ਹੈ ? ਮੈਂ ਪੁਛਿਆ।

ਔਰਤ ਨੇ ਮੈਨੂੰ ਉਪਰੋਂ ਥੱਲੇ ਤੱਕ ਧਿਆਨ ਨਾਲ ਦੇਖਿਆ ਤੇ ਫੇਰ ਜਿਵੇਂ ਉਹਦੀ ਤਸੱਲੀ ਹੋ ਗਈ ਹੋਵੇ, "ਹਾਂ ਭਰਾਵਾ, ਕਰੋਲ ਬਾਗ ਜਾਣਾ ਹੈ। ਕੋਈ ਤਾਂਗੇ ਵਾਲਾ ਚੰਗੀ ਤਰ੍ਹਾਂ ਗੱਲ ਈ ਨਹੀਂ ਕਰਦਾ।"

"ਚਲੋ ਮੈਂ ਤੁਹਾਨੂੰ ਬਿਠਾ ਦਿੰਦਾ ਹਾਂ।" ਅਤੇ ਮੈਂ ਇਕ ਹੱਥ ਵਿਚ ਸਮਾਨ ਦੇ ਦੋਵੇਂ ਨਗ ਚੁੱਕ ਲਏ। ਅਗੇ ਅਗੇ ਸਮਾਨ ਚੁੱਕ ਕੇ ਤੁਰਿਆ ਤਾਂ ਜਿਵੇਂ ਪੈਰਾਂ ਨੂੰ ਖੰਭ ਲੱਗ ਗਏ। ਮੰਨ ਖੁਸ਼ੀ ਨਾਲ ਨੱਚਣ ਲੱਗਾ। ਕੌਣ ਕਹਿੰਦਾ ਹੈ ਕਿ ਮੈਂ ਮਜ਼ਦੂਰੀ ਨਹੀਂ ਕਰ ਸਕਦਾ। ਬਸ ਥੋਹੜੇ ਜਿਹੇ ਹੌਂਸਲੇ ਦੀ ਹੀ ਤਾਂ ਗੱਲ ਸੀ...। ਚਾਰ ਆਨੇ ਤਾਂ ਮਿਲਣਗੇ ਹੀ। ਇਕ ਦੋ ਹੋਰ ਮੌਕੇ ਮਿਲ ਗਏ ਤਾਂ ਖਾਣ ਜੋਗੇ ਪੈਸੇ ਤਾਂ ਬਣ ਹੀ ਗਏ ਸਮਝੋ।

...ਤਾਂਗੇ ਵਾਲੇ ਨਾਲ ਗੱਲ ਕਰਨ 'ਚ ਕੋਈ ਔਖਿਆਈ ਨਹੀਂ ਹੋਈ। ਅਟੈਚੀ ਤੇ ਬਿਸਤਰ ਮੈਂ ਚੰਗੀ ਤਰਾਂ ਟਿਕਾ ਕੇ ਰੱਖ ਦਿੱਤਾ। ਔਰਤ ਜਦੋਂ ਪਿਛਲੀ ਸੀਟ ਤੇ ਬੈਠ ਗਈ ਤਾਂ ਮੈਂ ਉਹਦੇ ਸਾਹਮਣੇ ਖੜ ਕੇ ਪੁਛਿਆ, "ਸਮਾਨ ਠੀਕ ਤਾਂ ਲੱਗ ਗਿਆ ਹੈ ਨਾ ?"

"ਹਾਂ ਬੇਟਾ, ਸਭ ਠੀਕ ਹੈ। ਤੂੰ ਬੜੀ ਤਕਲੀਫ ਕੀਤੀ। ਮੈਂ ਤਾਂ ਖੜੀ ਖੜੀ ਥੱਕ ਜਾਂਦੀ।...ਜੀਂਦਾ ਰਹਿ ਪੁੱਤ," ਔਰਤ ਗਦ ਗਦ ਹੋ ਕੇ ਬੋਲੀ। ਜਿਵੇਂ ਉਹਦਾ ਰੋਮ ਰੋਮ ਅਸੀਸ ਦੇ ਰਿਹਾ ਹੋਵੇ।

ਮਜ਼ਦੂਰੀ ਲਈ ਹੱਥ ਵਧਾਇਆ ਵੀ ਨਹੀਂ ਸੀ ਕਿ ਮੇਰੇ ਮੂੰਹੋਂ ਆਪੇ ਨਿਕਲ ਗਿਆ, "ਨਹੀਂ ਮਾਤਾ ਜੀ ਤਕਲੀਫ ਵਾਲੀ ਕਿਹੜੀ ਗੱਲ ਹੈ। ਇਹ ਤਾਂ ਮੇਰਾ ਫਰਜ਼ ਸੀ।"

ਤਾਂਗਾ ਚਲਾ ਗਿਆ ਤਾਂ ਮੇਰੀਆਂ ਅੱਖਾਂ ਅਗੇ ਫੇਰ ਹਨੇਰਾ ਹੋ ਗਿਆ। ਜਿਵੇਂ ਤੁਰੇ ਜਾਂਦੇ ਦੀ ਜੇਬ ਕੱਟੀ ਗਈ ਹੋਵੇ।...ਕੋਈ ਫਾਇਦਾ ਨਹੀਂ।...ਅਤੇ ਅਗਲੇ ਹੀ ਪਲ ਮੈਂ ਲਾਗੇ ਖੜੇ ਸਕੂਟਰ ਵਿਚ ਬਹਿ ਕੇ ਆਪਣੇ ਘਰ ਵਲ ਨੂੰ ਚਲ ਪਿਆ।

ਸਟੇਸ਼ਨ ਦੀ ਘੜੀ 'ਤੇ ਅਜੇ ਸਵੇਰ ਦੇ ਦਸ ਹੀ ਵਜੇ ਸਨ। ०

ਅਨੁਵਾਦ—ਸਾਧੂ

ਕਹਾਣੀ—

# ਗਰਨੇਡ

## ਹਮਦਰਦਵੀਰ ਨੌਸ਼ਹਿਰਵੀ

ਕੋਈ ਇਤਫਾਕ ਨਾ ਹੋ ਸਕਿਆ। ਤਿੰਨਾਂ ਮਾਹਿਰਾਂ ਦੀ ਰਾਏ ਵੱਖ ਵੱਖ ਸੀ।

ਇਕ ਮਾਹਿਰ ਦੀ ਰਾਏ ਸੀ—'ਇਹ ਵਸਤੂ, ਜਿਸ ਬਾਰੇ ਹਾਲੇ ਹੋਰ ਰੀਸਰਚ ਦੀ ਲੋੜ ਹੈ, ਪੱਥਰ ਯੁੱਗ ਨਾਲ ਸਬੰਧ ਰਖਦੀ ਲਗਦੀ ਹੈ। ਇਸ ਵਿਚ ਭਰੇ ਦਾਣੇ ਏਨੇ ਸਖਤ ਹਨ ਕਿ ਬੁਲਡੋਜ਼ਰ ਅਤੇ ਰੋਡ-ਰੋਲਰ ਵੀ ਸ਼ਾਇਦ ਇਹਨਾਂ ਨੂੰ ਫੇਹ ਨਾ ਸਕਣ। ਇਹਨਾਂ ਦਾਣਿਆਂ ਛੋਹ ਅਤਿ ਖਤਰਨ ਕ ਹੈ। ਜੇ ਕੋਈ ਦਾਣਾ ਸ਼ਰੀਰ ਦੇ ਕਿਸੇ ਵੀ ਅੰਗ ਨਾਲ ਛੋਹ ਜਾਵੇ। ਤਾਂ ਸਾਰੇ ਸ਼ਰੀਰ ਦੇ ਪੱਥਰ ਹੋ ਜਾਣ ਦਾ ਖਤਰਾ ਹੈ।

ਦੂਜੇ ਮਾਹਿਰ ਦੀ ਰਾਏ ਸੀ- ਮੈਂ ਇਸ ਸਿੱਟੇ ਤੇ ਪੁਜਾ ਹਾਂ ਕਿ ਵਸਤੂ ਇਕ ਗੈਸੀ ਗੁਬਾਰਾ ਹੈ। ਇਸ ਦੇ ਅਣੂ ਜ਼ਹਿਰੀਲੀਆਂ ਗੈਸਾਂ ਦੇ ਸੈਲ ਹਨ। ਇਹਨਾਂ ਅਣੂਆਂ ਵਿਚ ਗੈਸ ਫਟਨ ਦੀ ਬਹੁਤ ਸ਼ਕਤੀ ਹੈ। ਇਹ ਅਣੂ ਲਗਭਗ ਪੰਜ ਸੌ ਗਜ਼ ਉਤੇ ਬਲਦੀ ਅੱਗ ਨੂੰ ਫੜ ਸਕਦੇ ਹਨ ਜੇ ਉਸ ਵੇਲੇ ਇਸ ਗੈਸੀ-ਗੁਬਾਰੇ ਦੇ ਨੇੜੇ ਕਿਤੇ ਕੋਈ ਗੈਸ ਹੁੰਦੀ ਕੋਈ ਸਿਗਰੇਟ ਬੀੜੀ ਪੀਂਦਾ ਹੁੰਦਾ ਤਾਂ ਇਸ ਨੇ ਫਟ ਜਾਣਾ ਸੀ। ਘਟੋ ਘਟ ਦੋ ਮੀਲਾਂ ਦੇ ਏਰੀਏ ਵਿਚ ਕਿਸੇ ਮਾਨਵ, ਪਸ਼ੂ ਜਾਂ ਪੰਛੀ ਨੇ ਜੀਉਂਦਿਆਂ ਨਹੀਂ ਸੀ ਬਚਣਾ। ਲਗਦਾ ਹੈ ਉਸ ਦੀ ਗੈਸ ਨਾਲ ਸਿਰਫ਼ ਤੁਰਦੀਆਂ ਫਿਰਦੀਆਂ, ਸਾਹ ਲੈਂਦੀਆਂ ਜਿੰਦਾਂ ਹੀ ਭਸਮ ਹੋਣੀਆਂ ਸਨ, ਕਿਸੇ ਭਾਂਤ ਦੀ ਜਾਇਦਾਦ ਨੂੰ ਕੋਈ ਨੁਕਸਾਨ ਨਹੀਂ ਸੀ ਹੋਣਾ। ਮੈਨੂੰ ਲਗਦਾ ਹੈ ਕਿ ਇਹ ਕੋਈ ਨਵੀਂ ਕਿਸਮ ਦਾ ਨੀਊਟਰਨ ਬੰਬ ਹੈ।

ਤੀਜੇ ਮਾਹਿਰ ਦੀ ਰਾਏ ਸੀ- ਇਸ ਗੋਲੇ ਦੇ ਕਿਣਕੇ ਠੋਸ ਲੋਹੇ ਦੇ ਹਨ। ਇਹ ਕਿਣਕੇ ਇਕ ਭਾਂਤ ਦੀ ਸੂਰਜੀ ਊਰਜਾ ਨਾਲ ਆਪਸ ਵਿਚ ਜੋੜੇ ਗਏ ਹਨ। ਥੋੜੀ ਜਹੀ ਠੋਕਰ ਨਾਲ ਇਸ ਗੋਲੇ ਦੇ ਫਟ ਜਾਣ ਦਾ ਖਤਰਾ ਹੈ। ਲਾਬਾਰੇਟਰੀ ਵਿਚ ਤੋੜਨ ਤੋਂ ਬਾਅਦ, ਇਸ ਦੇ ਅੰਦਰੋਂ ਜਿਹੜੀ ਹਰੀ ਜਹੀ ਤਹਿ ਨਜ਼ਰ ਆਈ ਹੈ ਉਥੋਂ ਲਗਦਾ ਹੈ ਕਿ ਜਿਸ ਤਰ੍ਹਾਂ ਗੋਲੇ ਹਿਟਲਰ ਦੀ ਗੈਸ ਟਾਪੋ ਵਰਤਦੀ ਸੀ, ਸ਼ਾਇਦ ਇਹ ਗੈਸ ਵੀ ਉਹੋ ਜਿਹਾ ਹੀ ਹੈ। ਜਿਸ ਵੀ ਕਿਸੇ ਨੇ ਇਹ ਗੋਲਾ ਬਣਾਇਆ ਹੈ—ਉਸਦੇ ਅਤਿ-ਆਧੁਨਿਕ ਵਿਗਿਆਨੀ ਦਿਮਾਗ ਦੀ ਦਾਦ ਦੇਣੀ ਬਣਦੀ ਹੈ।

ਸਾਰੀ ਰਾਤ ਲਬਾਰੇਟਰੀ ਵਿਚ ਟੈਸਟ ਹੁੰਦੇ ਰਹੇ ਤਜਰਬੇ ਹੁੰਦੇ। ਕੈਮੀਨਲ ਟੈਸਟ ਤੇ ਮਕੈਨੀਕਲ ਟੈਸਟ, ਅਣੂ ਟੈਸਟ ਤੇ ਪ੍ਰਮਾਣੂ ਟੈਸਟ, ਗੈਸੀ ਟੈਸਟ ਤੇ ਤਰਲ ਟੈਸਟ, ਪੁਲਾੜੀ ਟੈਸਟ ਤੇ ਧਰਤੀ ਦੀ ਤਹਿ ਹੇਠਲੇ ਟੈਸਟ,ਰਗੜਟੈਸਟ ਤੇ ਮਿਕਨਾਤੀਸੀ ਟੈਸਟ, ਸੇਕ ਟੈਸਟ ਤੇ ਠੰਡ ਟੈਸਟ। ਪਰ ਤਿੰਨੇ ਮਾਹਿਰ ਕਿਸੇ ਇਕ ਸਿੱਟੇ ਉਤੇ ਨਾ ਪਹੁੰਚ ਸਕੇ।

ਤੜਕੇ ਹੀ ਰਾਜਧਾਨੀ ਤੋਂ ਸੂਖ-ਵਿਸਫੋਟ-ਮਾਹਿਰ ਨੂੰ ਬੁਲਾਇਆ ਗਿਆ। ਉਸਨੇ ਤਿੰਨਾਂ ਮਾਹਿਰਾਂ ਦੀਆਂ ਰੀਪੋਰਟਾਂ ਪੜ੍ਹੀਆਂ। ਗੋਲੇ ਦੇ ਟੁਕੜਿਆਂ ਨੂੰ ਦੇਖਿਆ, ਨਿਹਾਰਿਆਂ, ਪਰਖਿਆ, ਤੋਲਿਆ, ਟੋਹਿਆ ਟਟੋਲਿਆ, ਚੁਕਿਆ ਰਖਿਆ, ਉਭਾਰਿਆ ਠਕੋਰਿਆ। ਦੂਰਬੀਨ ਨਾਲ ਵੇਖਿਆ, ਖੁਰਦਬੀਨ ਨਾਲ ਵੇਖਿਆ। ਈਅਰਫੂਨ ਲਾ ਕੇ ਕੋਈ ਆਵਾਜ਼ ਸੁਣੀ। ਸੁੰਗਣ-ਜੰਤਰ ਨਾਲ ਸੁੰਗਿਆ। ਕਾਫੀ ਚਿਰ ਸੋਚਣ ਤੋਂ ਬਾਅਦ ਕਿਹਾ—

—ਹੂੰ! ਤਾਂ ਇਹ ਗੱਲ ਹੈ।

—ਕੀ ਗੱਲ, ਸ਼ਾਹਿਬ ?

—ਅਪਰਾਧੀ ਕਿਥੇ ਏ ?

—ਜੀ, ਉਹ ਤਾਂ ਰਾਤ ਦਾ ਹੀ ਥਾਣੇ ਹੈ। ਮੌਕੇ ਤੇ ਹੀ ਫੜਿਆ ਗਿਆ ਸੀ।

—ਉਸ ਨੂੰ ਏਥੇ ਲਿਆਓ। ਮੈਂ ਆਪਣਾ ਨਿਰਣਾ ਦੇਣ ਤੋਂ ਪਹਿਲਾਂ ਉਸ ਨਾਲ ਗੱਲ ਕਰਨੀ ਚਾਹੁੰਦਾ ਹਾਂ।

o o o

ਅੱਜ ਪ੍ਰਧਾਨ ਮੰਤਰੀ ਦਾ ਸ਼ਹਿਰ ਦੀ ਸੁਦੇਸ਼ੀ ਗਰਾਊਂਡ ਵਿਖੇ ਭਾਸ਼ਨ ਸੀ।

ਪਿਛਲੇ ਪੰਦਰਾਂ ਦਿਨਾਂ ਤੋਂ ਸਾਰੇ ਸਿਆਸੀ ਅਤੇ ਧਾਰਮਕ ਨੇਤਾਵਾਂ ਦੀਆਂ ਅੱਖਾਂ ਇਸ ਸ਼ਹਿਰ ਵਲ ਸਨ। ਖਾਸ ਕਰਕੇ ਸੁਦੇਸ਼ੀ ਗਰਾਊਂਡ ਵਲ।

ਪਿਛਲੇ ਪੰਦਰਾਂ ਦਿਨਾਂ ਚੇ ਵਧ ਸਮੇਂ ਤੋਂ ਸਰਕਾਰ ਦੇ ਸਾਰੇ ਦਫ਼ਤਰ ਸੁਦੇਸ਼ੀ ਗਰਾਊਂਡ ਵਲ ਖੁਲਦੇ ਸਨ।

ਜੰਗੀ ਪੱਧਰ ਉਤੇ ਸਵਾਗਤ ਦੀ ਤਿਆਰੀ ਹੋ ਰਹੀ ਸੀ।

ਸ਼ਹਿਰ ਦੀ ਇਕ ਭੀੜੀ ਸੜਕ ਦੀ ਕਈ ਦਿਨਾਂ ਤੋਂ ਸਫਾਈ ਹੋ ਰਹੀ ਸੀ। ਉਸ ਸੜਕ ਤੋਂ ਸਾਰੀਆਂ ਰੇਹੜੀਆਂ, ਛਾਬੜੀਆਂ ਉਠਾ ਦਿਤੀਆਂ ਗਈਆਂ ਸਨ। ਘਰਾਂ ਦੀਆਂ ਸੜਕ ਵਲ ਆਉਂਦੀਆਂ ਗੰਦੀਆਂ ਨਾਲੀਆਂ ਬੰਦ ਕਰ ਦਿਤੀਆਂ ਗਈਆਂ ਸਨ। ਟੋਇਆਂ ਵਿਚ ਖੜੇ ਪਾਣੀ ਉਤੇ ਮਿੱਟੀ ਪਾ ਦਿਤੀ ਗਈ ਸੀ। ਨਾਲੋਂ ਦੀ ਲੰਘਦੇ ਗੰਦੇ ਨਾਲ ਉਤੇ ਤਰਪਾਲ ਵਿਛਾ ਦਿਤੀ ਗਈ

ਸੀ। ਲੰਗੜੇ, ਲੂਲੇ, ਅੰਨੇ, ਪਾਗਲ, ਮੰਗਤੇ ਅਤੇ ਥਾਂ ਥਾਂ ਪਏ ਗੰਦਗੀ ਦੇ ਢੇਰ ਪਾਸੇ ਕਰ ਦਿਤੇ ਗਏ ਸਨ। ਇਸ ਸੜਕ ਉਤੇ ਸਿਰਫ ਫੁੱਲਾਂ ਤੇ ਸੇਬਾਂ ਦੀ ਵਿਕਰੀ ਦੀ ਹੀ ਆਗਿਆ ਸੀ। ਜਿਥੇ ਮਾਰ ਧਾੜ ਦੀਆਂ ਫਿਲਮਾਂ ਦੇ ਪੋਸਟਰ ਨਹੀਂ ਸਨ ਲਗੇ ਹੋਏ, ਓਥੇ ਗੰਦੀ ਥਾਂ ਨੂੰ ਲੁਕਾਣ ਲਈ, ਵੀਹ ਸੂਤਰੀ ਪ੍ਰੋਗਰਾਮ ਅਤੇ 'ਇਰੈਡੀਕੇਟ ਮਲੇਰੀਆ' ਦੇ ਵਡੇ ਵਡੇ ਰੰਗੀਨ ਪੋਸਟਰ ਚਿਪਕਾ ਦਿਤੇ ਗਏ ਸਨ।

ਪਰ ਅਜ ਇਕ ਹੋਰ ਸੜਕ ਉਤੇ ਵਡੇ ਵਡੇ ਸਵਾਗਤੀ ਗੇਟ ਸਜਾਏ ਜਾ ਰਹੇ ਸਨ। ਬੰਬਈ ਪੇਂਟ ਦੀਆਂ ਟਿਊਬਾਂ ਗੱਡ ਕੇ ਵਪਾਰੀ ਲੋਕ ਆਪਣੇ ਆਪਣੇ ਬੈਨਰ ਲਗਾ ਰਹੇ ਸਨ। ਲੋਕਾਂ ਦੀਆ ਭੀੜਾਂ ਜੁੜੀਆਂ ਹੋਈਆਂ ਸਨ। ਪਹਿਲਾਂ ਚੁਣੀ ਗਈ ਸੜਕ ਸ਼ਾਇਦ ਭੀੜੀ ਹੋਣ ਕਰਕੇ ਰੱਦ ਕਰ ਦਿਤੀ ਗਈ ਸੀ।

ਸਵਾਗਤੀ ਗੇਟਾਂ ਵਾਲੀ ਸੜਕ ਨਹਾਤੀ ਧੋਤੀ ਹੀ ਰਹਿ ਗਈ। ਲੋਕ ਹਾਰ ਲਈ ਉਡੀਕਦੇ ਹੀ ਰਹਿ ਗਏ। ਪਰਧਾਨ ਮੰਤਰੀ ਦੀ ਕਾਰ ਭੀੜੀ ਸੜਕ ਉਤੋਂ ਦੀ, ਅਤਿ ਕਰੜੇ ਸੁਰੱਖਿਆ ਪ੍ਰਬੰਧ ਹੇਠ ਲੰਘ ਕੇ ਸੁਦੇਸ਼ੀ ਗਰਾਉਂਡ ਪਹੁੰਚ ਗਈ ਸੀ।

ਸੁਰੱਖਿਆ ਲਈ ਇਹ ਜ਼ਰੂਰੀ ਸਮਝਿਆ ਗਿਆ ਸੀ।

ਸੁਦੇਸ਼ੀ ਗਰਾਉਂਡ ਲਗਾਤਾਰ ਤਿੰਨ ਦਿਨ ਮੈਟਲ ਡੀਟੈਕਟਰਾਂ ਨਾਲ ਚੈਕ ਕੀਤੀ ਜਾਂਦੀ ਰਹੀ ਸੀ। ਮੰਚ ਦੇ ਤਿੰਨੇ ਪਾਸੇ ਬੁਲਟ ਅਤੇ ਐਸ ਪਰੂਫ ਸ਼ੀਲਡ ਫਿੱਟ ਕੀਤੀ ਗਈ ਸੀ। ਸਟੀਲ ਦੀਆਂ ਮੋਟੀਆਂ ਟਿਊਬਾਂ ਚਾਰੇ ਪਾਸੇ ਲਗਾ ਕੇ ਪੰਡਾਲ ਬਣਾਇਆ ਗਿਆ ਸੀ। ਮੋਟੀਆਂ ਪਾਈਪਾਂ ਦੇ ਕਈ ਘੇਰਿਆਂ ਵਿਚੋਂ ਦੀ ਨਿਕਲ ਕੇ ਹੀ ਕੋਈ ਵਿਅਕਤੀ ਪੰਡਾਲ ਅੰਦਰ ਜਾ ਸਕਦਾ ਸੀ। ਖਾਸ ਬਿਲਿਆਂ ਵਾਲੇ ਲੋਕ ਹੀ ਅੰਦਰ ਜਾ ਸਕਦੇ ਹਨ। ਬਾਕੀ ਲੋਕਾਂ ਲਈ ਬਾਹਰ ਮਾਈਕਰੋਫੂਨਾਂ ਰਾਹੀਂ ਅੰਦਰ ਦੇ ਭਾਸ਼ਨਾਂ ਦੇ ਦੂਰ-ਸੰਚਾਰ ਲਈ ਪ੍ਰਬੰਧ ਕੀਤਾ ਗਿਆ ਸੀ। ਬਾਹਰਲੇ ਘੇਰੇ ਦੇ ਅੰਦਰ ਆਉਣ ਲਈ ਵੀ ਤਲਾਸ਼ੀ ਜ਼ਰੂਰ ਸੀ। ਕੋਈ ਝੋਲਾ ਜਾਂ ਪਰਸ ਅੰਦਰ ਨਹੀਂ ਲੈਜਾਇਆ ਜਾ ਸਦਾ। ਹਰ ਵਿਅਕਤੀ ਨੂੰ ਮੈਟਲ-ਡੀਟੈਕਟਰ ਨਾਲ ਚੈਕ ਕੀਤਾ ਗਿਆ ਸੀ। ਮੂੰਹ ਤਕ ਖੁਲਾ ਕੇ ਵੇਖਿਆ ਸੀ ਕਿ ਜੀਭ ਹੇਠਾਂ ਹੀ ਕੋਈ ਖਤਰਨਾਕ ਚੀਜ਼ ਨਾ ਲੁਕਾਈ ਹੋਵੇ। ਪੰਡਾਲ ਦੇ ਅੰਦਰ ਹਰ ਦੂਸਰਾ ਬੰਦਾ ਖੁਫੀਆ ਪੁਲੀਸ ਦਾ ਸੀ। ਪੰਡਾਲ ਦੇ ਬਾਹਰ ਚਾਰੇ ਪਾਸੇ, ਘੋੜ-ਸਵਾਰ ਤੇ ਬੰਦੂਕ-ਤਿਆਰ ਪੁਲੀਸ ਦਾ ਪਹਿਰਾ ਸੀ। ਮਕਾਨਾਂ ਦੀਆਂ ਛੱਤਾਂ ਉਤੇ, ਸਫੈਦਿਆਂ ਉਤੇ ਵੀ, ਵਾਇਰਲੈਸ-ਲੈਸ ਸੁਰਖਿਆ ਵਿਅਕਤੀ ਤਾਇਨਾਤ ਸਨ।

ਤਾਂ ਵੀ ਕਿਸੇ ਨੇ ਇਕ ਹੱਥ-ਗੋਲਾ ਸੁੱਟਣ ਦਾ ਯਤਨ ਕੀਤਾ ਸੀ।

ਬਾਹਰਲੇ ਗੇਟ ਦੇ ਨਾਲ ਹੀ, ਝੋਲੇ, ਸੂਟਕੇਸ ਅਤੇ ਹੋਰ ਸਾਮਾਨ ਵਾਲੇ ਵਿਅਕਤੀ ਆਪਣਾ ਸਾਮਾਨ ਜਮਾਂ ਕਰਵਾ ਕੇ, ਰਸੀਦ ਲੈ ਕੇ, ਪੰਡਾਲ ਅੰਦਰ ਜਾਣ ਲਈ ਲਾਈਨ ਵਿਚ ਲਗ ਰਹੇ ਸਨ। ਰੁਲੀਏ ਨੇ ਵੀ ਆਪਣਾ ਫਟਿਆ ਪੁਰਾਣਾ ਦੋ ਤਣੀਆਂ ਵਾਲਾ ਝੋਲਾ ਜਮਾ ਕਰਵਾਇਆ ਅਤੇ ਲਾਈਨ ਵਿਚ ਲਗ ਗਿਆ।

ਪਿਛਲੀਆਂ ਚੋਣਾਂ ਵੇਲੇ ਰੁਲੀਏ ਨੂੰ ਕਿਸੇ ਨੇ ਪੁਛਿਆ ਸੀ—ਭਈਆ, ਵੋਟ ਕਿਸ ਨੂੰ ਪਾਵੇਂਗੇ ?

ਰੁਲੀਏ ਦਾ ਉੱਤਰ ਸੀ—ਓਸੇ ਨੂੰ ਜਿਸ ਨੂੰ ਸਰਕਾਰ ਚਲਾਉਂਣੀ ਆਉਂਦੀ ਹੈ। ਉਹਨਾਂ ਨੂੰ ਨਹੀਂ ਜਿਹੜੇ ਕੁਰਸੀ ਮਿਲਦਿਆਂ ਸਾਰ ਹੀ ਆਪਸ ਵਿਚ ਹੀ ਕੁਰਸੀਓ ਕੁਰਸੀ ਹੋ ਪਏ।

ਸਾਧਾਰਨ ਲੋਕਾਂ ਵਾਂਗ ਰੁਲੀਏ ਉਤੇ ਵੀ ਓਦੋਂ ਇਸ ਪਰਚਾਰ ਦਾ ਅਸਰ ਸੀ ਕਿ ਵੋਟ ਉਸਨੂੰ ਪਾਵੋ ਜਿਹੜੀ ਸਰਕਾਰ ਕੁਝ ਕਰੇ—ਗਵਰਨਮੈਂਟ ਦੈਟ ਵਰਕਸ !

ਓਹੋ ਪਰਧਾਨ ਮੰਤਰੀ ਜੀ ਅਜ ਏਥੇ ਪਧਾਰੇ ਸਨ। ਰੁਲੀਆ ਭਲਾ ਉਹਨਾਂ ਨੂੰ ਦੇਖਣ ਤੇ ਸੁਨਣ ਕਿਉਂ ਨਾ ਜਾਂਦਾ। ਉਸ ਨੇ ਸੋਚਿਆ ਸੀ ਕਿ ਦਿਹਾੜੀ ਜੇ ਅਜ ਮਿਲੀ ਤਾਂ ਵੀ ਨਹੀਂ ਕਰਨੀ। ਅਗੇ ਵੀ ਕਈ ਵਾਰ ਦਿਹਾੜੀ ਨਹੀਂ ਸੀ ਮਿਲਦੀ ਤਾਂ ਉਹ ਭੁੱਖਾ ਰਹਿ ਹੀ ਲੈਂਦਾ ਸੀ—ਅਜ ਵੀ ਰਹਿ ਲਵੇਗਾ।

ਨਜ਼ਰ ਦੇ ਰਾਹ ਵਿਚ ਪਾਈਪਾਂ ਦੇ ਏਨੇ ਜੰਗਲੇ ਸਨ—ਏਨੇ ਧੜ ਸਨ ਕਿ ਕਈ ਵਾਰ ਅੱਡੀਆਂ ਚੁੱਕ ਕੇ ਵੇਖਣ ਨਾਲ ਵੀ ਪਰਧਾਨ ਮੰਤਰੀ ਦੀ ਸ਼ਕਲ ਰੁਲੀਆ ਨਾ ਵੇਖ ਸਕਿਆ। ਪਰ ਸੈਂਕੜੇ ਮਾਈਕਰੋਫੂਨ ਫਿੱਟ ਹੋਣ ਕਰਕੇ, ਪਰਧਾਨ ਮੰਤਰੀ ਦੀ ਆਵਾਜ਼ ਉਸ ਦੇ ਕੰਨਾਂ ਵਿਚ ਪੈ ਰਹੀ ਸੀ—'ਹਮ ਨੇ ਸਰਕਾਰ ਬਦਲ ਦੀ। ਗਵਰਨਰ ਵੀ ਬਦਲ ਦਿਤਾ। ਫਿਰ ਵੀ ਕੋਈ ਫਰਕ ਨਹੀਂ ਪਿਆ। ਹਿੰਸਾ ਦੀਆਂ ਘਟਨਾਵਾਂ ਰੋਜ਼ ਹੁੰਦੀਆਂ ਹਨ। ਡਕੈਤੀਆਂ, ਲੁਟ ਮਾਰ ਕਤਲ ਰੋਜ਼ ਹੋ ਰਹੇ ਹਨ। ਹਿੰਸਾ ਭਾਵੇਂ ਇਕ ਅੰਤਰਰਾਸ਼ਟਰੀ ਸਮਸਿਆ ਹੈ। ਪਰ ਹਮ ਰੇ ਗਾਂਧੀਵਾਦੀ ਦੇਸ਼ ਮੇਂ ਹਿੰਸਾ ਬਹੁਤ ਬੁਰੀ ਬਾਤ ਹੈ। ਖੂਨ ਖਰਾਬੇ ਨਾਲ ਕੋਈ ਵੀ ਸਮਸਿਆ ਹਲ ਨਹੀਂ ਹੁੰਦੀ। ਗਲਬਾਤ ਲਈ ਸਾਡੇ ਦਰਵਾਜ਼ੇ ਸਦਾ ਖੁਲ੍ਹੇ ਹਨ। ਪਰ ਪਹਿਲਾਂ ਅਮਨ ਸ਼ਾਂਤੀ ਜ਼ਰੂਰੀ ਹੈ। ਅਸੀਂ ਅਜ ਹੀ ਕੇਂਦਰੀ ਪੁਲੀਸ ਦੀਆਂ ਹੋਰ ਪੰਦਰਾਂ ਬਟਾਲੀਅਨਾਂ ਦਾ ਹੁਕਮ ਦੇ ਰਹੇ ਹਾਂ।'

ਬਾਹਰ ਹਜ਼ਾਰਾਂ ਲੋਕ ਨਾਮਾਂ ਹੋ ਗਏ ਸਨ। ਹਜ਼ਾਰ ਹੀ ਹੋਰ ਆਈ ਜਾ ਰਹੇ ਸਨ।

ਪੰਡਾਲ ਅੰਦਰੋਂ ਪਰਧਾਨ ਮੰਤਰੀ ਦੀ ਚੀਕਵੀਂ ਆਵਾਜ਼ ਆਈ—'ਤੁਮੇਂ ਸ਼ਰਮ ਆਨੀ ਚਾਹੀਏ। ਲੱਖਾਂ ਦੀ ਗਿਣਤੀ ਵਿਚ ਫੋਰਸ ਹੁੰਦਿਆਂ ਹੋਇਆਂ ਵੀ ਤੁਸੀਂ ਹਾਲੀ ਤਕ ਕੋਈ ਸਹੀ ਅਪਰਾਧੀ ਨਹੀਂ ਪਕੜ ਸਕੇ...।'

ਬਾਹਰੋਂ ਲੋਕਾਂ ਨੇ ਪਰਧਾਨ ਮੰਤਰੀ ਨੂੰ ਦੇਖਣ ਦੀ ਖ਼ਾਤਰ ਅੰਦਰ ਵਲ ਝਾਕਿਆ। ਧੱਕਾ ਪਿਆ। ਕੁਝ ਲੋਕ ਡਿੱਗ ਪਏ। ਸ਼ੋਰ ਹੋਇਆ। ਪੁਲੀਸ ਤਾਂ ਪਹਿਲਾ ਹੀ ਤਿਆਰ ਸੀ। ਲਾਠੀਚਾਰਜ ਹੋਇਆ। ਲੋਕ ਏਧਰ ਓਧਰ ਦੌੜੇ। ਗੇਟ ਦੇ ਨਾਲ ਬਣਿਆ ਤੰਬੂ ਉਖੜ ਗਿਆ। ਲੋਕਾਂ ਦਾ ਸਾਮਾਨ ਖਿੱਲਰ ਗਿਆ—ਮਿੱਧਿਆ ਗਿਆ। ਲੁਟਿਆ ਗਿਆ।

—ਇਹ ਕੀ ਏ ? ਗੇਂਦ ਜਿਹਾ।

—ਗਰਨੇਡ !

—ਗਰਨੇਡ ?

ਗਰਨੇਡ ਦੀ ਆਵਾਜ਼ ਸੁਣਦਿਆਂ ਹੀ ਇਕ ਦਮ ਸੋ-ਦੋ ਸੌ ਸੁਰਖਿਆ—ਸਿਪਾਹੀ ਇਕੱਠੇ ਹੋ ਗਏ। ਅੱਗ ਬੁਝਾਊ ਗੱਡੀ ਵੀ ਨੇੜੇ ਆ ਗਈ। ਲੋਕਾਂ ਨੂੰ ਓਥੋਂ ਦੂਰ ਭਜਾ ਦਿਤਾ ਗਿਆ। ਸੁਰਖਿਆ ਕਰਮਚਾਰੀਆਂ ਦਾ ਇਕ ਦਾਇਰਾ ਬਣ ਗਿਆ ਇਕ ਅਖਾੜਾ। ਕੁਝ ਕਦਮਾਂ ਦੀ ਵਿੱਥ ਉਤੇ ਹੱਥ ਗੋਲਾ ਪਿਆ ਸੀ।

ਤੰਬੂ ਉਖੱੜ ਜਾਣ ਕਰਕੇ ਜਿਹਨਾਂ ਲੋਕਾਂ ਦਾ ਅੰਦਰ ਪਿਆ ਸਾਮਾਨ ਖਿੱਲਰ ਗਿਆ ਸੀ—ਉਹ ਝੁਕ ਝੁਕ ਕੇ ਵੇਖ ਰਹੇ ਸਨ। ਲੋਕਾਂ ਦੇ ਪੈਰਾਂ ਹੇਠ ਮਿੱਧਿਆ ਆਪਣਾ ਸਾਮਾਨ ਪਛਾਣ ਰਹੇ ਸਨ।

—ਸਾਹਬ, ਇਹ ਮੇਰਾ ਝੋਲਾ। ਰੁਲੀਏ ਨੇ ਇਕ ਸਿਪਾਹੀ ਦੇ ਪੈਰਾਂ ਹੇਠੋਂ ਆਪਣਾ ਝੋਲਾ ਖਿਚਿਆ। ਝੋਲਾ ਮਿੱਟੀ ਘੱਟੇ ਨਾਲ ਲਥਪਥ ਹੋਇਆ ਪਿਆ ਸੀ। ਪਰ ਉਸ ਦੇ ਵਿਚ ਕੁਝ ਵੀ ਨਹੀਂ ਸੀ।

--ਸਾਹਬ, ਮੇਰਾ...ਮੈਂ...। ਰੁਲੀਏ ਨੇ ਹਾਲੀ ਆਪਣੇ ਖਾਲੀ ਝੋਲੇ ਵਲ ਠੀਕ ਤਰ੍ਹਾਂ ਇਸ਼ਾਰਾ ਵੀ ਨਹੀਂ ਸੀ ਕੀਤਾ। ਹਾਲੀ ਉਸ ਨੇ ਆਪਣੇ ਗਲ ਵੀ ਪੂਰੀ ਨਹੀਂ ਸੀ ਕੀਤੀ—ਕਿ ਪੰਦਰਾਂ ਵੀਹ ਸੁਰਖਿਆ—ਅਧਿਕਾਰੀ ਉਸ ਉਤੇ ਝਪਟ ਪਏ। ਉਹ ਪੁਲੀਸ ਵੈਨ ਵਿਚ ਬੈਠਾ ਕੇ ਉਸਨੂੰ ਇਸ ਤਰ੍ਹਾਂ ਲੈ ਉੱਡੇ ਜਿਵੇਂ ਮਰੀ ਹੋਈ ਚੂਹੀ ਨੂੰ ਇੱਲ ਆਪਣੀਆਂ ਨਹੁੰਦਰਾਂ ਵਿਚ ਦਬੋਚ ਕੇ ਲੈ ਜਾਂਦੀ ਹੈ।

ਉਸ ਵੇਲੇ ਬਰੂਦ-ਮਾਹਿਰਾਂ ਨੂੰ ਬੁਲਾਇਆ ਗਿਆ। ਉਹਨਾਂ ਆਉਂਦਿਆ ਹੀ ਪਹਿਲਾਂ ਹੱਥ-ਗੋਲੇ ਦੇ ਖਤਰਨਾਕ ਅਸਰ ਨੂੰ ਨਕਾਰਾ ਬਣਾਇਆ ਅਤੇ ਫੇਰ ਉਹ ਅਨੇਕਾਂ ਸੁਰਖਿਆ ਅਤੇ ਬਚਾਓ-ਪ੍ਰਬੰਧਾਂ ਹੇਠਾਂ ਹੱਥ-ਗੋਲੇ ਨੂੰ ਸਬੰਧਤ ਲਿਬਾਰੇਟਰੀ ਵਿਚ ਲੈ ਗਏ।

-ਕਿਥੋਂ ਦਾ ਰਹਿਣ ਵਾਲਾ ਏਂ ਉਏ ਤੂੰ ?

-ਸਿੰਘ ਭੂਮ ਮੇਂ ਹਮਾਰਾ ਗਾਂਵ ਹੈ-ਗੁਣਕੀ। ਥੋੜੀ ਹੀ ਖੇਤੀ ਹੈ। ਬਸ ਜਵਾਰ ਬਾਜਰਾ ਹੀ......।

-ਹੂੰ ! ਇਨਸਪੈਕਟਰ ਨੇ ਦੂਜੇ ਇਨਸਪੈਕਟਰ ਨੂੰ ਕਿਹਾ-ਸਿੰਘ ਭੂਮ ਨਾਂ ਨਕਸਲਬਾੜੀਆਂ ਦਾ ਗੜ੍ਹ ਹੈ। ਇਸ ਦੇ ਸਬੰਧ ਜ਼ਰੂਰ ਨਕਸਲਬਾੜੀ-ਅਤਿਵਾਦੀਆਂ ਨਾਲ ਹੋਣਗੇ।

-ਦੱਸ ਓਏ, ਤੇਰੇ ਕਿਹੜੇ ਕਿਹੜੇ ਸਾਥੀ ਨੇ ?

-ਰੁੱਮੀ' ਝੋਕਾ, ਕਛੀਆ ਔਰ ਮੁਰਕੀ।

ਪਥੱਰ ਵਰਗੇ ਸਖਤ ਹੱਥ ਦੀ ਇਕ ਚਪੇੜ ਉਸ ਦੀ ਧੌਣ ਵਿਚ ਆ ਪਈ। ਉਸ ਦੀ ਢਿੱਲੀ ਜਹੀ ਬੱਧੀ ਰੱਸੇ ਵਰਗੀ ਪਗੜੀ ਚਾਰ ਕਦਮ ਪਰਾਹ ਜਾ ਡਿੱਗੀ-ਇਹ ਬੰਦਿਆਂ ਦੇ ਨਾਂ ਨੇ ਕਿ ਜਾਨਵਾਰਾਂ ਦੇ ?

-ਹਮ ਰੇ ਬਿਹਾਰ ਮੇਂ ਐਸੇ ਹੀ ਨਾਮ ਹੁੰਦੇ ਨੇ ਜੀ...।

-ਰੁਲੀਏ ਤੋਂ ਬਿਨਾਂ ਤੇਰੇ ਹੋਰ ਕਿਹੜੇ ਗੁਪਤ ਨਾਮ ਨੇ ਓਏ-?

ਬਚਪਨ ਮੇਂ, ਮਾਂ ਚੂਹਾ ਕਹਿਤੀ ਸੀ। ਬਾਅਦ ਮੇਂ ਲੋਗ ਰੁਲੀਆ ਆਖਣ ਲਗੇ। ਸਰਦਾਰ ਜ਼ੋਰਾਵਰ ਸਿੰਘ ਨੇ ਮੇਰਾ ਨਾਮ ਬਹਾਦਰ ਸਿੰਘ ਰਖ ਦੀਆ।

-ਹੂੰ, ਸਾਲ਼ਾ ਬਣਦਾ ਹੈ। ਦੱਸ ਓਏ ਤੇਰੇ ਸਾਥੀ ਹੁਣ ਕਿਥੇ ਨੇ ? ਠੀਕ ਠੀਕ ਦੱਸ, ਨਹੀਂ ਤਾਂ ਮਾਰ ਮਾਰ ਕੇ ਚਮੜੀ ਕਧੇੜ ਦਿਆਂਗੇ।

ਸੁਬਾ ਤੋ ਮੇਰੇ ਨਾਲ ਥੇ। ਗਾਂਧੀ ਚੌਕ ਵਿਚ ਖੜੇ ਥੇ। ਮੈਂ ਨੇ ਬੋਲਾ ਭੀ-ਪਰਧਾਨ ਮੰਤਰੀ ਆ ਰਹੇ। ਚਲੋ ਦਰਸ਼ਨ ਕਰੇਂ। ਪਰ ਉਹ ਨਹੀਂ ਮੰਨੇ। ਦਿਹਾੜੀ ਪਰ ਕਿਤੇ ਚਲੇ ਗਏ ਹੋਣਗੇ।

-ਦਿਹਾੜੀ ਪਰ-?

ਭਾਰੇ ਬੂਟ ਵਾਲੀ ਲੱਤ ਵੱਜੀ। ਇਕ ਲੱਤ ਨਾਲ ਉਹ ਡਿੱਗ ਪਿਆ।

ਦਸ ਤੇਰੇ ਸਾਥੀ ਕਿਥੇ ਆ ?

-ਸਾਹਬ ਮੈਂ ਠੀਕ ਬੋਲਦਾ ਹਾਂ। ਹਰ ਰੋਜ਼ ਸਵੇਰੇ ਚੌਕ ਵਿਚ ਅਸੀਂ ਦਿਹਾੜੀ ਲਈ ਹੀ ਇੱਕਠੇ ਹੋਵੇ ਹਾਂ। ਸਾਬ ਲੋਕ ਆਤੇ ਹੈ; ਛਾਂਟ ਕਰ ਦਿਹਾੜੀ ਪਰ ਲੈ ਜਾਂਦੇ ਨੇ। ਆਪ ਉਹਨਾਂ ਨੂੰ ਕਿਸੀ ਕਾਰਖਾਨੇ, ਦੁਕਾਨ ਯਾ ਜਿਥੇ ਨਯਾ ਬਿਲਡਿੰਗ ਬਣ ਰਹਾ ਹੋ, ਓਥੇ ਲਭ ਸਕਦੇ ਹੋ। ਜਿਸ ਨੂੰ ਦਿਹਾੜੀ ਨਹੀਂ ਮਿਲੀ ਹੋਗੀ, ਉਹ ਰੇਲਵੇ ਸਟੇਸ਼ਨ ਦੇ ਬਾਹਰ ਖੜਾ ਹੋਵੇਗਾ। ਓਥੇ ਕੋਈ ਨਾ ਕੋਈ ਸਾਮਾਨ ਵਗੈਰਾ ਉਠਾਨ ਕੋ ਮਿਲ ਹੀ ਜਾਂਦਾ ਹੈ।

-ਦਸ ਓਏ, ਤੁਹਾਡੇ ਇਸ਼ਤਿਹਾਰ ਕਿਥੇ ਛਪਦੇ ਨੇ? ਤੁਹਾਡਾ ਪ੍ਰੈਸ ਕਿਥੇ ਏ?

-ਛਾਪਾ ਖਾਨਾ ਸਾਹਿਬ?

-ਹਾਂ, ਹਾਂ ਛੇਤੀ ਦਸ।

-ਸਾਹਬ, ਮੈਂ ਇਕ ਦੋ ਦਿਹਾੜੀਆਂ 'ਜੈ ਮਾਤਾ ਦੀ ਪ੍ਰੈਸ' ਵਿਚ ਲਗਾਈਆ ਹੋਈਆ ਹੈ। ਇਹ ਪ੍ਰੈਸ ਟੱਭਾ ਰੋਡ ਉਤੇ ਹੈ, ਸਾਹਬ।

-ਸਾਲਾ ਟੱਭਾ ਰੋਡ ਦਾ। ਪਾਉ ਉਏ ਲੰਮਾ ਇਸ ਨੂੰ। ਖੋਹਲੋ ਕੱਛਾ ਇਸ ਦਾ। ਬੜਾ ਹੰਢਿਆ ਹੋਇਆ ਅਤਿਵਾਦੀ ਲਗਦਾ ਹੈ। ਮਾਤਰ......।

ਕਾਫ਼ੀ ਚਿਰ ਤੱਕ ਰੁਲੀਏ ਦੀ ਸੋਧ ਹੁੰਦੀ ਰਹੀ। ਚੀਕਾਂ ਕੁਰਲਾਉਦੀਆਂ ਰਹੀਆਂ ਉੱਚੀਆਂ ਭਾਰੀਆਂ ਕੰਧਾਂ ਨਾਲ ਟਕਰਾਉਂਦੀਆਂ ਰਹੀਆਂ।

—ਬੱਸ ਕਰੋ ਉਏ। ਲਿਆਉ ਜ਼ਰਾ ਇਸ ਨੂੰ ਮੇਰੇ ਪਾਸ।

—ਸਾਹਬ ਇਹ ਤਾਂ ਤੁਰ ਨਹੀਂ ਸਕਦਾ...।

—ਤੈਨੂੰ ਕਿਵੇਂ ਪਤਾ ਤੁਰ ਨਹੀਂ ਸਕਦਾ। ਨਹੀਂ ਤੁਰ ਸਕਦਾ ਤਾਂ ਧੂ ਕੇ ਲੈ ਆਓ।

— ... ... ...

—ਏਖ ਬਈ ਰੁਲੀਆ ਰਾਮ। ਅਸੀਂ ਤੈਨੂੰ ਕੁਝ ਨਹੀਂ ਕਹਿੰਦੇ। ਤੂੰ ਸੱਚੋ ਸੱਚ ਦੱਸਦੇ। ਅਸੀਂ ਤੈਨੂੰ ਇਨਾਮ ਵੀ ਦਿਆਂਗੇ। ਇਹ ਤਾਂ ਤੂੰ ਮੰਨ ਹੀ ਚੁੱਕਾ ਏਂ ਕਿ ਗਰੇਨੇਡ ਤੇਰੇ ਝੋਲੇ ਵਿਚੋਂ ਡਿੱਗਾ ਸੀ। ਇਹ ਤਾਂ ਦਸ ਕਿ ਇਹ ਗਰੇਨੇਡ ਤੂੰ ਕਿਥੇ ਕੁ ਸੁਟਣਾ ਸੀ—ਤੇਰੇ ਨਾਲ ਹੋਰ ਕੌਣ ਕੌਣ ਸਨ?

—ਸਾਹਬ, ਮੇਰੇ ਨਾਲ ਹੋਰ ਕੋਈ ਭੀ ਨਹੀਂ ਥਾ। ਮੈਂ ਤੋ...।

—ਨਹੀਂ ਨਹੀਂ ਘਬਰਾ ਨਹੀਂ। ਤੈਨੂੰ ਅਸੀਂ ਕੁਝ ਨਹੀਂ ਕਹਿੰਦੇ। ਹਾਂ, ਸਚ ਤੂੰ ਕਿਸੇ ਜ਼ੋਰਾਵਰ ਸਿੰਘ ਦਾ ਨਾਮ ਲਿਆ ਸੀ। ਉਹ ਤੇਰੇ ਨਾਲ ਕਿਹੜੀ ਕਿਹੜੀ ਬੈਂਕ ਡਕੈਤੀ ਵਿਚ ਹਾਜ਼ਰ ਸੀ? ਉਹ ਕਿੱਥੇ ਰਹਿੰਦੇ ਏ?

—ਸਰਦਾਰ ਜ਼ੋਰਾਵਰ ਸਿੰਘ! ਉਹ ਤਾਂ ਕੀਰਮਪੁਰ ਪਿੰਡ ਰਹਿੰਦਾਂ ਏ। ਉਸ ਕਾ ਬਹੁਤ ਬੜਾ ਫਾਰਮ ਏ। ਮੈਂ ਉਸੀ ਕੇ ਹਾਂ ਕਾਮ ਕਰਦਾ ਹਾਂ, ਸਾਹਬ। ਪਾਂਚ ਸਾਲ ਸੇ ਓਥੇ ਹੀ ਹਾਂ। ਅਬ ਧਾਨ ਕੱਟ ਗਏ ਹੈਂ, ਇਸ ਲੀਏ ਕਾਮ ਨਹੀਂ ਹੈ। ਕਨਕ ਕਾਟਨੇ ਕੇ ਵਕਤ ਮੈਂ ਫਿਰ ਓਥੇ ਹੀ ਹੋਵਾਂਗਾ। ਬੀਚ ਵਾਲੇ ਸਮੇਂ ਮੇਂ ਮੈ ਸ਼ਹਿਰ ਮੇਂ ਆ ਕੇ ਦਿਹਾੜੀ ਕਰ ਲੇਤਾ ਹੈ ਸਾਹਬ।

—ਵੇਖ ਕਿਵੇਂ ਖੇਖਨ ਕਰਦਾ ਏ, ਭੈਣ ਦਾ...। ਸੁਟੋ ਪਰਾਂਹ ਅੰਦਰ ਇਸ ਨੂੰ। ਕਲ ਇਸ ਨਾਲ ਗੱਲ ਕਰਾਂਗੇ। ਹਾਂ, ਤੇ ਉਹ ਟੈਲੀਫੋਨ ਕਰ ਦਿਤਾ ਸੀ।

--ਕਿਹੜਾ ਸਾਹਬ?

—ਅਖਬਾਰਾਂ ਨੂੰ। ਹੋਰ ਕਿਹੜਾ? ਕੁਝ ਤਾਂ ਕਾਰਵਾਈ ਪਾਈਏ।

—ਹਾਂ ਸਾਹਬ।

... ... ...

ਸਾਰੀ ਰਾਤ ਉਹ ਅਧਪੋਈ ਹਾਲਤ ਵਿਚ ਪਿਆ ਰਿਹਾ। ਠੰਢੀ ਫਰਸ਼। ਕੋਈ ਕੰਬਲ ਨਾ। ਉਸ ਪਾਸ ਕੋਈ ਮੋਟਾ ਕਪੜਾ ਵੀ ਤਾਂ ਨਹੀਂ ਸੀ। ਸਿਰਫ਼ ਫਟੀ ਪੁਰਾਣੀ ਪਗੜੀ ਹੀ ਸੀ। ਪਰ ਕਮਜ਼ੋਰ ਪਗੜੀ ਉਸ ਦੇ ਸਰੀਰ ਦੇ ਕਿਸ ਕਿਸ ਅੰਗ ਨੂੰ ਪਾਲੇ ਤੋਂ ਬਚਾਉਂਦੀ। ਉਸ ਨੇ ਅੱਜ ਸਵੇਰ ਦਾ ਖਾਧਾ ਵੀ ਕੁਝ ਨਹੀਂ ਸੀ। ਆਪਣੇ ਪਿਆਰੇ ਨੇਤਾ ਦੇ ਦਰਸ਼ਨਾਂ ਦੀ ਖੁਸ਼ੀ ਵਿਚ ਅੱਜ ਦੀ ਦਿਹਾੜੀ ਵੀ ਉਸ ਨੇ ਕੁਰਬਾਨ ਕਰ ਦਿੱਤਾ ਸੀ। ਜਿਸ ਦਿਨ ਦਿਹਾੜੀ ਨਹੀਂ ਸੀ ਮਿਲਦੀ—ਉਸ ਦਿਨ ਉਸ ਨੂੰ ਭੁੱਖਾ ਹੀ ਰਹਿਣਾ ਪੈਂਦਾ ਸੀ। ਪਰ ਅੱਜ ਖਾਣ ਲਈ ਕੁਝ ਤਾਂ ਸੀ। ਪਰ...। ਉਸ ਦੀ ਪਤਨੀ ਨੇ ਕਿਹਾ ਵੀ ਸੀ—ਕੁਝ ਹੋਰ ਖਾਣ ਨੂੰ ਨਾਲ ਲੈ ਜਾ। ਪਰਦੇਸ ਚਲਿਆਂ ਏਂ। ਉਹ ਨਹੀਂ ਸੀ ਮੰਨਿਆ। ਸਿਰਫ਼ ਦੋ ਦਿਨਾਂ ਦਾ ਹੀ ਤਾਂ ਸਫ਼ਰ ਸੀ। ਉਹ ਕਿਹੜਾ ਕਿਸੇ ਪਰਾਏ ਥਾਂ ਜਾ ਰਿਹਾ ਸੀ। ਪੰਜ ਸਾਲਾਂ ਤੋਂ ਉਹ ਉਥੇ ਹੀ ਤਾਂ ਰਹਿੰਦਾ ਆ ਰਿਹਾ ਸੀ। ਕਣਕ ਦੇ ਮੌਸਮ ਵੇਲੇ ਕਾਫ਼ੀ ਸਾਰੇ ਪੈਸੇ ਬਚ ਜਾਂਦੇ ਸਨ—ਉਹ ਘਰ ਭੇਜ ਦਿੰਦਾ ਸੀ। ਝੋਨੇ-ਲਵਾਈ, ਕਟਾਈ, ਝੜਾਈ ਵੇਲੇ ਵੀ ਕੁਝ ਪੈਸੇ ਬਚ ਜਾਂਦੇ ਸਨ। ਪਿਛੋਂ ਘਰ ਦਾ ਗੁਜ਼ਾਰਾ ਵਾਹ ਵਾਹ ਚਲਦਾ ਜਾਂਦਾ ਸੀ।

ਉਹਨੂੰ ਇਹ ਅਤਿਵਾਦੀ ਕਹਿੰਦੇ ਨੇ। ਅਤਿਵਾਦੀ ਤਾਂ ਬੜੀ ਡਰਾਉਣੀ ਚੀਜ਼ ਹੁੰਦੀ ਏ। ਉਸ ਨੇ ਕਦੀ ਕਦੀ ਇਸ ਬਾਰੇ ਸੁਣਿਆ ਸੀ। ਜ਼ੋਰਾਵਰ ਸਿੰਘ ਦੇ ਘਰ ਚਲਦੇ ਦੂਰ-ਦਰਸ਼ਨ ਤੋਂ ਖਬਰਾਂ ਦੀ ਕੋਈ ਲਾਈਨ ਕਦੀ ਕਦੀ ਉਸ ਦੇ ਕੰਨੀ ਪੈ ਜਾਂਦੀ ਸੀ —ਬੈਂਕ ਡਾਕਾ, ਬਸ ਦੀਆਂ ਮਾਸੂਮ ਸਵਾਰੀਆਂ ਦਾ ਕਤਲ, ਸਿਨਮਾ ਹਾਲ ਵਿਚ ਬੰਬ। ਤੇ ਇਹਨਾਂ ਘਟਨਾਵਾਂ ਨਾਲ ਸਦਾ ਇਕ ਸ਼ਬਦ ਜੁੜਿਆ ਹੁੰਦਾ ਸੀ—ਅਤਿਵਾਦੀ।

ਭੁੱਖਾ ਪੇਟ। ਨੰਗੇ ਹੱਡ। ਕੁੱਟੇ ਟੁੱਟੇ ਹੱਡ। ਘੱਟਾ ਤੇ ਲਹੂ ਸਿੰਮੇ ਹੱਡ। ਸਹਿਮ ਦਾ ਮਾਹੌਲ। ਭਲਾ ਨੀਂਦ ਕਿੱਥੇ ਆਉਣੀ ਸੀ।

ਇਸ ਵਾਰ ਕਣਕ ਦੀ ਕਟਾਈ ਤੋਂ ਬਾਅਦ ਉਸ ਨੇ ਸਿਲਾਈ ਖਰੀਦਣੀ ਸੀ। ਇਸ ਵਾਰ ਤਾਂ ਜ਼ਰੂਰ ਹੀ ਖਰੀਦ ਲੈਣੀ ਸੀ। ਉਸ ਦੀ ਪਤਨੀ ਹਰ ਚਿੱਠੀ ਵਿਚ ਲਿਖਦੀ ਸੀ 'ਮਸ਼ੀਨ ਲਈ ਕਿੰਨੇ ਕੁ ਪੈਸੇ ਜੋੜ

ਲਏ ਨੇ ? ਇਸ ਵਾਰ ਮਸ਼ੀਨ ਜ਼ਰੂਰ ਲੈ ਕੇ ਆਉਣਾ।' ਆਪਣੀਆਂ ਦੋਹਾਂ ਬੱਚੀਆਂ ਲਈ ਇਸ ਵਾਰ ਉਸ ਨੇ ਖਿਡੌਣੇ ਵੀ ਜ਼ਰੂਰ ਹੀ ਲੈ ਕੇ ਜਾਣੇ ਸਨ। ਪਤਾ ਨਹੀਂ ਮਰ ਜਾਣੀ ਨੇ ਰੇਲ ਕਿਥੇ ਵੇਖ ਲਈ ਸੀ—ਕਹਿੰਦੀ ਸੀ, ਮੈਨੂੰ ਗੋਲ ਘੇਰੇ ਵਿਚ ਘੁੰਮਣ ਵਾਲੀ ਰੇਲ ਲਿਆ ਕੇ ਦੇਣੀ। ਛੋਟੀ ਕਹਿੰਦੀ ਸੀ—ਪਰਦੇਸ ਤੋਂ ਮੇਰੇ ਲਈ ਚਾਬੀ ਵਾਲੀ ਕਾਰ ਲੈ ਕੇ ਆਉਣਾ। ਕਮਲੀਆਂ ਕੁੜੀਆਂ। ਕਿੰਨੀਆਂ ਵੱਡਾਂਆਂ ਵੱਡੀਆਂ ਰੀਝਾਂ ਨੇ ਇਹਨਾਂ ਦੀਆਂ। ਪਰ ਨਹੀਂ, ਇਹ ਤਾਂ ਸਿਰਫ਼ ਖਿਡੌਣੇ ਨੇ। ਅਸਲ ਥੜੀਆਂ ਨੇ। ਇਸ ਵਾਰ ਉਸ ਨੇ ਆਪਣੀਆਂ ਧੀਆਂ ਨੂੰ ਨਿਰਾਸ਼ ਨਹੀਂ ਸੀ ਕਰਨਾ। ਭਾਵੇਂ ਕੁਝ ਵੀ ਹੋਵੇ—ਰੇਲ ਤੇ ਕਾਰ ਜ਼ਰੂਰ ਲੈ ਕੇ ਹੀ ਜਾਣਾ ਸੀ।

ਸੋਚਾਂ ਤੇ ਸੰਸਿਆਂ ਦੇ ਸਮੁੰਦਰ ਵਿਚ ਗੋਤੇ ਖਾਂਦਿਆਂ ਨੂੰ ਪਤਾ ਨਹੀਂ ਕਦੋਂ ਉਸਨੂੰ ਨੀਂਦ ਆ ਗਈ। ਜਾਂ ਸ਼ਾਇਦ ਉਹ ਬੇਹੋਸ਼ ਹੋ।

ਸਵੇਰੇ ਜਦੋਂ ਉਸ ਨੂੰ ਹੋਸ਼ ਆਈ ਤਾਂ ਉਸ ਨੇ ਵੇਖਿਆ, ਉਸ ਉਤੇ ਇਕ ਫਟਿਆ ਪੁਰਾਣਾ ਕੰਬਲ ਸੀ। ਦਾਨਵੀ ਚੌਗਿਰਦੇ ਵਿਚ ਵੀ ਕੋਈ ਨਾ ਕੋਈ ਮਾਨਵੀ-ਕਿਰਨ ਹੁੰਦੀ ਹੀ ਹੈ।

o o o

—ਹੂੰ, ਤਾਂ ਇਹ ਗੱਲ ਹੈ। ਤੂੰ ਹੈਂ ਉਹ। ਜ਼ਰਾ ਐਧਰ ਇਕ ਪਾਸੇ ਤਾਂ ਆ।—ਤੁਸੀਂ ਜ਼ਰਾ ਇਸ ਨੂੰ ਲਾਬਾਰੇਟਰੀ ਦੇ ਅੰਦਰ ਆਉਣ ਦਿਓ। ਹਾਂ, ਇਕੱਲੇ ਨੂੰ ਹੀ। ਕੋਈ ਖਤਰੇ ਵਾਲੀ ਗੱਲ ਨਹੀਂ। ਲਾਬਾਰੇਟਰੀ ਦੇ ਸਭ ਦਰਵਾਜ਼ੇ ਲਾਕਡ ਨੇ—ਸਵਾਏ ਇਸ ਇਕ ਦਰਵਾਜ਼ੇ ਦੇ ਜਿਸ ਦੇ ਅੱਗੇ ਤੁਸੀਂ ਖੜੇ ਹੋ।

—ਮੈਂ ਪੁਲਸ ਵਾਲਾ ਨਹੀਂ। ਫਾਰਸੈਨਿਕ ਮਾਹਰ ਹਾਂ—ਵਿਸਫੋਟ ਮੁਖੀ। ਮੇਰੇ ਪਾਸੋਂ ਤੈਨੂੰ ਡਰਨ ਦੀ ਉੱਕਾ ਕੋਈ ਲੋੜ ਨਹੀਂ। ਇਹ ਤਾਂ ਯਕੀਨੀ ਹੀ ਹੈ ਕਿ ਇਹ ਗਰਨੇਡ ਭਾਰਤ ਦਾ ਬਣਿਆ ਹੋਇਆ ਨਹੀਂ। ਏਥੋਂ ਇਹ ਵੀ ਸਾਬਤ ਹੁੰਦਾ ਹੈ ਕਿ ਇਸ ਸਾਰੀ ਗੜਬੜ ਪਿਛੇ ਜ਼ਰੂਰੀ ਕੋਈ ਬਦੇਸ਼ੀ ਹੱਥ ਹੈ। ਤੇਰੇ ਗਰਨੇਡ ਉਤੇ ਹਰੇ ਹਰੇ ਮਾਰਕਸ ਪਾਕਿਸਤਾਨ ਵਲ ਇਸ਼ਾਰਾ ਕਰਦੇ ਹਨ।

—ਨਹੀਂ ਸਾਹਬ, ਯਹ ਗਰਨੇਡ ਕਹਾਂ। ਮੁਝੇ ਇਸ ਕੇ ਬਾਰੇ ਵਿਚ ਤਾਂ ਕਿਸੇ ਨੇ ਪੁਛਿਆ ਹੀ ਨਹੀਂ ਥਾ। ਯਹ ਤੋ...।

—ਹਾਂ, ਹਾਂ ਮੈਂ ਵੀ ਏਹੋ ਪੁਛ ਰਿਹਾ ਹਾਂ ਕਿ ਜੇ ਇਹ ਗਰਨੇਡ ਨਹੀਂ ਤਾਂ ਕੀ ਹੈ ?

—ਬਿਹਾਰ ਤੋਂ ਮੈਨੂੰ ਆਏ ਕੋ ਚਾਰ ਦਿਨ ਹੋ ਗਏ ਹੈਂ। ਅਜ ਪਾਂਚਵਾਂ ਦਿਨ ਹੈ। ਸਿਰਫ ਦੋ ਹੀ ਦਿਹਾੜੀਆਂ ਮਿਲੀਆਂ ਥੀਂ। ਸ਼ੁਰੂ ਮੇਂ ਐਸਾ ਹੀ ਹੁੰਦਾ ਹੈ। ਤੋ ਖਾਤਾ ਕਿਆ। ਬੀਵੀ ਨੇ ਭਾਤ ਸਾਥ ਬਾਂਧ ਦਿਤਾ ਸੀ। ਏਕ ਬਾਕੀ ਸੀ। ਵੋਹ ਝੋਲੇ ਸੇ ਨਿਕਲ ਕੇ ਘੱਟੇ ਮੇਂ ਖੋਹ ਗਿਆ।

—ਇਹ ਭਾਤ ਕੀ ਹੁੰਦਾ ਏ ?

## ਕਵਿਤਾ ਘਰ ਹਰਭਜਨ ਸਿੰਘ ਹੁੰਦਲ

ਇਹ ਘਰ ਢਾਹ ਕੇ ਫੇਰ ਬਣਾਈਏ।
ਕਿੰਨੀ ਵਾਰੀ ਸਾਡੇ ਵੱਡ-ਵਡੇਰੇ
ਇਸ ਦੀ ਟੀਪ ਤੇ ਕਲੀ ਕਰਾਉਂਦੇ ਹਾਰੇ
ਵਖਤਾਂ ਮਾਰੇ
ਟੁੱਟੀਆਂ ਕੜੀਆਂ ਰਹੇ ਬਦਲਦੇ ਸਾਰੇ

ਪਿਛਲੇ ਸਾਲ ਸੀ ਜਦੋਂ ਅਚਾਨਕ
ਇਸਦਾ ਤੋੜਾ ਟੁੱਟਾ
ਪਰਲੋ ਆਈ
ਉਭੜ ਵਾਹੇ, ਭੱਜ ਕੇ ਜੀਆਂ ਜਾਨ ਬਚਾਈ।
ਹੌਲੀ ਹੌਲੀ
ਇੱਟਾਂ ਨੂੰ ਵੀ, ਕੱਲਰ ਦੀ ਬੀਮਾਰੀ ਲੱਗੀ।
ਕੰਧਾਂ ਉਤੇ
ਪਾਟੇ ਹੋਏ ਕਲੰਡਰ ਵਾਂਗੂੰ
ਭੈ ਦਾ ਇਕ ਕਾਲਾ ਪ੍ਰਛਾਵਾਂ ਲਟਕੇ
ਲੱਗਣ ਜਦੋਂ ਲੰਮੀਆਂ ਝੜੀਆਂ
ਕੰਬਣ, ਕੰਧਾਂ, ਛੱਤਾਂ, ਕੜੀਆਂ।
ਚੰਗਾ ਹੋਵੇ
ਇਹ ਘਰ ਢਾਹ ਕੇ ਫੇਰ ਬਣਾਈਏ।
ਪੈਸੇ ਚਾਰ
ਭਰਾਵਾਂ, ਰਿਸ਼ਤੇਦਾਰਾਂ ਕੋਲੋਂ
ਮੰਗ ਲਵਾਂਗੇ।
ਕੀ ਹੋਇਆ ਜੇ ਸਾਲ ਛਿਮਾਹੀਂ
ਤੰਗ ਰਹਾਂਗੇ।

ਜੇ ਨਾ ਆਪਾਂ
ਅੱਜ ਕੋਈ ਉਪਰਾਲਾ ਕੀਤਾ
ਕੱਲ ਨੂੰ ਕੋਈ ਥਲੇ ਆ ਕੇ ਮਰ ਜਾਵੇਗਾ।
ਸਾਡੇ ਸਿਰ ਇਲਜ਼ਾਮ ਸਦਾ ਲਈ ਧਰ ਜਾਵੇਗਾ।
o

—ਯਹ ਖਾਨੇ ਦੀ ਚੀਜ਼ ਹੁੰਦੀ ਏ ਸਾਹਬ, ਗਰੀਬਾਂ ਕੀ ਲੀਏ। ਜੇ ਜ਼ਿਆਦਾ ਹੋਂ ਤਾਂ ਕਈ ਕਈ ਦਿਨ ਚਲ ਜਾਂਦੀਆਂ। ਗੰਨੇ ਦੇ ਰਸ ਦਾ ਜਬ ਗੁੜ ਬਨਾਇਆ ਜਾਂਦਾ ਹੈ—ਗਰਮ ਹੋਨੇ ਤੇ ਉਸ ਉਤੇ ਝਾਗ ਜਿਸੇ ਆਪ ਮੈਲ ਬੋਲਦੇ ਹੋ ਆਤੀ ਹੈ। ਉਸ ਕੁ ਅਲਹਿਦਾ ਕਰਕੇ ਬੀਚ ਮੇਂ ਜਵਾਰ ਕੇ ਦਾਨੇ ਮਿਲਾ ਕਰ, ਠੰਡਾ ਕਰਕੇ, ਹਾਥੋਂ ਸੇ ਦਬਾ ਕਰ, ਉਸ ਦੀ ਪੀਨੀ ਬਨਾ ਲਈ ਜਾਂਦੀਆਂ ਹਨ।

—ਤਾਂ ਇਹ ਪਿੰਨੀ ਹੈ।

—ਹਾਂ ਸਾਹਬ ! ਭੁਖ ਬਹੁਤ ਲਗੀ ਹੈ। ਕੀ ਮੈਂ ਪੀਨੀ ਖਾ ਲੂੰ। ਦੋ ਦਿਨਾਂ ਤੋਂ ਕੁਛ ਭੀ ਤੋ ਨਹੀਂ ਖਾਇਆ।

o

# ਅੰਨਦਾਤਾ ਕਿ ਭਿਖਾਰੀ.....?

ਐਮ. ਸੀ. ਭਾਰਦਵਾਜ

ਸਾਡਾ ਦੇਸ਼ ਕਿਸਾਨੀ-ਪ੍ਰਧਾਨ ਦੇਸ਼ ਹੈ ! ਅਸੀਂ ਜਰਮਨ ਜਾਂ ਜਪਾਨੀ ਨਹੀਂ ਹਾਂ ਜਿਨ੍ਹਾ ਦਾ ਦਾਰੋ-ਮਦਾਰ ਮਸ਼ੀਨਰੀ ਅਤੇ ਮਸ਼ੀਨੀ ਪੁਰਜ਼ਿਆਂ 'ਤੇ ਹੀ ਨਿਰਭਰ ਹੋਵੇ' ਸਾਡੇ ਦੇਸ਼ ਵਿਚ ਤਿੰਨ ਚੌਥਾਈ ਲੋਕ ਖੇਤੀਬਾੜੀ ਵਿਚ ਰੁਝੇ ਹੋਏ ਹਨ। ਸਾਡੀ ਸਾਰੀ ਅਰਥ-ਵਿਵਸਥਾ ਕ੍ਰਿਸਾਣੀ ਦੁਆਲੇ ਹੀ ਘੁੰਮਦੀ ਹੈ। ਅਗਰ ਹਿੰਦੁਸਤਾਨੀ ਕਿਸਾਨ ਖੁਸ਼ਹਾਲ ਹੋਵੇਗਾ ਤਾਂ ਹਿੰਦੁਸਤਾਨ ਖ਼ੁਦ-ਬ-ਖ਼ੁਦ ਹੀ ਖੁਸ਼ਹਾਲ ਦੇਸ਼ਾਂ ਦੀ ਕਤਾਰ ਵਿਚ ਜਾ ਖੜੇਗਾ। ਅਜ ਦੇਸ਼ ਭਾਵੇਂ ਅੰਨ ਦੇ ਲਿਹਾਜ ਨਾਲ ਕਿਸੇ ਦੂਜੇ ਦੇਸ਼ ਤੇ ਨਿਰਭਰ ਨਹੀਂ ਪਰ ਹਮੇਸ਼ਾਂ ਅਜਿਹਾ ਨਹੀਂ ਸੀ। ਸਵ: ਲਾਲ ਬਹਾਦਰ ਸ਼ਾਸਤਰੀ ਦੇ ਸਮੇਂ ਤੀਕ, ਅਸੀਂ ਠੂਠਾ ਫੜ੍ਹ ਕੇ, ਬਦੇਸ਼ਾਂ ਵਿਚੋਂ ਅਨਾਜ ਮੰਗਣ ਜਾਇਆ ਕਰਦੇ ਸਾਂ। ਹੋਰ ਤਾਂ ਹੋਰ, ਹਰ ਸੋਮਵਾਰ ਦੀ ਸ਼ਾਮ ਨੂੰ ਹੋਟਲ ਤੇ ਢਾਬੇ ਕਨੂੰਨਣ ਬੰਦ ਹੋ ਜਾਂਦੇ ਸਨ ਤਾਂ ਜੁ ਹਫਤੇ ਵਿਚ ਇਕ ਡੰਗ ਦਾ ਵਰਤ ਰਖਕੇ, ਅਨਾਜ ਦੀ ਖੱਪਤ ਘਟਾਈ ਜਾ ਸਕੇ।

ਇਕ ਸਵਾਲ : ਹੁਣ ਸਵਾਲ ਪੈਦਾ ਹੁੰਦਾ ਹੈ ਕਿ ਹਿੰਦੁਸਤਾਨ ਦੇ ਅੰਨ-ਦਾਤੇ ਨੂੰ ਉਸਦੀ ਮਿਹਨਤ ਦਾ ਕੀ ਫਲ ਮਿਲਿਆ...? ਇਥੇ ਮੈਂ ਖੁਦ ਕੁਝ ਨਹੀਂ ਕਹਾਂਗਾ, ਸਿਰਫ ਉਸ ਸਰਕਾਰੀ ਇਸ਼ਤਿਹਾਰ ਦੀਆਂ ਕੁਝ ਸਤਰਾਂ ਦਾ ਹੀ ਹਵਾਲਾ ਦੇਣਾ ਚਾਹਾਂਗਾ ਜੋ ਪਿੰਡਾਂ ਤੇ ਸ਼ਹਿਰਾਂ ਦੀਆਂ ਦੀਵਾਰਾਂ ਉਤੇ, ਮਿਸਟਰ ਦਰਬਾਰਾ ਸਿੰਘ ਨੇ 1981 ਦੁਰਾਨ ਚਿਪਕਵਾਏ ਸਨ (ਰਾਜ ਭਾਗ ਸੰਭਾਲਣ ਤੋਂ ਤਕਰੀਬਨ ਇਕ ਸਾਲ ਬਾਦ)...

ਪਿਛਲੇ ਸਾਲ, ਅਕਾਲੀਆਂ ਨੇ ਤਾ ਕੇਵਲ 150 ਕਰੋੜ ਹੀ ਕਰਜ਼ਾ ਵੰਡਿਆ ਸੀ ਮਗਰ ਕਾਂਗਰਸ ਸਰਕਾਰ ਨੇ 'ਆਧਣੇ' ਕਿਸਾਨ ਭਰਾਂਵਾਂ ਨੂੰ 200 ਕਰੋੜ ਤੋਂ ਵੀ ਵਧ ਕਰਜ਼ਾ ਦਿਤਾ ਹੈ ਤਾਂ ਜੁ ਉਹ ਵਧੇਰੇ ਤੋਂ ਵਧੇਰੇ ਫਸਲਾਂ ਬੀਜ ਕੇ "ਖੁਸ਼ਹਾਲ" ਹੋ ਸਕਣ !!

ਆਉ ਆਪਾਂ ਖੁਦ ਹੀ ਸਰਕਾਰੀ ਇਸ਼ਤਿਹਾਰ ਵਾਲੀਆਂ ਸਤਰਾਂ ਨੂੰ ਮੁੜ ਬਰੀਕੀ ਨਾਲ ਘੋਖੀਏ !! ਉਪਰੋਕਤ ਸਤਰਾਂ ਦੁਬਾਰਾ ਗਹੁ ਨਾਲ ਪੜ੍ਹਨ ਤੇ ਸਪੱਸ਼ਟ ਹੋ ਜਾਂਦਾ ਹੈ ਕਿ ਕਿਸਾਨੀ ਖੁਸ਼ਹਾਲ ਹੋਣ ਦੀ ਥਾਂ ਲਗਾਤਾਰ ਕਰਜ਼ੇ ਦੇ ਭਾਰ ਹੇਠਾਂ ਦੱਬੀ ਤੁਰੀ ਜਾ ਰਹੀ ਹੈ...? ਕੋਈ ਭਲਾ ਇਨ੍ਹਾਂ ਖਦਰਧਾਰੀਆਂ ਨੂੰ ਪੁਛੇ ਕਿ ਇਸ ਵਿਚ ਕਿਹੜੀ 'ਮਾਣ' ਵਾਲੀ ਗੱਲ ਹੈ—ਜੇ ਤੁਸਾਂ 'ਡੇਢ ਸੌ' ਦੀ ਥਾਂ 'ਦੋ ਸੌ' ਕਰੋੜ ਬਤੌਰ ਕਰਜ਼ਾ ਵੰਡਿਆ ਹੈ ?

'ਦੋ ਬੈਲਾਂ ਦੀ ਜੋੜੀ', ਗਊ-ਵੱਛੇ ਤੇ ਜੈ ਜਵਾਨ— ਜੈ ਕਿਸਾਨ ਵਗੈਰਾ 2 ਦਾ ਨਾਹਰਾ ਲਾਉਣ ਵਾਲਿਆਂ ਨੂੰ ਤਾ ਇਹ ਸਤਰਾਂ ਪੜ੍ਹਕੇ ਚੁੱਲੂ ਭਰ ਪਾਣੀ ਡੁੱਬ ਮਰਨਾ ਚਾਹੀਦਾ ਹੈ।

ਭਿਅੰਕਰ ਕਰਜ਼ਾ—ਸਾਡੀ ਇਹ ਜਾਣਕੇ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ ਕਿ ਸੰਨ 1967 ਦੇ ਮੁਕਾਬਲੇ, ਅਜ ਪੰਜਾਬੀ ਕਿਸਾਨ ਵੀਹ ਗੁਣਾ ਵਧੇਰੇ ਅਨਾਜ, ਕੇਂਦਰੀ-ਭੰਡਾਰ ਵਿਚ ਦੇ ਰਹੇ ਹਨ ਤੇ ਇਸਦੇ ਨਾਲ ਨਾਲ, ਉਨ੍ਹਾਂ ਸਿਰ, ਕਰਜ਼ਾ ਵੀ ਵੀਹ ਗੁਣਾ ਹੀ ਵਧੇਰੇ ਚੜ੍ਹ ਚੁਕਾ ਹੈ ! ਸੰਨ 1959-60 ਵਿਚ ਸਾਡਾ ਪੜਨਾਨਾ ਦਫੇਦਾਰ ਬਿਸ਼ਨ ਸਿਉਂ, ਪਿੰਡ ਦੀ ਸੁਸੈਇਟੀ ਦਾ ਸੈਕਟਰੀ ਹੁੰਦਾ ਸੀ ਤੇ ਸਾਰੇ ਪਿੰਡ ਵਿਚ ਤਿੰਨ ਹਜ਼ਾਰ ਦਾ ਕਰਜ਼ਾ, ਸ ਰੇ ਸਾਲ ਵਿਚ ਵੰਡਿਆ ਕਰਦਾ ਸੀ। ਕਿਥੇ ਸਾਰੇ ਪਿੰਡ ਸਿਰ ਤਿੰਨ ਹਜ਼ਾਰ, ਕਿਥੇ ਇਕੱਲੇ 2 ਟੱਬਰ ਸਿਰ ਹੀ ਤਿੰਨ 2 ਹਜ਼ਾਰ ਚੜ੍ਹਨ ਲਗ ਪਿਆ ਹੈ। ਇਥੇ ਮੈਂ ਮਾੜੇ ਤੋਂ ਮਾੜੇ ਜ਼ਿਮੀਂਦਾਰ ਘਰਾਣੇ ਦੀ ਹੀ ਗੱਲ ਕਰ ਰਿਹਾ ਹਾਂ ! ਤਿੰਨ ਤਿੰਨ ਤਾਂ ਕੀ, ਕਈ 2 ਟੱਬਰ ਤਾ ਤੀਹ 2 ਹਜ਼ਾਰ ਤੋਂ ਵੀ ਕਿਤੇ ਵਧੇਰੇ ਦੇ ਦੇਣਦਾਰ ਹਨ, ਹੈਨ ਕਿ ਨਹੀਂ.. ? ਮੇਰਾ ਭੂਆ ਦਾ ਪੁੱਤ ਭਰਾ ਜੋ ਗੰਡੀ ਵਿੰਡ (ਅੰਮ੍ਰਿਤਸਰ) ਬਲਾਕ ਵਿਚ ਇਨਸਪੈਕਟਰ ਹੈ, ਪਿਛਲੇ ਮਹੀਨੇ ਦਸ ਰਿਹਾ ਸੀ ਕਿ ਉਸਦੇ ਸਮੁੱਚੇ ਬਲਾਕ ਸਿਰ (ਪੰਝੀ-ਪਿੰਡ) ਅੱਸੀ ਲਖ ਤੋਂ ਵਧੇਰੇ ਕਰਜ਼ਾ ਹੈ ? ਇਕ ਅੰਦਾਜ਼ੇ ਮੁਤਾਬਿਕ, ਹਰ ਇਕ ਪਿੰਡ ਨੇ ਔਸਤਨ ਤਿੰਨ ਲੱਖ ਕਰਜ਼ਾ ਦੇਣਾ ਹੈ !!! ਜ਼ਰਾ ਗੱਜ ਕੇ ਬੋਲੋ—

ਜੈ ਜਵਾਨ—ਜੈ ਕਿਸਾਨ

ਅਜ ਪੁਲਸੀਆਂ ਨੂੰ ਤਾਂ ਸਟੇਨ ਗੰਨਾਂ, ਬਰੇਨਗੰਨਾਂ, ਬੱਖਤਰ ਬੰਦ ਗੱਡੀਆਂ, ਰਬੜ ਦੀ ਗਲੀਆਂ, ਅਥਰੂ ਗੈਸ ਦੇ ਗੋਲੇ, ਉੱਚ ਅਫਸਰਾਂ ਖਾਤਰ ਵਧੀਆ 2 ਜੀਪਾਂ ਤੇ ਕਾਰਾਂ, ਛੋਟੇ ਕਰਮਚਾਰੀਆਂ ਖਾਤਰ ਤੇਜ਼ ਰਫਤਾਰ ਮੋਟਰਸਾਈਕਲ ਦਿਤੇ ਜਾ ਰਹੇ ਹਨ.. ਜਣਾ ਖਣਾ ਚੌਂਕਾਂ ਵਿਚ ਖਲੋਤਾ ਹੈਲੋ, ਹੈਲੋ, ਓਵਰ ..ਹੈਲੋ-ਹੈਲੋ ਓਵਰ ਕਰਦਾ ਫਿਰਦਾ ਵਖਾਈ ਦਿੰਦਾ ਹੈ। ਸੋ ਜੈ-ਜਵਾਨ ਤਾਂ ਠੀਕ ਪਰ ਜੈ-ਕਿਸਾਨ ਬਾਰੇ...?

ਅਗਰ ਸੱਚ ਪੁਛੋ ਤਾਂ ਨਾਹਰਾ ਜੈ ਜਵਾਨ—ਜੈ

ਕਿਸਾਨ ਦੀ ਥਾਂ ਇੰਜ ਹੋਣਾ ਚਾਹੀਦਾ ਸੀ :

ਜੈ ਜਵਾਨ--ਮਾਰ ਕਿਸਾਨ

ਵੈਸੇ ਵੀ ਕ੍ਰਿਸਾਨ ਵਿਚ ਹੁਣ ਸਾਹ-ਸਤ ਬਾਕੀ ਨਹੀਂ ਰਿਹਾ। ਉਸਦੀ ਹਾਲਤ ਬਦ ਤੋਂ ਬਦੱਤਰ ਹੀ ਹੁੰਦੀ ਤੁਰੀ ਜਾ ਰਹੀ ਹੈ। ਪੰਜਾਬ ਸਰਕਾਰ ਨੇ, ਜੱਟਾਂ ਨੂੰ ਸ਼ਾਹੂਕਾਰਾਂ ਦੀ ਚੁੰਘਲ ਵਿਚੋਂ ਕਢਣ ਖਾਤਰ ਸੁਸੈਇਟੀਆਂ ਖੋਲ੍ਹੀਆਂ...

ਫਿਰ ਦਿੱਲੀ ਸਰਕਾਰ ਨੇ ਸੁਸੈਇਟੀਆਂ ਦੇ ਕਰਜ਼ੇ ਮੁੜਵਾਉਣ ਖਾਤਰ ਬੈਂਕਾਂ ਦਾ ਕੌਮੀਕਰਨ ਕੀਤਾ ਤੇ ਪਿੰਡ ਪਿੰਡ ਬਰਾਂਚਾ ਖੋਲ੍ਹੀਆਂ।

ਤੇ ਹੁਣ ਬੈਂਕਾ ਤੋਂ ਪਿਛਾ ਛੁੜਾਨ ਦੀ ਖਾਤਰ ਕ੍ਰਿਸਾਨ ਨੇ ਸ਼ਾਹੂਕਾਰਾਂ ਦੀ ਫਿਰ ਦਹਿਲੀਜ਼ਾਂ ਜਾ ਮਲੀਆਂ ਹਨ...

ਅਣਸੁਣੀ ਲੁਟ—ਕਿਸਾਨੀ ਦੀ ਕਿੰਨੀ ਭਿਅੰਕਰ ਲੁੱਟ ਹੋ ਰਹੀ ਹੈ ਉਸ ਗੱਲ ਦਾ ਅੰਦਾਜ਼ਾ ਹੇਠਲੇ ਅੰਕੜਿਆਂ ਤੋਂ ਅਸਾਨੀ ਨਾਲ ਹੀ ਲਾ ਸਕੋਗੇ। ਇਨ੍ਹਾਂ ਅੰਕੜਿਆਂ ਵਿਚ ਉਨੀ-ਇੱਕੀ ਦਾ ਫਰਕ ਹੋ ਸਕਦਾ ਹੈ। ਸੂਝਵਾਨ ਪਾਠਕ ਵੀਰ, ਆਪੋ ਆਪਣੇ ਤਜਰਬੇ ਦੇ ਆਧਾਰ ਤੇ ਅਜਿਹਾਂ ਫਰਕ ਖੁਦ ਹੀ ਦੂਰ ਕਰ ਲੈਣ! ਇਨ੍ਹਾਂ ਅੰਕੜਿਆਂ ਵਿਚ ਮੁੱਖ ਤੌਰ ਤੇ 1966 ਨੂੰ ਹੀ ਅਧਾਰ-ਸਾਲ ਵਜੋਂ ਮੰਨਿਆ ਗਿਆ ਹੈ ਕਿਉਂਕਿ ਇਸੇ ਸਾਲ ਹੀ ਇੰਦਰਾ ਮਾਈ ਗੱਦੀ ਤੇ ਬੈਠੀ ਸੀ ਤੇ ਉਦੋਂ ਤੋਂ ਹੀ ਹਿੰਦੁਸਤਾਨੀ ਕ੍ਰਿਸਾਣੀ ਦਾ ਆਮ ਕਰਕੇ ਤੇ ਪੰਜਾਬੀ-ਕਿਸਾਨੀ ਦੀ ਖਾਸ ਕਰਕੇ ਬਰਬਾਦੀ ਸ਼ੁਰੂ ਹੋਈ ਹੈ।

ਸੰਨ 1966 ਵਿਚ ਮੇਰੇ ਜ਼ਿਮੀਦਾਰ ਵੀਰ, ਇਕ ਬੋਰੀ ਕਣਕ ਦੀ ਵੇਚਕੇ ਜਵਾਨ ਧੀ-ਭੈਣ ਦੀ ਖਾਤਰ ਛੇ ਮਾਸੇ ਸੋਨਾ ਖ੍ਰੀਦ ਲਿਆਇਆ ਕਰਦੇ ਸੀ ਪਰ ਉਸੇ ਬੋਰੀ ਦੇ ਬਦਲੇ, ਅੱਜ ਇਕ ਮਾਸਾ ਸੋਨਾ ਵੀ ਨਸੀਬ ਨਹੀਂ ਹੁੰਦਾ ਕਿ ਹੋ ਜਾਂਦਾ ਹੈ...? ਧੀਆਂ-ਭੈਣਾਂ ਦੇ ਘਰੋਂ ਬੈਠਿਆਂ ਦੇ ਧੌਲੇ ਨਾ ਆਉਣ ਤਾਂ ਹੋਰ ਕੀ ਹੋਵੇ?

ਜਦੋਂ ਸ਼੍ਰੀ ਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ ਸੀ—ਉਦੋਂ ਇਕ ਬੋਰੀ ਝੋਨੇ ਦੀ ਵੇਚਕੇ ਛੇ ਬੋਰੀਆਂ ਸੀਮੈਂਟ ਪ੍ਰਾਪਤ ਹੋ ਜਾਂਦਾ ਸੀ ਪਰ ਅਜ ਛੇ ਬੋਰੀਆਂ ਦਾ ਮੁੱਲ 420 ਰੁਪਏ ਬੈਠਦਾ ਹੈ। ਝੋਨੇ ਦੀ ਬੋਰੀ ਨਾਲ ਤਾਂ ਦ ਬੋਰੀਆਂ ਸੀਮੈਂਟ ਦੇ ਵੀ ਦਰਸ਼ਨ ਨਹੀਂ ਹੁੰਦੇ !! ਸਮਝ ਨਹੀਂ ਆਉਂਦੀ ਪਾਏਦਾਰੀ ਸਰਕਾਰ ਦੇ ਤਿੰਨ ਸਾਲਾ ਰਾਜ ਅੰਦਰ ਹੀ "ਪੈਂਤੀ ਵਿਕਣ ਵਾਲਾ ਸੀਮੈਂਟ ਦਾ ਥੈਲਾ, ਸੱਤਰੀਂ" ਹੋ ਗਿਆ ਹੈ ਪਰ ਇਸ ਸਮੇਂ ਦੌਰਾਨ ਕਣਕ ਤੇ ਝੋਨਾ ਕਿਉਂ ਨਹੀਂ ਦੁਗਣੇ ਭਾਅ ਵਿਕਿਆ? ਕੀ ਬਿਰਲੇ-ਡਾਲਮੀਏ ਦੇ ਪੱਥਰ (ਚੂਨੇ ਦੇ) ਬੰਤੇ-ਸੰਤੇ ਹੋਰਾਂ ਦੀ ਬੋਟੀ (ਫਸਲ) ਤੋਂ ਵੀ ਵਧ ਪਿਆਰੇ ਹੋ ਗਏ...?

ਕਦੇ ਬੋਰੀ ਕਣਕ ਦੀ ਵੇਚਕੇ ਟਾਟੇ ਦੀਆਂ ਚਾਦਰਾਂ ਦੀ ਬਣੀ, ਚੌਂਹਾਂ ਬਿਸਤਰਿਆਂ ਦੀ ਪੇਟੀ ਆ ਜਾਂਦੀ ਸੀ—ਅਜ ਸੁੱਖੀ ਸਾਂਦੀ ਡੂਢ ਸੌ ਵਿਚ ਦੋ ਸੂਟਾਂ ਜੋਗੀ ਟਰੰਕੀ ਵੀ ਨਹੀਂ ਮਿਲਦੀ!

ਰੁਪਈਏ ਗਜ਼ ਆਉਣ ਵਾਲਾ ਕਪੜਾ, ਦਸ ਰੁਪੈ ਮੀਟਰ ਹੋ ਗਿਆ ਪਰ ਨਰਮਾ ਕਿਉਂ ਨਾ ਸੌ ਤੋਂ ਹਜ਼ਾਰ ਰੁਪਏ ਕਵਿੰਟਲ ਹੋਇਆ...?

ਜੇ ਜੰਤਾ ਰਾਜ ਮਗਰੋਂ ਡਾਲਡਾ ਦੁਗਣੇ ਭਾ ਹੋ ਸਕਦਾ ਹੈ ਫਿਰ ਮੂੰਗਫਲੀ ਕਿਉਂ ਨਹੀਂ ਡਿਉਢੇ ਭਾਅ ਵੀ ਮੰਡੀਆਂ ਵਿਚ ਵਿਕਦੀ?

ਲੇਖਕ ਨੂੰ 1959-60 ਦੇ ਚੰਗੀ ਤਰ੍ਹਾਂ ਯਾਦ ਹੈ। ਉਦੋਂ ਚਾਹ ਪੱਤੀ ਛੇ ਰੁਪਏ ਕਿਲੋ ਤੇ ਭੱਠੀਆਂ ਵਿਚ ਖਾਉਣ ਵਾਲਾ ਕੋਲਾ (ਹਾਰਡ ਕੋਕ) ਦਸ ਰੁਪਏ ਮਣ ਹੁੰਦਾ ਸੀ। ਉਨੀ ਦਿਨੀਂ ਕਣਕ ਦਾ ਭਾ ਵੀ ਤੇਤੀ ਰੁਪਏ (ਤੇਰਾਂ ਰੁਪਏ ਮਣ) ਹੁੰਦਾ ਸੀ! ਕੋਲਾ 'ਦਸਾਂ ਤੋਂ ਸੱਠੀ' ਜਾ ਪਹੁੰਚਾ ਹੈ ਤੇ ਚਾਹ ਪੱਤੀ "ਛਿਆਂ ਤੋਂ ਛੱਤੀ" ਹੋ ਗਈ ਹੈ ਪਰ ਕਣਕ ਕਿਉਂ ਨਹੀਂ ਦੋ ਸੌ ਰੁਪਏ ਹੋ ਗਈ?

ਲੇਖਕ ਨੂੰ ਚੌਥੀ ਵਿਚ ਚਾਰ ਰੁਪਏ ਮਹੀਨਾ ਵਜੀਫ਼ਾ ਲੱਗਾ ਸੀ, ਉਦੋਂ ਬਦਾਮ ਢਾਈ ਰੁਪਏ ਕਿਲੋ ਆਉਂਦੇ ਸਨ, ਅਜ ਢਾਈ ਰੁਪਇਆਂ ਵਿਚ ਛਟਾਂਕੀ ਵੀ ਨਹੀਂ ਆਉਂਦੇ, ਪਰ ਛੋਲੇ ਉਸੇ ਭਾ ਨਹੀਂ ਵਧੇ ਕਿ ਵਧੇ ਹਨ?

ਹੋਰ ਤੇ ਹੋਰ, ਕੋਕਾ ਕੋਲਾ ਚਵਾਨੀ ਬੋਤਲ ਮਿਲਦਾ ਸੀ—ਦਿੱਲੀ ਵਿਚ (ਸੰਨ ਸਠ ਦੇ ਕਰੀਬ) ਉਹ ਚਵਾਨੀ ਤੋਂ ਦੋ ਰੁਪਏ (ਅੱਠ ਗੁਣਾ ਮਹਿੰਗਾ) ਹੋ ਗਿਆ ਪਰ ਦੁੱਧ ਕਿਉਂ ਨਹੀਂ, ਉਸੇ ਹੀ ਭਾਉ ਚੜਿਆ...? ਸ਼ਾਇਦ ਇਸ ਕਰਕੇ ਕਿ ਪਸ਼ੂ ਵੀ ਜੱਟ ਹੀ ਪਾਲਦੇ ਹਨ !!

ਨੋਟ : ਕਈ ਸ਼ਹਿਰੀ ਤੇ ਹੋਰ ਗੈਰ-ਜ਼ਿਮੀਂਦਾਰ ਭਰਾ, ਮੇਰਾ ਜ਼ਿਮੀਦਾਰਾਂ ਦੇ ਹੱਕ ਵਿਚ ਬੋਲੀ ਜਾਣਾ ਸ਼ਾਇਦ ਠੀਕ ਨਾ ਸਮਝਣ ਪਰ ਯਾਦ ਰੱਖੋ ਅਗਰ ਜੱਟਾਂ ਦੇ ਪੱਲੇ ਕੁਝ ਹੋਵੇਗਾ ਤਾਂ ਹੀ ਸਾਡੀ ਦੁਕਾਨ ਤੋਂ ਕੋਈ ਝੱਗਾ-ਚੁੰਨੀ, ਰੰਬਾ-ਦਾਤਰੀ, ਸਾਈਕਲ-ਪੱਖਾ, ਅਧੀਆ-ਪਊਆ ਆਦਿ ਖ੍ਰੀਦ ਕੇ ਖੜੇਗਾ? ਅਗਰ ਜੱਟ ਹੀ ਭੁੱਖੇ ਨੰਗੇ ਹੋਣਗੇ ਤਾਂ ਸਾਡੀਆਂ ਦੁਕਾਨਾਂ ਵਿਚ ਵੀ ਉੱਲੂ ਹੀ ਬੋਲਣਗੇ...

ਕਪਾਹ ਹੋਵੇਗੀ ਤਾਂ ਕਾਰਖਾਨੇ ਲਗਣਗੇ...ਕਾਰਖਾਨੇ ਲਗਣਗੇ ਤਾਂ ਨੌਕਰੀਆਂ ਮਿਲਣਗੀਆਂ, ਅਗਰ ਮੂੰਗਫਲੀ/ਕਪਾਹ ਨਾ ਹੋਵੇ ਤਾਂ ਕਪੜੇ/ਘਿਉ ਦੀਆਂ ਮਿੱਲਾਂ ਕਿਵੇਂ ਲਗ ਜਾਣਗੀਆਂ? ਸੋ ਵਧੇਰੇ ਰੁਜ਼ਗਾਰਾਂ ਲਈ—ਵਧੇਰੇ ਕਾਰਖਾਨੇ ਚਾਹੀਦੇ ਹਨ ਤੇ ਵਧੇਰੇ ਕਾਰਖਾਨਿਆਂ ਲਈ

ਵਧੇਰੇ ਕਣਕ/ਕਪਾਹ/ਮੁੰਗਫਲੀ... ਤੇ ਵਧੇਰੇ ਫਸਲ ਲਈ —ਵਾਜਬ ਭਾ ਦੇਣੇ ਵੀ ਜ਼ਰੂਰੀ..

### ਵਿਸ਼ੇਸ਼ ਅਧਿਕਾਰ

ਅੰਨਦਾਤੇ ਦਾ ਤਾਂ ਇਹ ਹਾਲ ਹੈ ਕਿ ਸ਼ਾਹੂਕਾਰ ਖ਼ਾਤਰ ਚੁਕਿਆ ਸੁਸਾਇਟੀ ਤੋਂ (ਅਤੇ ਸੁਸਾਇਟੀ ਲਈ ਚੁਕਿਆ ਬੈਂਕ ਤੋਂ) ਕਰਜ਼ਾ ਅਗਰ ਟਾਈਮ ਸਿਰ ਨਾ ਮੋੜ ਸਕੇ ਤਾਂ ਬਿਨਾਂ ਪੁਛਿਆਂ, ਬਿਨਾਂ ਵਰੰਟ, ਸਿਧਾ ਸੀਖਾਂ ਅੰਦਰ ਡੱਕ ਦਿੱਤਾ ਜਾਂਦਾ ਹੈ।

ਹੋਰ ਤੇ ਹੋਰ, ਸਾਡੇ ਦੇਸ਼ ਵਿਚ, ਹਾਜੀ ਮਸਤਾਨ ਤੇ ਬਖੀਏ ਵਰਗੇ ਅੰਤਰ-ਰਾਸ਼ਟਰੀ ਸਮਗਲਰਾਂ ਦੀਆਂ ਜ਼ਮਾਨਤਾਂ ਤਾਂ ਅਗਊਂ ਹੀ ਹੋ ਸਕਦੀਆਂ ਹਨ...ਢਿੱਡਲ ਧਰਿੰਦਰ ਬ੍ਰਹਮਚਾਰੀ (ਅਲੈਜਡ ਬਲਾਤਕਾਰੀ)* ਵਰਗੇ ਬੰਦੂਕਾਂ ਦੀਆਂ ਅੰਡਰਗਰਾਊਂਡ ਫੈਕਟਰੀਆਂ ਵੀ ਚਲਉਣ ਤਾਂ ਵੀ ਉਨ੍ਹਾਂ ਦੀ ਜ਼ਮਾਨਤ ਹੋ ਸਕਦੀ ਹੈ ਮਗਰ ਨਹੀਂ ਹੋ ਸਕਦੀ ਜ਼ਮਾਨਤ ਤਾਂ ਲੰਬੜਾਂ ਦੇ ਜੀਤੇ ਦੀ, ਫੱਲੀਕਿਆਂ ਦੇ ਮੀਤੇ ਦੀ, ਬਿਆਜੜੀਆਂ ਦੇ ਪ੍ਰੀਤੇ ਦੀ ਕਿਉਂਕਿ ਇਹ ਸਾਰੇ ਕ੍ਰਿਸਾਨ ਹਨ! ਧਰਤੀ ਦੇ ਜਾਏ ਹਨ !! ਅੰਨਦਾਤਾ ਹਨ !!!

"ਸ਼ੁਧ ਜੈਨ ਬਨਾਸਪਤੀ" ਦੇ ਨਾਉਂ ਹੇਠ, ਸੈਂਟ-ਪ੍ਰਸੈਂਟ ਗਊ ਦੀ ਚਰਬੀ ਵੇਚਲੇ ਦਵਾਰਕੇ ਦੀ ਤਾਂ ਜ਼ਮਾਨਤ ਹੋ ਸਕਦੀ ਹੈ ਪਰ ਨਹੀਂ ਹੋ ਸਕਦੀ ਜ਼ਮਾਨਤ ਤਾਂ ਸਿਰਫ 'ਅੰਨਦਾਤੇ' ਦੀ !! ਪਿਛਲੇ ਸਾਲ ਮੇਰੇ ਇਕ ਨਜ਼ਦੀਕੀ ਮਿੱਤਰ ਦੇ ਬਾਪੂ ਕੋਲੋਂ ਮੁਕੇਰੀਆਂ ਬਲਾਕ ਵਿਚ ਪੈਂਦੀ ਇਕ ਸੁਸਾਇਟੀ ਦਾ ਕਰਜ਼ਾ ਟਾਈਮ ਸਿਰ ਨਾ ਮੋੜਿਆ ਗਿਆ। ਇਨਸਪੈਕਟਰ ਆਇਆ ਤੇ ਦੋਸਤ ਦੇ ਬਾਪ ਨੂੰ ਗ੍ਰਿਫਤਾਰ ਕਰਕੇ ਲੈ ਗਿਆ, ਜਾਂਦਿਆਂ ਹੀ ਸਿਟੀ ਹਵਾਲਾਤ ਵਿਚ ਤੀਹ ਦਿਨਾਂ ਲਈ ਬੰਦ ਕਰ ਦਿੱਤਾ। ਅਸੀਂ ਪਹੁੰਚੇ, ਜਾ ਕੇ ਮਿਲੇ ਤੇ ਬੇਨਤੀ ਕੀਤੀ ਕਿ ਜਨਾਬ, ਇਸ ਬਜ਼ੁਰਗ ਨੂੰ ਹਫਤੇ ਕੁ ਵਾਸਤੇ ਹੀ, ਛੱਡ ਦਿਉ! ਅਸੀਂ ਇਸ ਦੀ ਜ਼ਾਮਨੀ ਭਰਨ ਨੂੰ ਤਿਆਰ ਹਾਂ। ਇਹ ਪਿੰਡ ਜਾ ਕੇ, ਆਪਣਾ ਘਰ-ਕੋਠਾ ਜਾਂ ਖੇਤ ਗਹਿਣੇ ਧਰਕੇ ਜਾਂ ਵੇਚ ਕੇ ਤੁਹਾਡੇ ਪੈਸੇ ਜਮਾ ਕਰਵਾ ਦੇਵੇਗਾ! ਨਾ ਦੇਵੇ ਤਾਂ ਮੁੜ ਇਸ ਦੇ ਨਾਲ ਸਾਨੂੰ ਵੀ ਫੜ ਲਿਆਇਓ!

ਉਹ ਕਹਿਣ ਕਿ ਪੈਸੇ ਜਮਾ ਕਰਾ ਜਾਓ ਤੇ ਬੁੱਢੇ ਨੂੰ ਛੁੜਾ ਕੇ ਜਾਓ! ਜ਼ਮਾਨਤ ਤਾਂ ਹੋ ਹੀ ਨਹੀਂ ਸਕਦੀ ਕਿਉਂਕਿ ਕਾਨੂੰਨ ਇਸਦੀ ਇਜਾਜ਼ਤ ਨਹੀਂ ਦਿੰਦਾ! ਅਤੇ ਜਿੰਨਾ ਚਿਰ ਫੜ-ਫੜਾ ਕੇ ਪੈਸੇ ਨਾ ਜਮਾ ਕਰਾਏ, ਉਨ੍ਹਾਂ ਬਜ਼ੁਰਗ ਨੂੰ (ਬਤੌਰ ਜ਼ਰਗ ਮਾਲ) ਸੀਖਾਂ ਅੰਦਰ ਹੀ ਡੱਕੀ ਰੱਖਿਆ ਤੇ ਮੂਲ ਅਤੇ ਵਿਆਜ ਤੋਂ ਇਲਾਵਾ, ਛੇ ਰੁਪਏ ਦੇ ਹਿਸਾਬ, ਡੂਢ ਸੌ ਹੋਰ ਜਮਾ ਕਰਾਉਣਾ ਹੈ। ਕਿਉਂਕਿ ਬਜ਼ੁਰਗ, ਪੰਝੀ ਦਿਨ ਉਨ੍ਹਾਂ ਨੂੰ ਜੁ ਸਾਂਭਣਾ ਪਿਆ ਸੀ।

ਇਹ ਘਟਨਾ, ਅੱਖੀਂ ਡਿੱਠਣ ਤੋਂ ਮਗਰੋਂ, ਮੈਨੂੰ ਪੌਂਡ ਅਹਾਤਿਆਂ ਦੀ ਗੱਲ ਯਾਦ ਆ ਗਈ ਜਿਥੇ ਅਵਾਰਾ ਪਸ਼ੂਆਂ ਨੂੰ ਅੰਦਰ ਡੱਕ ਦਿਤਾ ਜਾਂਦਾ ਹੈ। ਮਾਲਕ ਪੰਜ ਰੁਪਏ ਰੋਜ਼ਾਨਾ ਦੇ ਹਿਸਾਬ ਖਰਚਾ ਭਰਨ ਮਗਰੋਂ ਹੀ ਪਸ਼ੂ ਛੁਡਾਕੇ ਲਿਜਾ ਸਕਦਾ ਹੈ! ਅਗਰ ਮਹੀਨਾ ਭਰ ਕੋਈ ਛੁਡਾਨ ਨਾ ਆਵੇ ਤਾਂ ਅਹਾਤੇ ਦਾ ਠੇਕੇਦਾਰ, ਪਸ਼ੂ ਦੀ ਨੀਲਾਮੀ ਕਰਕੇ ਆਪਣਾ ਖ਼ਰਚਾ ਵਸੂਲ ਕਰਕੇ ਬਚਦੀ ਰਕਮ ਪੰਚਾਇਤ-ਫੰਡ ਵਿਚ ਜਮਾਂ ਕਰਵਾ ਦਿੰਦਾ ਹੈ!

ਉਹ ਤਾਂ ਸ਼ੁਕਰ ਸੀ ਕਿ ਅਸੀਂ ਜਲਦੀ ਹੀ ਬਜ਼ੁਰਗ ਦੀ ਖਬਰ ਲੈਣ ਜਾ ਪਹੁੰਚੇ ਸਾਂ ਵਰਨਾ ਮਹੀਨੇ ਖੁੰਝ ਮਗਰੋਂ ਸ਼ਾਇਦ ਉਸਨੂੰ ਵੀ ਨਿਲਾਮ...

ਵਾਹ! ਓ ਭਾਰਤ ਦਿਆ ਅੰਨ ਦਾਤਿਆ! ਧੰਨ ਤੂੰ ਤੇ ਧੰਨ ਹੈ ਤੇਰੀ ਕਮਾਈ ਜਿਸਦਾ ਸਰਮਾਏਦਾਰਾਂ ਦੇ ਰਾਜ ਵਿਚ ਕੌਡੀ ਮੁੱਲ...

ਓਏ ਧਰਤੀ ਦਿਆ ਜਾਇਆ, ਤੇਰੇ ਨਾਲੋਂ ਤਾਂ ਮੇਰੇ ਯਾਰਾ ਭਿਖਾਰੀ ਵੀ ਚੰਗਾ ਹੈ! ਦਿਨੇ ਮੰਗ-ਟੰਗ ਕੇ ਸ਼ਾਮ ਨੂੰ ਖਾ-ਪੀ ਕੇ ਰਾਤ ਨੂੰ ਲੰਮੀਆਂ ਤਾਣ ਸੌਂਦਾ ਹੈ, ਪਰ ਮੇਰੇ ਯਾਰਾ, ਤੇਰਾ ਕੀ ਹਾਲ ਹੈ...? ਤੇਰਾ ਵਾਲ 2 ਕਿਉਂ ਕਰਜ਼ੇ ਵਿਚ ਪਰੁਚਦਾ ਜਾ ਰਿਹਾ ਹੈ...??

ਜਵਾਬ ਕਿਉਂ ਨਹੀਂ ਦਿੰਦਾ ? ਸ਼ਾਇਦ ਤੈਨੂੰ ਮੇਰਾ ਭਿਖਾਰੀ ਕਹਿਣਾ ਜ਼ਰਾ ਚੁਭਿਆ ਹੈ ?

ਓ ਭੋਲਿਆ ਮੈਂ ਕੋਈ ਗਲਤ ਥੋੜਾ ਕਿਹਾ ਸੀ! ਸੱਚ ਜਾਣੀ ਤੇਰੇ ਨਾਲੋਂ ਮੰਗਤਾ ਵੀ ਕਈ ਦਰਜੇ ਚੰਗਾ ਹੈ, ਨਹੀਂ ਯਕੀਨ ਤੇ ਤੂੰ ਹੀ ਦਸ ਕਿ

ਆੜ੍ਹਤੀਏ ਦੀ ਦੁਕਾਨ ਤੇ ਤੁਸੀਂ ਦੋਵੇਂ ਹੀ ਜਾਂਦੇ ਹੋ ਕਿ ਨਹੀਂ ? ਮੰਗਤਾ ਤਾਂ ਸਿਰਫ ਪੰਜੀ-ਦਸੀ ਹੀ ਮੰਗਦਾ ਹੈ ਪਰ ਤੂੰ ਤਾਂ ਪੰਜ-ਸੱਤ ਸੌ ਤੋਂ ਘੱਟ ਕਦੇ ਵੀ ਨਹੀਂ ਮੰਗਿਆ! ਪੰਜ-ਸੱਤ ਸੌ ਤਾਂ ਕੀ, ਕਈਆਂ ਤੇਰੇ ਭਾਈਆਂ ਦੀ ਪੰਜ-ਸੱਤ ਹਜ਼ਾਰ ਨਾਲ ਵੀ ਪੂਰੀ ਨਹੀਂ ਪੈਂਦੀ! ਉਂਜ ਵੀ ਅਜ ਕਲ ਪੰਜ-ਸੱਤ ਹਜ਼ਾਰ ਕੋਈ ਮਾਇਨੇ ਨਹੀਂ ਰੱਖਦੇ, ਖਾਦ ਤੇ ਡੀਜ਼ਲ ਹੀ ਮਾਣ ਨਹੀਂ!

ਮੰਗਤੇ ਨੂੰ ਪੰਜੀ-ਦਸੀ ਮੰਗਣ ਤੇ ਕਦੇ ਧੇਲੀ-ਪੌਲੀ ਵੀ ਨਸੀਬ ਹੋ ਜਾਂਦੀ ਹੈ ਪਰ ਤੈਨੂੰ ਅਗਰ ਪੰਜ ਹਜ਼ਾਰ ਦੀ ਲੋੜ ਹੋਊ ਤਾਂ ਸ਼ਾਹੂਕਾਰ ਢਾਈ ਹਜ਼ਾਰ ਦਿੰਦਾ ਵੀ ਚੀਕੀ ਜਾਊ! ਕਿਉਂ ਗੱਲ ਠੀਕ ਏ ਕਿ ਨਹੀਂ ? ਓਏ

---

*ਸ੍ਰੀ ਮਤੀ ਇੰਦਰਾ ਗਾਂਧੀ ਜੀ ਦੇ ਸਾਬਕਾ ਧਾਰਮਿਕ ਗੁਰੂ (Spirtual Leader) ਉਪਰ ਅਮਰੀਕਨ ਜੰਸੀ ਤੋਂ ਪਿਛੋਂ, ਦਿੱਲੀ ਵਿਖੇ, ਵਰਮਾ ਨਾਉਂ ਦੇ ਸ਼ਖਸ਼ ਦੀ ਪਤਨੀ ਨਾਲ ਬਲਾਤਕਾਰ ਕਰਨ ਬਾਬਤ ਮੁਕੱਦਮਾ ਵੀ ਦਰਜ ਹੋਇਆ ਸੀ।

ਭੋਲਿਆ ਪਾਤਸ਼ਾਹ ਤੈਨੂੰ ਤਾਂ ਸਿਰ ਝੁਕਾਕੇ ਮੰਗਣਾ ਪੈਂਦਾ ਏ ਪਰ ਮੰਗਤੇ ਤਾਂ ਅੱਖਾਂ ਵਿਚ ਅੱਖਾਂ ਪਾ ਕੇ ਮੰਗਦੇ ਹਨ ?

ਮੇਰੇ ਦੋਸਤ ! ਮੰਗਤਾ ਤਾ ਦੀਵਾਲੀ ਤੇ ਵੀ ਪੰਜੀ-ਦਸੀ ਮੰਗਦਾ ਹੈ ਅਤੇ ਵਿਸਾਖੀ ਤੇ ਵੀ ਪੰਜੀ-ਦਸੀ ਹੀ, ਪਰ ਤੈਨੂੰ ਤਾਂ ਯਾਰਾ, ਜੇ ਦਿਵਾਲੀ ਤੇ ਹਜ਼ਾਰ ਚੁਕਿਆ ਹੋਵੇ ਤਾਂ ਵਸਾਖੀ ਤੇ ਡੂਢ ਹਜ਼ਾਰ ਫੜ੍ਹਨਾ ਪੈਂਦਾ ਹੈ, ਹੈ ਕਿ ਨਹੀਂ...? ਹੁਣ ਤੂੰ ਹੀ ਦਸ ਕਿ ਕਿਸ ਦੀ ਅਰਥ ਵਿਵਸਥਾ (ECONOMY) ਮਜ਼ਬੂਤ ਹੈ...??

ਹੋਰ ਤੇ ਹੋਰ, ਮੰਗਤੇ ਨੂੰ ਮਿਲੇ ਖੈਰ ਬਦਲੇ ਕੁਝ ਵਾਪਸ ਨਹੀਂ ਦੇਣਾ ਹੁੰਦਾ ਪਰ ਤੈਨੂੰ ਤਾਂ ਸਾਰੀ ਫਸਲ ਵੀ ਉਸੇ ਹੀ ਸ਼ਾਹੂਕਾਰ ਮੂਹਰੇ ਢੇਰ ਕਰਨੀ ਪੈਂਦੀ ਹੈ ਉਹ ਅਗੋ ਚ ਹੇ ਤਿੰਨ ਕਰੇ ਚਾਹੇ ਤੇਰ੍ਹਾਂ...

ਇਹ ਠੀਕ ਹੈ ਕਿ ਮੰਗਤੇ ਦੀ ਮੰਗਤ ਨੂੰ 'ਖੈਰ' ਕਿਹਾ ਜਾਂਦਾ ਹੈ ਤੇ ਤੇਰੀ ਮੰਗਤ ਨੂੰ 'ਕਰਜ਼ਾ' ਪੜ੍ਹੇ-ਲਿਖੇ ਲੋਕ ਜਿਸਨੂੰ ਲੋਨ ਕਹਿ ਦੇਂਦੇ ਹਨ ਪਰ ਮੇਰੇ ਵੀਰ ਇਕ ਵੇਰ੍ਹਾਂ ਚੁਕਿਆ ਲੋਨ ਤਾਂ ਤੈਨੂੰ ਬਾਰ 2 ਮੰਗਣ ਲਈ ਮਜਬੂਰ ਨਹੀਂ ਹੈ ਕਰ ਦਿੰਦਾ ? ਸੋ ਮੁੜ ਮੁੜ ਮੰਗਣ ਵਾਲਾ ਬੇਹਤਰ ਹੋਇਆ ਜਾਂ ਕਿ ਮਰਜ਼ੀ ਮੁਤਾਬਕ ਮੰਗਣ ਵਾਲਾ . ?

ਜੇ ਸੇਠ ਮੰਗਤੇ ਨੂੰ ਨਾਂਹ ਵੀ ਕਰ ਦਏ ਤਾਂ ਉਹ ਮੱਥੇ ਤੇ ਤਿਊੜੀ ਵੱਟ ਪਾ ਕੇ ਪਿਛਾਂਹ ਚਲਾ ਜਾਂਦਾ ਹੈ ਤੇ ਮੁੜ ਅਗਲੀ ਦੁਕਾਨ ਮੂਹਰ ਫਿਰ ਹੱਥ ਤਾਣ ਕੇ ਖਲੋ ਜਾਂਦਾ ਹੈ ਪਰ ਭਰਾਵਾ ਜੇ ਤੈਨੂੰ ਪਹਿਲਾ ਆੜਤੀਆ ਜਵਾਬ ਦੇ ਦਏ ਤਾਂ ਤੂੰ ਦੂਜੇ ਮੂਹਰੇ ਹੋਰ ਵੀ ਝੁਕ ਕੇ ਬੋਲਦਾ ਏਂ,

ਸੇਠ ਜੀ, ਕੁਝ ਮਾਇਆ ਚਾਹੀਦੀ ਸੀ—ਜ਼ਰੂਰੀ ! ਸੌਣੀ ਹੀ ਸਾਰੀ ਤੁਹਾਡੀ ਹੱਟੀ ਨਹੀਂ ਲਿਆਊਂਗਾ ਸਗੋਂ ਦਵਾਈਆਂ ਬੀਜ, ਖਾਦ, ਮੁਬਲਾਇਲ ਵੀ ਤੁਹਾਥੋਂ ਹੀ ਖਰੀਦਿਆ ਕਰਾਂਗੇ । ਤੁਹਾਡਾ ਪੰਪ ਵੀ ਸਾਨੂੰ ਰਸਤੇ ਵਿਚ ਹੀ ਪੈਂਦਾ ਹੈ—ਤੇਲ ਵੀ ਉਥੋਂ ਹੀ ਪਵਾਇਆ ਕਰਾਂਗੇ ਜਣੀ ਕੇ ਅਜ ਤੋਂ ਸਾਨੂੰ ਆਪਣੇ ਪੱਕੇ ਗਾਹਕ ਮਿਥ ਲਉ !

ਤੇ ਸ਼ਾਹੂਕਾਰ ਵੀ ਸਭ ਜਾਣਦਾ ਹੁੰਦਾ ਹੈ ਕਿ ਇਹ ਹਵੇਲੀਸ਼ਾਹ ਦੀ ਸਾਮੀ ਰੂੜਾਰਾਮ ਦੀ ਦੁਕਾਨ 'ਤੇ ਕਿਵੇਂ ਆ ਚੜ੍ਹੀ ਏ ? ਉਹ ਵੀ ਅਗੋਂ ਦੀ ਵਲਨ ਪੈਂਦਾ ਹੈ :

ਲੈ ਸਰਦਾਰਾ ਇਹ ਵੀ ਥੋਡੀ ਆਪਣੀ ਹੀ ਹੱਟੀ ਹੈ, ਜੰਮ 2 ਆਉ, ਜੰਮ ਜੰਮ ! ਉਂ ਤਾਂ ਸਭ ਖੈਰ ਏ ਨਾ, 'ਹਵੇਲੀ ਰਾਮ ਹੋਰਾਂ' ਨਾਲ ਸਗੋਂ ਕੋਈ ਬੋਲ-ਬੁਲਾਰਾ ਤਾਂ ਨਹੀਂ ਹੋ ਗਿਆ ?

ਤੇ ਆਪਣੀ ਜੁੱਤੀ ਉਤੇ ਰਖਣ ਦਾ ਮਤਲਬ ਹੈ ਕਿ ਡੂਢ ਦੀ ਜਗਾ ਦੋ ਪਰਸੈਂਟ ਵਿਆਜ !!

ਜੱਟ ਨੂੰ ਚੁਕੇ ਕਰਜ਼ੇ ਪਿਛੇ ਪੂਰੀ ਛਿਮਾਹੀ ਸੱਪਾਂ ਦੀਆਂ ਸਿਰੀਆਂ ਮਿਧਨੀਆਂ ਪੈਂਦੀਆਂ ਹਨ —ਜਦ ਸ਼ਾਹੂਕਾਰ ਡੰਨਲੱਪ ਦੇ ਗੱਦਿਆਂ ਤੇ ਪਿਆ ਹੁਅ ਹਾਅ... ਹੋਅ ਹਾਅ ਕਰ ਰਿਹਾ ਹੁੰਦਾ ਹੈ—ਜੱਟ ਪੋਹ ਮਾਘ ਦੀਆਂ ਰਾਤਾਂ ਵਿਚ ਕਿਆਰਿਆਂ ਦੇ ਨਕੇ ਬੰਨ ਰਿਹਾ ਹੁੰਦਾ ਹੈ ਤੇ ਇਸਦੇ ਬਾਵਜੂਦ ਜਦ ਭਿਖਾਂਰੀ ਨੂੰ, ਸ਼ਾਹੂਕਾਰ ਤੋਂ ਮਿਲੇ ਖੈਰ ਬਦਲੇ ਕੁਝ ਵੀ ਨਹੀਂ ਹੈ ਮੋੜਨਾ ਹੁੰਦਾ ਅੰਨਦਾਤੇ ਨੂੰ ਮੂਲ ਤੋਂ ਇਲਾਵਾ ਵਿਆਜ ਵੀ ਮੋੜਨਾ ਹੁੰਦਾ ਹੈ ਕਿਉਂਕੇ ਸ਼ਾਹੂਕਾਰਾਂ ਨੂੰ ਮੁਢ ਤੋਂ ਹੀ ਪੁੱਤਰ ਨਾਲੋਂ ਪੋਤਰਾ ਪਿਆਰਾ ਰਿਹਾ ਹੈ ਅਤੇ ਰਹੇਗਾ ਵੀ ਜਦ ਤੀਕ...

## ਤੇਰਾ ਕੌਡੀ ਮੁੱਲ ਨਾ ਪਾਇਆ

ਦਸ ਖਾਂ ਮੇਰਿਆ ਵੀਰਾ, ਕੀ ਮੁੱਲ ਪਾਇਆ ਹੈ ਇਨ੍ਹਾਂ ਦੋ ਬੈਲਾਂ ਦੀ ਜੋੜੀ ਵਾਲਿਆਂ ਤੇਰਾ...? ਉਂਜ ਤਾਂ 'ਗਊ ਵੱਛਾ' ਵੀ ਤਾਂ ਤੇਰਾ ਹੀ ਹੈ ਨਾ ? ਕਿੰਨਾ ਰੇਟ ਮਿਲਿਆ ਹੈ ਤੈਨੂੰ ਕਣਕ ਦਾ ? ਇਕ ਰੁਪਈਆ ਕਵਿੰਟਲ...151 ਤੋਂ 152 ਰੁਪਏ ਕਵਿੰਟਲ ?? ਹੂ ! 'ਅੱਧਾ ਫੀਸਦੀ' ਦਾ ਵਾਧਾ...

ਪਿੰਡਾਂ ਵਿਚ ਕਿਹਾ ਜਾਂਦਾ ਹੈ ਕਿ ਲੈ ਵਡੇ ਯਾਰ ਲਈ ਫਿਰਦਾ ਸੈਂ, ਅਗਲਿਆਂ ਟੱਕਾ ਮੁੱਲ ਨਹੀਂ ਪਾਇਆ !

ਪਰ ਤੇਰੇ ਮਾਲਕਾਂ, ਜੱਟ ਪਾਤਸ਼ਾਹ ਦਾ ਕਿੰਨਾ ਮੁੱਲ ਪਾਇਆ । ਰੁਪਈਏ ਦਾ ਵਾਧਾ ਡੂਢ ਸੌ ਮਗਰ ! ਕੀ ਤੇਰਾ ਉਨ੍ਹਾਂ ਟੱਕਾ ਮੁੱਲ ਪਾਇਆ ਹੈ...?

ਓ ਭੋਲਿਆ ਟੱਕਾ ਤਾਂ ਕੀ ਤੇਰਾ ਤਾਂ ਉਨ੍ਹਾਂ ਪੈਸਾ ਮੁੱਲ ਵੀ ਨਹੀਂ ਪਾਇਆ ..

ਪੈਸਾ ਤਾਂ ਕੀ ਤੇਰਾ ਤਾਂ ਉਨ੍ਹਾਂ ਧੇਲਾ ਮੁੱਲ ਵੀ ਨਹੀਂ ਪਾਇਆ । ਕੀ ਪਾਇਆ ਹੈ ??

ਅਗਰ ਇੰਦਰਾ ਡੂਢ ਰੁਪਈਏ ਦਾ ਕਵਿੰਟਲ ਮਗਰ ਵਾਧਾ ਕਰਦੀ ਤਾਂ ਤੇਰਾ ਨਿੱਕਾ ਪੈਸਾ (ਧੇਲੇ ਬਰਾਬਰ) ਮੁੱਲ ਪੈਣਾ ਸੀ...

ਪਿਛਲੇ ਤਿੰਨਾਂ ਸਾਲਾਂ ਦੌਰਾਨ ਤਾਂ ਭਾਵੇ ਤੇਰਾ ਦਸੀ ਮੁੱਲ ਪੈਂਦਾ ਰਿਹਾ ਸੀ ਪਰ ਐਤਕਾਂ ਨਿੱਕਾ ਪੈਸਾ ਵੀ ਨਹੀਂ ਪਿਆ . ?

ਐਤਕਾਂ ਬੋਲਾਂਦਿਆ ਮਾਲਕਾ— ਤੇਰਾ ਮੁੱਲ ਪਿਆ ਹੈ — ਪਾਈ, ਹਾਂ ! ਹਾਂ ਇੱਕ ਪਾਈ !!

ਤੇ ਅਗਲੇ ਸਾਲ ਤੇਰਾ ਮੁੱਲ ਪਵੇਗਾ—ਦਮੜੀ

ਤੇ ਫਿਰ ਉਸਤੋਂ ਅਗਲੇ ਸਾਲ ਕੌਡੀ

ਤੇ ਫਿਰ ਉਸ ਤੋਂ...ਸ਼ਾਇਦ ਰੋੜਾਂ ਦੇ ਰੋੜ ਹੀ ਤੇਰਾ ਮੁੱਲ ਪਵੇ ।

ਨੋਟ:— 1980-81 ਤੋਂ 1983-84 ਦੁਰਾਨ ਕਣਕ ਦੇ

ਭਾਅ ਵਿਚ ਔਸਤਨ 11 ਰੁਪਏ ਕਵਿੰਟਲ ਦਾ ਵਾਧਾ ਹੁੰਦਾ ਆਇਆ ਸੀ (117 ਤੋਂ 151 ਰੁਪਏ) ...ਸਸਤੇ ਜ਼ਮਾਨੇ ਵਿਚ ਇਕ ਦਮੜੀ ਦੋ ਕੌਡੀਆਂ ਦੇ ਬਰਾਬਰ ਹੁੰਦੀ ਸੀ।

ਸੱਚ ਪੁਛੇਂ ਤਾਂ ਮੇਰੇ ਵੀਰਾ ਐਦਕਾਂ ਤੇਰਾ ਕੌਡੀ ਮੁਲ ਵੀ ਨਹੀਂ ਪਿਆ। ਵਾਧਾ ਤਾਂ ਇਕ ਰੁਪਈਆ ਕੀਤਾ ਹੈ ਤੇ ਜਿਹੜਾ ਡੂਢ ਰੁਪਈਆ ਬੋਰੀ ਮਗਰ ਸੈਸ (ਟੈਕਸ) ਲਾ ਦਿਤਾ ਹੈ, ਉਹਦਾ ਵੀ ਕਦੇ ਖਿਆਲ ਕੀਤਾ ਈ ..?

ਪਰ ਇਸ ਦਾ ਹਲ ਕੀ ਹੈ ?

ਹੱਲ ਜਾਨਣ ਤੋਂ ਪਹਿਲਾਂ ਅੰਨਦਾਤੇ ਨੂੰ ਆਪਣੀ ਸਹੀ ਹਾਲਤ ਤੋਂ ਚੰਗੀ ਤਰ੍ਹਾਂ ਵਾਕਿਫ ਹੋਣਾ ਪਵੇਗਾ। ਉਸਨੂੰ ਮੰਨਣਾ ਹੋਵੇਗਾ ਕਿ ਅਜ ਕੋਈ ਉਸਦਾ ਖਾਨਦਾਨੀ ਦੁਸ਼ਮਣ (ਦੋਸਤੀ ਦੇ ਬਾਣੇ ਵਿਚ) ਉਸਦੀ ਮਿਹਨਤ ਨੂੰ ਹੜੱਪ ਕਰੀ ਜਾ ਰਿਹਾ ਹੈ ! ਉਸਨੇ ਸਮਝਣਾ ਹੋਵੇਗਾ ਕਿ ਅਜ ਕੁਝ ਗਿਣੇ-ਮਿਥੇ ਸ਼ਾਹੂਕਾਰ, ਸਿਆਣਿਆ ਦੀ ਕਹਾਵਤ ਨੂੰ ਪੁੱਠਾ ਟੰਗਣ ਦੀ ਕੋਸ਼ਿਸ਼ ਵਿਚ ਹਨ। ਉਸਨੂੰ ਪਹਿਲਾਂ ਹੇਠਲੀਆਂ ਸਤਰਾਂ ਨਾਲ ਸਹਿਮਤੀ ਪ੍ਰਗਟ ਕਰਨੀ ਹੋਵੇਗੀ :

ਉਤਮ ਵਪਾਰੀ, ਮਧਮ ਕਰਮਚਾਰੀ
ਨਖਿਧ ਭਿਖਾਰੀ, ਗੁਆਰ ਜ਼ਿਮੀਂਦਾਰੀ

ਤੇ ਇਸ ਸਮਝਣ ਪ੍ਰਖਣ ਮਗਰੋਂ ਉਸ ਨੂੰ ਘਰ 2 ਉਹੋ ਗੀਤ ਛੁਹਣਾ ਹੋਵੇਗਾ ਜੋ ਸੰਨ 1905 ਵਿਚ ਉਸਦੇ ਬਜ਼ੁਰਗਾਂ ਨੇ ਕਦੇ ਛੋਹਿਆ ਹੀ-ਅਮਰ ਸ਼ਹੀਦ ਸ: ਭਗਤ ਸਿੰਘ ਦੇ ਚਾਚੇ ਸ: ਅਜੀਤ ਸਿੰਘ ਨੂੰ ਛੋਹਿਆ ਸੀ :

ਪਗੜੀ ਸੰਭਾਲ ਓ ਜੱਟਾ ਪਗੜੀ ਸੰਭਾਲ ਉਏ
ਲੁੱਟ ਗਿਆ ਮਾਲ ਤੇਰਾ, ਹਾਲ ਬੇਹਾਲ ਓਏ
ਪਗੜੀ ਸੰਭਾਲ ਤੂੰ ਜੱਟਾ, ਪਗੜੀ......... o

---

## ਇਕ ਸੂਚਨਾ

ਪ੍ਰੋ. ਭਾਰਦਵਾਜ ਸੂਚਨਾ ਦੇਂਦੇ ਹਨ ਕਿ ਉਹ ਇਕ ਪੁਰਾਣੇ ਟੈਕਨੀਕਲ ਕਨਟਰੈਕਟ ਅਧੀਨ 20 ਮਾਰਚ ਨੂੰ ਇੰਗਲੈਂਡ ਜਾ ਰਹੇ ਹਨ। ਉਥੇ ਉਹ ਤਿੰਨ ਹਫਤੇ ਠਹਿਰਨਗੇ ਤੇ ਉਥੋਂ ਫੇਰ ਕੈਨੇਡਾ ਜਾਣਗੇ। ਉਹ ਚਾਹੁੰਦੇ ਹਨ ਕਿ ਪੰਜਾਬ ਦੀ ਹਾਲਤ ਬਾਰੇ ਉਹ ਇੰਗਲੈਂਡ ਵਸਦੇ ਅਪਣੇ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਨ। ਸ. ਤਰਸੇਮ ਸਿੰਘ ਪੁਰੇਵਾਲ ਐਡੀਟਰ ਦੇਸ ਪ੍ਰਦੇਸ ਰਾਹੀਂ ਉਹਨਾਂ ਨਾਲ ਤਾਲ-ਮੇਲ ਪੈਦਾ ਕੀਤਾ ਜਾ ਸਕਦਾ ਹੈ।

—ਸੰਪਾਦਕ

---

## ਪਾਠਕ ਲੇਖਕ ਫੋਰਮ

ਇਸ ਫੋਰਮ ਵਿਚ ਆਪਣੇ ਪਾਠਕਾਂ ਵਲੋਂ ਕੁਝ ਚਿੱਠੀਆਂ ਐਸੀਆਂ ਦੇ ਰਹੇ ਹਾਂ ਜੋ ਸਮਤਾ ਦੀ ਇਸ ਗੱਲ ਦੀ ਆਲੋਚਨਾ ਕਰਦੀਆਂ ਹਨ ਕਿ ਸਮਤਾ ਵਿਚ ਛਪਿਆ ਮੈਟਰ ਬਹੁਤੀ ਵਾਰ ਜਮਾਤੀ ਸੂਝ ਦੇ ਅਨਕੂਲ ਨਹੀਂ ਹੁੰਦਾ। ਇਹ ਉਮੀਦ ਕੀਤੀ ਜਾਂਦੀ ਹੈ ਕਿ ਸਮਤਾ ਦੇ ਪਾਠਕ ਹੁਣ ਤਕ ਇਹ ਤਾਂ ਜਾਣ ਹੀ ਗਏ ਹੋਣਗੇ ਕਿ ਇਹ ਪਰਚਾ ਖੱਬੇ ਪੱਖੀ ਸਭਿਆਚਾਰਕ ਪਰਚਾ ਹੈ। ਇਸਨੂੰ ਕਿਸੇ ਗਰੁਪ ਜਾਂ ਪਾਰਟੀ ਦਾ ਬੁਲਾਰਾ ਨਾ ਸਮਝਿਆ ਜਾਏ। ਕੋਈ ਰਾਜਸੀ ਅਗਵਾਈ ਦੇਣਾ ਇਸ ਪਰਚੇ ਦਾ ਦਾਅਵਾ ਨਹੀਂ. ਇਹ ਸਿਰਫ ਆਪਸੀ ਸਿਖਣ ਅਤੇ ਸਿਖਾਉਣ ਦਾ ਇਕ ਫੋਰਮ ਹੈ। ਵਿਰੋਧ ਵਿਕਾਸ ਦਾ ਇਹ ਵਡਾ ਅੰਸ਼ ਹੈਕਿ ਵਿਰੋਧੀ ਧਿਰਾਂ ਦੇ ਵਿਚਾਰ ਵਟਾਂਦਰੇ ਤੋਂ ਹੀ ਸੱਚ ਦਾ ਵਿਕਾਸ ਹੁੰਦਾਹੈ।ਇਸ ਲਈ ਪੰਜਾਬ ਦੇ ਸਭਿਆਚਾਰ ਨੂੰ ਦਰਪੇਸ਼ ਮਸਲਿਆਂ ਉਤੇ ਇਸੇ ਦ੍ਰਿਸ਼ਟੀਕੋਣ ਨਾਲ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਅਕਾਲੀ ਮੋਰਚੇ ਨੇ ਧਰਮ, ਕੌਮੀਅਤ ਅਤੇ ਸਮਾਜ ਦੇ ਅਰਥਚਾਰੇ ਦੇ ਮਸਲਿਆਂ ਨੂੰ ਪੰਜਾਬ ਦੇ ਲੋਕਾਂ ਅਗੇ ਲਿਆ ਕੇ ਖੜਾ ਕੀਤਾ ਹੋਇਆ ਹੈ। ਜਸਵੰਤ ਸਿੰਘ ਕੰਵਲ ਬਾਰੇ ਵਾਦਵਿਵਾਦ ਵੀ ਇਸੇ ਪ੍ਰਸੰਗ ਵਿਚ ਕੀਤਾ ਗਿਆ ਹੈ। ਇਸਦਾ ਮੰਤਵ ਕੰਵਲ ਦੀ ਸ਼ਖਸੀਅਤ ਨੂੰ ਚਰਚਾ ਦਾ ਕੇਂਦਰ ਬਨਾਉਣਾ ਨਹੀ ਸੀ। ਇਸ ਸਿਲਸਲੇ ਵਿਚ ਇਸ ਅੰਕ ਵਿਚ ਅਸੀਂ ਇਕ ਲੰਬੀ ਚਿੱਠੀ ਸਾਥੀ ਦੀਪਕ ਧੱਵਨ ਵਲੋਂ ਦੇ ਰਹੇ ਹਾਂ। ਦੀਪਕ ਧਵਨ ਐਸ. ਐਫ ਆਈ ਦਾ ਆਗੂ ਰਹਿ ਚੁੱਕਾ ਹੈ ਤੇ ਹੁਣ ਅੰਮ੍ਰਿਤਸਰ ਜ਼ਿਲੇ ਦੀ ਮਾਰਕਸਵਾਦੀ ਪਾਰਟੀ ਦਾ ਜ਼ਿਲਾ ਕਮੇਟੀ ਮੈਂਬਰ ਹੈ। ਉਸਨੇ ਇਤਹਾਸਕ ਪਛਕੜ ਵਿਚ ਧਰਮ ਦੀ ਭੂਮਿਕਾ ਨੂੰ ਲੈਂਦੇ ਹੋਏ ਅੱਜ ਦੇ ਪ੍ਰਸੰਗ ਵਿਚ ਕੰਵਲ ਦੀ ਸੋਚ ਨੂੰ ਚਣੌਤੀ ਦਿਤੀ ਹੈ। ਉਸ ਨੇ ਕੇਂਦਰ ਅਤੇ ਇਲਾਕਾਈ ਪਾਰਟੀਆਂ ਦੇ ਦਰਮਿਆਨ ਝਗੜੇ ਨੂੰ ਕੌਮੀਅਤਾਂ ਦਾ ਸਵਾਲ ਬਣਾਕੇ ਵੱਖਵਾਦੀ ਤਹਿਰੀਕਾਂ ਨੂੰ ਬੜਾਵਾ ਦੇਣਾ ਮਜ਼ਦੂਰ ਜਮਾਤ ਦੀ ਸਿਆਸਤ ਲਈ ਹਾਨੀਕਾਰਕ ਆਖਿਆ ਹੈ। ਅਦਾਰਾ ਸਮਤਾ ਸਮਝਦਾ ਹੈ ਕਿ ਇਹੋ ਜਿਹਾ ਵਿਚਾਰ ਵਟਾਂਦਰਾਂ ਖੱਬੀ ਧਿਰ ਵਾਲਿਆਂ ਨੂੰ ਇਕ ਸਾਂਝੀ ਸੋਚ ਬਨਾਉਣ ਵਿਚ ਸਹਾਇਤਾ ਦੇਂਦਾ ਹੈ।

ਸੰਪਾਦਕ

---

## ਕੁਝ ਚਿੱਠੀਆਂ

1. ਮੈਂ ਜੂਨ 83 ਤੋਂ ਸਮਤਾ ਪੜ੍ਹਦਾ ਆ ਰਿਹਾ ਹਾਂ ਅਤੇ ਇਸ ਵਿਚ ਕੁਝ ਗੰਭੀਰ ਨੁਕਸਾਂ ਵਲ ਤੁਹਾਡਾ ਧਿਆਨ ਦੁਆਉਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਇਨਕਲਾਬੀ ਲਹਿਰ ਨੂੰ ਨੁਕਸਾਨ ਪਹੁੰਚਾਇਆ ਹੈ। ਤੁਹਾਡੀ ਰਿਸਾਲਾਂ ਲੋਕਾਂ ਨੂੰ ਗੁਮਰਾਹ ਕਰਨ ਵਿਚ ਯੋਗਦਾਨ ਪਾ ਰਿਹਾ ਹੈ।

ਤੁਹਾਡੇ ਵਲੋਂ ਛਾਪਿਆ ਜਾਂਦਾ ਪਾਠਕ ਲੇਖਕ ਫੋਰਮ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ ਕਿਉ ਕਿ ਇਸ ਵਿਚ ਅਪਣੇ ਵਿਚਾਰ ਪੇਸ਼ ਕਰਨ ਵਾਲੇ ਲੋਕ ਜ਼ਰੂਰੀ ਤੌਰ ਉਤੇ ਅਪਣੇ ਵਿਚਾਰ ਮਾਰਕਸਵਾਦ ਲੈਨਿਨਵਾਦ ਉੱਤੇ ਅਧਾਰਿਤ ਨਹੀਂ ਕਰਦੇ। ਅਤੇ ਇਹ ਵਿਚਾਰ ਛੇਤੀ ਸਮਝ ਨਾ ਆਉਣ ਵਾਲੇ ਲੋਕਾਂ ਨੂੰ ਗੁਮਰਾਹ ਕਰਦੇ ਹਨ ਅਤੇ ਇਕ ਜਾਂ ਦੂਜੀ ਮੌਕਾਪ੍ਰਸਤ ਪਾਰਟੀ ਦੀ ਲੀਹ ਦੇ ਹੱਕ ਵਿਚ ਅਪੀਲ ਕਰਕੇ ਲੋਕਾਂ ਨੂੰ ਉਸਦੀ ਪੂੰਛ ਬਣਾਉਣ ਤਕ ਜਾਂਦੇ ਹਨ।

ਜਿਵੇਂ ਸੁਰਿੰਦਰ ਕੈਲੇ, ਪ੍ਰੋ. ਭਾਰਦਵਾਜ ਆਦਿ ਨੇ ਸਰਮਾਏਦਾਰੀ ਦੇ ਪਰਦੇ ਫੋਲਣ ਦੇ ਦਾਵੇ ਕਰਕੇ ਅਪਣੀਆਂ ਗਲਤ ਫਹਿਮੀਆਂ ਨੂੰ ਲੋਕਾਂ ਦੇ ਦਿਮਾਗਾਂ ਵਿਚ ਘੁਸੋਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੋ. ਭਾਰਦਵਾਜ ਨੇ ਲੋਕਾਂ ਨੂੰ ਕਾਫੀ ਗੁਮਰਾਹ ਕੀਤਾ ਹੈ। ਪ੍ਰੋ. ਸਾਹਿਬ ਨੂੰ ਅਕਾਲੀ ਦਲ ਦੀਆਂ ਮੰਗਾਂ ਦਾ ਪਰਚਾਰ ਕਰਨ ਲਈ ਹੋਰ ਵੀ ਬਹੁਤ ਸਾਰੇ ਪਲੇਟਫਾਰਮ ਮਿਲ ਸਕਦੇ ਹਨ। ਉਨ੍ਹਾਂ ਨੇ ਇਕ ਹੰਡੀ ਵਰਤੀ ਪਾਰਲੀਮਾਨੀ ਸਿਆਸੀ ਪਾਰਟੀ ਅਕਾਲੀ ਦਲ ਨੂੰ ਦੁੱਧ ਧੋਤਾ ਅਤੇ ਲੋਕ ਹਿਤੂ, ਗੈਰ ਸਰਮਾਏਦਾਰ ਪਾਰਟੀ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਹੜੀ ਕਿ ਇੱਕ ਪਿੱਛੇ ਖਿੱਚੂ ਇਲਾਕਾਈ ਧਾਰਮਿਕ ਪਾਰਟੀ ਹੈ। ਸਮਤਾ ਦੇ ਬਹੁਤ ਸਾਰੇ ਪਾਠਕ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਨੇ ਇਸ ਦੇ ਵਿਰੁਧ ਆਵਾਜ਼ ਵੀ ਉਠਾਈ ਹੈ। ਕੁਝ ਲੋਕਾਂ ਨੇ ਇਸ ਨੂੰ ਤੰਗ ਨਜ਼ਰੀ ਅਤੇ ਖੂਹ ਦਾ ਡਡੂਪੁਣਾ ਕਿਹਾ ਹੈ।

ਮੇਰਾ ਖਿਆਲ ਹੈ ਕਿ ਪਾਠਕ ਇਸ ਨੂੰ ਮਹਿਸੂਸ ਕਰਦੇ ਹੋਏ ਵੀ ਕਿ ਭਾਰਦਵਾਜ ਦੀਆਂ ਦਲੀਲਾਂ ਲੋਕਾਂ ਨੂੰ ਵਰਗਲਾ ਕੇ ਗਲਤ ਪਾਸੇ ਲਗਾ ਰਹੀਆਂ ਹਨ ਅਤੇ ਅਕਾਲੀ ਦਲ ਦੀ ਅਗਵਾਈ ਹੇਠ ਜੁੜੇ ਲਾਈ ਲਗ ਲੋਕਾਂ ਦੀ ਕਤਾਰ ਲੰਬੀ ਕਰ ਰਹੀਆਂ ਹਨ। ਉਹ ਇਸ ਗੱਲ ਨੂੰ ਸ਼ਬਦਾਂ ਵਿਚ ਬਿਆਨ ਕਰਨ ਵਿਚ ਅਸਮਰਥ ਰਹੇ ਹਨ। ਅਤੇ ਕੁਝ ਲੋਕਾਂ ਨੇ ਉਨ੍ਹਾਂ ਦੀ ਭਾਵਨਾ ਨੂੰ ਸਮਝਣ ਤੋਂ ਅਸਮਰਥ ਰਹਿੰਦੇ ਹੋਏ ਉਨ੍ਹਾਂ ਨੂੰ ਤੰਗ ਨਜ਼ਰੀ ਦੇ ਸ਼ਿਕਾਰ ਆਖ ਦਿਤਾ ਹੈ।

ਤੁਹਾਡਾ ਰਿਸਾਲਾ ਇਕ ਲੋਕ ਹਿੱਤ ਰਿਸਾਲਾ ਹੈ ਅਤੇ ਇਸ ਵਿਚ ਆਮ ਤੌਰ ਉਤੇ ਭਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ ਦੇ ਵਿਰੁਧ ਆਵਾਜ਼ ਉਠਾਈ ਜਾਂਦੀ ਜੋ ਲੋਕਾਂ ਤੇ ਚੰਗਾ ਅਸਰ ਕਰਦੀ ਹੈ। ਪਰ ਕੁਝ ਲੋਕ ਚੰਗੇ ਅਤੇ ਮਾੜੇ ਵਿਚ ਨਿਖੇੜਾ ਕਰਨ ਤੋਂ ਅਸਮਰਥ ਰਹਿ ਕੇ ਇਸ ਵਿਚ ਛਪਣ ਵਾਲੀ ਹਰ ਗੱਲ, ਹਰ ਲੇਖ ਨੂੰ ਲੋਕ ਹਿੱਤੂ ਸਮਝ ਲੈਂਦੇ ਹਨ। ਸੋ ਪ੍ਰੋ. ਭਾਰਦਵਾਜ ਨੇ ਅਕਾਲੀ ਦਲ ਦੀਆਂ ਮੰਗਾਂ ਦਾ ਪ੍ਰਚਾਰ ਸਮਤਾ ਦੇ ਪਲੇਟਫਾਰਮ ਤੋਂ ਕਰਕੇ ਅਕਾਲੀ ਦਲ ਨੂੰ ਵੀ ਇਮਾਨਦਾਰ ਜਜ਼ਬਾਤੀ ਲੋਕਾਂ ਵਿਚ ਲੋਕ ਹਿੱਤੂ ਦਾ ਦਰਜਾ ਦੁਆ ਦਿਤਾ ਹੈ। ਇਸ ਤੋਂ ਵੱਡਾ ਲੋਕ ਹਿੱਤੂ ਹੋਣ ਦਾ ਕਿਹੜਾ ਸਰਟੀਫਿਕੇਟ ਹੋ ਸਕਦਾ ਹੈ। ਜਿਸ ਦੀ ਅਕਾਲੀ ਦਲ ਨੂੰ ਲੋੜ ਰਹਿ ਗਈ ਹੈ। ਅਕਾਲੀ ਦਲ ਦੇ ਲੀਡਰ ਆਸਾਨੀ ਨਾਲ ਕਹਿ ਸਕਦੇ ਹਨ ਕਿ ਸਾਨੂੰ ਕਮਿਊਨਿਸਟਾਂ ਦੀ ਵੀ ਹਮਾਇਤ ਹਾਸਲ ਹੈ।

ਸੋ ਮੇਰੀ ਗੁਜ਼ਾਰਿਸ਼ ਹੈ ਕਿ ਜਾਂ ਤਾਂ 'ਪਾਠਕ ਲੇਖਕ ਫੋਰਮ' ਨੂੰ ਫੌਰਨ ਬੰਦ ਕਰ ਦਿਓ ਜਾਂ ਹਰ ਘਚੋਲਾ ਪਾਉ ਖਤ ਦੇ ਨਾਲ ਅਪਣੀ ਟਿੱਪਣੀ ਜ਼ਰੂਰ ਦਿਆ ਕਰੋ। ਨਾਲੇ ਸਮਾਜ ਨੂੰ ਚਿੰਬੜੀਆਂ ਅਲਾਮਤਾ ਦੀ ਕਾਫੀ ਦੁਹਾਈ ਦਿੰਦੇ ਹੋ ਕਿੰਨਾ ਚੰਗਾ ਹੋਵੇ ਜੇਕਰ ਤੁਸੀਂ ਅਪਣੇ ਵਿਚਾਰਾਂ ਨੂੰ ਜਮਾਤੀ ਨਜ਼ਰੀਏ ਦੇ ਉਤੇ ਅਧਾਰਿਤ ਕਰਕੇ ਲੋਕਾਂ ਨੂੰ ਇਹ ਦਰਸਾਉ ਕਿ ਸਰਮਾਏਦਾਰੀ ਤਹਿਤ ਕੋਈ ਵੀ ਸੁਧਾਰ ਲੋਕਾਂ ਦੀਆਂ ਮੁਸ਼ਕਲਾਂ ਨੂੰ ਕਿਵੇਂ ਵੀ ਹਲ ਨਹੀਂ ਕਰ ਸਕਦਾ ਅਤੇ ਇਹ ਉਦੋਂ ਤਕ ਨਾਮੁਮਕਿਨ ਹੈ ਜਦੋਂ ਤਕ ਸਰਮਾਏਦਾਰੀ ਦੀਆਂ ਬੁਨਿਆਦੀ ਵਿਰੋਧਤਾਈਆਂ ਨੂੰ ਇਨਕਲਾਬੀ ਢੰਗ ਨਾਲ ਹਲ ਨਹੀਂ ਕੀਤਾ ਜਾਂਦਾ। ਅਪਣੇ ਲੇਖਾਂ ਵਿਚ ਤੁਹਾਨੂੰ ਸਮਾਜ ਵਿਚ ਚਲ ਰਹੀ ਜਮਾਤੀ ਜੰਗ ਦਾ ਨਕਸ਼ਾ ਪੇਸ ਕਰਕੇ ਲੋਕਾਂ ਨੂੰ ਚੇਤਨ ਕਰਨਾ ਚਾਹੀਦਾ ਹੈ ਅਤੇ ਦਸਣਾ ਚਾਹੀਦਾ ਹੈ ਕਿ ਕਿਹੜਾ ਕਿਹੜਾ ਨਾਹਰਾ ਕਿਹੜੀ ਜਮਾਤ ਦਾ ਹਿਤ ਲੁਕੋਈਂ ਬੈਠਾ ਹੈ। ਅਤੇ ਸਰਮਾਏਦਾਰੀ ਤਹਿਤ ਦਰਪੇਸ਼ ਮੁਸ਼ਕਲਾਂ ਦੇ ਹਲ ਕੇਵਲ ਅਤੇ ਕੇਵਲ ਸਰਮਾਏਦਾਰ ਜਮਾਤ ਦਾ ਮਜ਼ਦੂਰ ਜਮਾਤ ਵਲੋਂ ਤਖਤਾ ਉਲਟਾਉਣ ਨਾਲ ਹੀ ਹੋਣਾ ਹੈ। ਆਸ ਹੈ ਤੁਸੀਂ ਮੇਰੇ ਸੁਝਾਅ ਤੇ ਗ਼ੌਰ ਕਰੋਗੇ।

—ਅਮਰੀਕ ਸਿੰਘ ਰੋਪੜ

2. ਕਾਫ਼ੀ ਸਮੇਂ ਤੋਂ ਚਿੱਠੀ ਲਿਖਣ ਦੀ ਕੋਸ਼ਿਸ਼ ਵਿਚ ਸਾਂ ਕਿਉਂਕਿ ਸਮਤਾ ਵਿਚ ਕਾਫ਼ੀ ਬਹਿਸ ਭੇੜ ਚਲ ਰਿਹਾ ਹੈ। ਮਨ ਹਰਾਮੀ, ਹੁੱਜਤਾਂ ਢੇਰ ਦੇ ਮੁਤਾਬਕ ਕਾਮਰੇਡ ਆਪਣੀ ਕਾਰਗੁਜ਼ਾਰੀ ਛੁਪਾਉਣ ਲਈ ਇਕ ਦੂਜੇ ਉਪਰ ਕਾਫ਼ੀ ਚਿਰ ਤੋਂ ਤੁਹਮਤਬਾਜ਼ੀ ਕਰ ਰਹੇ ਹਨ। ਸਮਤਾ ਵਿਚ ਛਪੀਆਂ ਦੋ ਕਹਾਣੀਆਂ 'ਨੇਰੇ ਦਾ ਸਫਰ' ਅਤੇ 'ਉਹ ਕਰਦਾ ਵੀ ਕੀ' ਕਾਮਰੇਡਾਂ ਦੇ ਮਿਰਚਾਂ ਵਾਂਗ ਲੜੀਆਂ ਹਨ। ਕੀ ਸੱਚ ਬੋਲਣਾ ਨਿਰਾਸ਼ਾਜਨਕ ਹੈ? ਜੇ ਹੈ ਤਾਂ ਫਿਰ ਸਾਨੂੰ ਘਰੇ ਹੀ ਬੈਠਣਾ ਚਾਹੀਦਾ ਹੈ। ਪੜਚੋਲ ਅਤੇ ਆਪਾ ਪੜਚੋਲ ਦੀ ਨੀਤੀ ਸ਼ਾਇਦ ਸਾਡੇ ਫਿੱਟ ਨਹੀਂ ਬੈਠ ਰਹੀ।

ਸਭ ਤੋਂ ਪਹਿਲੀ ਗੱਲ ਕਿ ਵਿਗਿਆਨ ਦੀ ਤਰੱਕੀ ਨਾਲ ਅਸੀਂ ਸਰੀਰਕ ਅਤੇ ਮਾਨਸਿਕ ਤੌਰ ਤੇ ਕਾਫ਼ੀ ਵਿਹਲੇ ਹੋ ਗਏ ਹਾਂ। ਜਾਂ ਤਾਂ ਅਸੀਂ ਆਪਣੀ ਵੇਹਲ

ਏਥੇ ਦੀ ਕਿਰਤੀ ਜਮਾਤ ਨੂੰ ਚੇਤਨ ਕਰਨ ਲਈ ਵਰਤੀਏ, ਨਹੀਂ ਤਾਂ ਇਹ ਕਿਸੇ ਗਲਤ ਰੁਝਾਨ ਦਾ ਸ਼ਿਕਾਰ ਹੋਵੇਗੀ। ਏਸੇ ਲਈ ਇਕ ਗਰੁੱਪ ਨੂੰ ਦੂਸਰਾ ਗਰੁੱਪ ਰਸਤੇ ਵਿਚ ਅੜਿੱਕਾ ਨਜ਼ਰ ਆ ਰਿਹਾ ਹੈ।

ਦੋਸਤੋ ਤੁਹਮਤਾਂ ਨਾਲ ਇਨਕਲਾਬੀ ਲਹਿਰ ਅੱਗੇ ਨਹੀਂ ਵੱਧ ਸਕਦੀ। ਇਹ ਤਾਂ ਸਿਰਫ਼ ਠੀਕ ਵਿਚਾਰਾਂ ਨੂੰ ਅਮਲੀ ਰੂਪ ਦੇਣ ਨਾਲ ਹੀ ਅੱਗੇ ਵਧੇਗੀ। ਇਹ ਦੋਨੋ ਕਹਾਣੀਆਂ ਸਾਡੇ ਅਮਲ ਦਾ ਹੀ ਨਤੀਜਾ ਹਨ, ਜਿਸ ਤੋਂ ਸਾਨੂੰ ਮੁਨੱਕਰ ਨਹੀਂ ਹੋਣਾ ਚਾਹੀਦਾ।

ਬਾਕੀ ਰਹੀ ਸਾਡੀ ਲੋਕਾਂ ਵਿਚ ਪਕੜ ਦੀ ਗੱਲ। ਮੇਰਾ ਖਿਆਲ ਹੈ ਸਾਡੀਆਂ ਕਾਗਜ਼ੀ ਕਾਰਵਾਈਆਂ ਵੱਧ ਅਤੇ ਅਮਲੀ ਸਰਗਰਮੀਆਂ ਘੱਟ ਹੋਣ ਕਰਕੇ ਨਹੀਂ ਬਣ ਸਕੀ। ਆਸ ਹੈ ਅਸੀਂ ਇਸ ਪਾਸੇ ਧਿਆਨ ਦੇਵਾਂਗੇ।

—ਅਮਰਜੀਤ ਸਿੰਘ

3. ਅਸੀਂ ਸਮਤਾ ਛਪਣ ਦੇ ਸ਼ੁਰੂ ਹੋਣ ਤੋਂ ਹੀ ਇਸਨੂੰ ਪੜਦੇ ਆ ਰਹੇ ਹਾਂ। ਹਾਲੇ ਤੱਕ ਅਸੀਂ ਇਸ ਪਰਚੇ ਦਾ ਜੋ ਵਿਸ਼ਲੇਸ਼ਣ ਕੀਤਾ ਹੈ, ਉਹ ਇਹ ਹੈ ਕਿ ਇਸਦੀ ਆਪਣੀ ਕੋਈ ਸਿਆਸੀ ਸੇਧ ਨਹੀਂ, ਇਸ ਲਈ ਇਹ ਬਿਨਾਂ ਸੇਧ ਤੋਂ ਹੀ ਹਨੇਰੇ 'ਚ ਟੱਕਰਾਂ ਮਾਰ ਰਿਹਾ ਹੈ। ਇਸ ਵਿਚ ਲਿਖਤਾਂ ਛਾਪਦੇ ਸਮੇਂ ਤੁਸੀਂ ਅਜਿਹਾ ਨਿਖੇੜਾ ਨਹੀਂ ਕਰਦੇ ਕਿ ਲਿਖਤ ਇਨਕਲਾਬੀ ਖਾਸੇ ਵਾਲੀ ਹੈ ਜਾਂ ਨਹੀਂ। ਉਦਾਹਰਣ ਪ੍ਰੋ. ਭਾਰਦਵਾਜ (ਅਕਾਲੀਆਂ ਦਾ ਸਲਾਹਕਾਰ ਬਨਣ ਤੋਂ ਬਾਅਦ) ਦੀਆਂ ਚਿੱਠੀਆਂ ਛਾਪਣੀਆਂ। ਭਵਿਖ ਨੂੰ ਮੱਦੇ ਨਜ਼ਰ ਰੱਖਦੇ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਹਾਨੂੰ ਨਵ-ਜਮਹੂਰੀ ਇਨਕਲਾਬ ਦੀ ਆਮ ਸੇਧ ਨੂੰ ਅਪਣਾ ਹੀ ਚੱਲਣਾ ਚਾਹੀਦਾ ਹੈ।

ਇਸ ਘੇਰੇ 'ਚ ਆਉਂਦੇ ਸਾਰੇ ਇਨਕਲਾਬੀ ਗਰੁੱਪਾਂ ਨਾਲ ਸਬੰਧਤ ਵਿਅਕਤੀਆਂ ਜਾਂ ਇਸ ਸੋਚ ਨੂੰ ਅਪਨਾਉਣ ਵਾਲੇ ਵਿਅਕਤੀਆਂ ਦੀਆਂ ਹੀ ਲਿਖਤਾਂ ਛਾਪਣੀਆਂ ਚਾਹੀਦੀਆਂ ਹਨ। ਤਾਂ ਜੋ ਇਹ ਪਰਚਾ ਕਮਿਊਨਿਸਟ ਇਨਕਲਾਬੀਆਂ ਨੂੰ ਇਕ ਲੜੀ 'ਚ ਪਰੋਣ ਅਤੇ ਉਲਟ ਇਨਕਲਾਬੀਆਂ ਨੂੰ ਖਦੇੜਨ ਦਾ ਸਾਧਨ ਬਣ ਸਕੇ। ਇਸ ਦਿਸ਼ਾ ਤੇ ਚੱਲ ਕੇ ਹੀ ਤੁਸੀਂ ਸਹੀ ਰੋਲ ਨਿਭਾ ਸਕਦੇ ਹੋ।

ਪਿਛਲੇ ਅੰਕਾਂ ਵਿਚ ਅਸੀਂ ਜਸਵੰਤ ਕੰਵਲ ਅਤੇ ਉਸਦੇ ਅਲੋਚਕਾਂ ਦੀਆਂ ਚਿੱਠੀਆਂ ਪੜੀਆਂ। ਇਹੋ ਜਿਹੇ ਸਾਹਿਤਕਾਰ ਦਾ ਪੁੱਠੀ ਛਾਲ ਲਾਉਣ ਦਾ ਇਹੋ ਪ੍ਰਤੀਕਰਮ ਹੋਣਾ ਸੀ ਜੋ ਅਲੋਚਕਾਂ ਨੇ ਕਰਕੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਹੈ। ਸਾਡੀ ਸਮਝ ਅਨੁਸਾਰ ਜਦੋਂ ਕੋਈ ਵਿਅਕਤੀ ਇਨਕਲਾਬੀ ਅਮਲ ਨਾਲੋਂ ਟੁੱਟਿਆ ਸਿਰਫ ਆਪਣੀ ਵਾਹ-ਵਾਹ ਲਈ ਲਿਖਦਾ ਹੈ ਤਾਂ ਉਸਦਾ ਇਹੀ ਹਸ਼ਰ ਹੁੰਦਾ ਹੈ। ਸਿਰਫ ਉਹ ਵਿਅਕਤੀ ਇਨਕਲਾਬੀ ਅਮਲ ਵਾਲੇ ਰਹਿ ਸਕਦੇ ਹਨ ਜੋ ਕਿ ਮਾਰਕਸਵਾਦ—ਲੈਨਿਨਵਾਦ—ਮਾਓ ਵਿਚਾਰ-ਧਾਰਾ ਦਾ ਅਧਿਐਨ ਕਰਕੇ ਉਸ ਮੁਤਾਬਿਕ ਇਨਕਲਾਬੀ ਅਮਲ ਕਰਦੇ ਹਨ ਕਿਉਂਕਿ ਉਹ ਸਮਾਜੀ ਗਤੀ ਦੇ ਨਿਯਮਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹੁੰਦੇ ਹਨ ਅਤੇ ਉਹਨਾਂ ਦੀ ਵਿਰੋਧ ਵਿਕਾਸੀ ਨਜ਼ਰੀਏ ਤੇ ਪਕੜ ਮਜ਼ਬੂਤ ਹੁੰਦੀ ਜਾਂਦੀ ਹੈ। ਜੋ ਵਿਅਕਤੀ ਇਨਕਲਾਬੀ ਅਮਲ ਨਾਲੋਂ ਟੁੱਟ ਜਾਂਦਾ ਹੈ, ਉਹਦਾ ਅੰਤਰਮੁਖੀ ਹੋਣਾ ਲਾਜ਼ਮੀ ਹੈ ਤੇ ਉਹ ਕਿਸੇ ਵੀ ਉਲਟ ਇਨਕਲਾਬੀ ਵਹਿਣ ਅੱਗੇ ਇਨਕਲਾਬੀ ਜੇਰੇ ਨਾਲ ਨਹੀਂ ਖੜ ਸਕਦਾ ਅਤੇ ਘਾਹ-ਫੂਸ ਵਾਂਗ ਉਹਦੇ ਵਿਚ ਰੁੜ ਜਾਂਦਾ ਹੈ। ਇਹੀ ਹਾਲ ਕੰਵਲ ਦਾ ਹੋਇਆ ਹੈ। ਇਸ ਲਈ ਉਸਦਾ ਉਲਟ ਇਨਕਲਾਬੀ ਟੋਲੇ ਵਿਚ ਸ਼ਾਮਲ ਹੋ ਜਾਣਾ ਗੈਰ ਕੁਦਰਤੀ ਨਹੀਂ ਹੈ ਤੇ ਹੁਣ ਇਸਨੂੰ ਗੰਦ ਦੇ ਢੇਰ ਤੇ ਪਏ ਨੂੰ ਛੱਡ ਕੇ ਅੱਗੇ ਵਧਣਾ ਚਾਹੀਦਾ ਹੈ। ਇਸਦਾ ਚਿਹਰਾ ਇਨਕਲਾਬੀ ਸਫਾਂ ਅੱਗੇ ਨੰਗਾ ਹੋ ਚੁੱਕਿਆ ਹੈ।

ਅਖੀਰ ਵਿਚ ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਭਾਰਤ ਦੇ ਨਵ-ਜਮਹੂਰੀ ਇਨਕਲਾਬ ਸਬੰਧੀ ਕਮਿਊਨਿਸਟ ਇਨਕਲਾਬੀਆਂ ਦੀ ਬਹਿਸ ਨੂੰ ਪਰਚੇ ਵਿਚ ਚਲਾਉ ਅਤੇ ਛੋਟੇ ਮੋਟੇ ਨੁਕਤਿਆਂ ਤੇ ਹੁੰਦੀ ਬਹਿਸ ਨੂੰ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ। ਇਹਨਾਂ ਦੀ ਥਾਂ ਸਮਤਾ ਵਿਚਲਾ ਕੀਮਤੀ ਸਥਾਨ ਵੱਡੀਆਂ ਸਮੱਸਿਆਵਾਂ ਦੇ ਹਲ ਕਰਨ ਲਈ ਬਹਿਸ ਚਲਾਉਣ ਤੇ ਵਰਤਣਾ ਚਾਹੀਦਾ ਹੈ ਤਾਂ ਜੋ ਭਾਰਤੀ ਜਨਤਾ ਨੂੰ ਦਰੁੱਸਤ ਰਾਹ ਵਿਖਾਇਆ ਜਾ ਸਕੇ। ਅਸੀਂ ਇਨਕਲਾਬੀ ਗਰੁੱਪਾਂ ਅਤੇ ਵਿਅਕਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਵੀ ਇਸ ਬਹਿਸ ਲਈ ਅੱਗੇ ਆਉਣ।

**ਨਛੱਤਰ ਸਿੰਘ ਗਿੱਲ ਅਮਰਜੀਤ ਮਾਨਸਾ**

## 4. ਬੀਤੇ ਦਾ ਮੁਲੰਕਣ ਕਿਵੇਂ ਹੋਵੇ ?-ਇਕ ਸੁਝਾਅ

ਪੰਜਾਬ ਵਿਚ ਪਿਛਲੇ ਕੁਝ ਸਮੇਂ ਤੋਂ ਜਨਤਕ ਤੇ ਸਿਆਸੀ ਜਥੇਬੰਦੀਆਂ ਦੇ ਕੰਮ ਦਾ ਰੀਵੀਊ ਸ਼ੁਰੂ ਹੋਇਆ ਹੈ। ਪਿਛਲੇ ਦਸ ਬਾਰਾਂ ਸਾਲ ਦੀਆਂ ਸਰਗਰਮੀਆਂ ਦੀ ਪੜਚੋਲ ਦੀ ਸ਼ੁਰੂਆਤ ਵਧੀਆ ਗੱਲ ਹੈ, ਭਾਵੇਂ ਕਿ ਇਹ ਪਛੇਤੀ ਸ਼ੁਰੂਆਤ ਹੈ। ਪਰ ਪੜਚੋਲ ਸ਼ੁਰੂ ਕਰਨ ਤੋਂ ਪਹਿਲਾਂ ਇਹ ਨਿਰਨਾ ਕਰਨਾ ਜ਼ਰੂਰੀ ਸੀ ਕਿ ਬੀਤੇ ਨੂੰ ਘੋਖਣ ਲਈ ਬੁਨਿਆਦੀ ਆਧਾਰ ਕੀ ਹੋਣਾ ਚਾਹੀਦਾ ਹੈ। ਬੀਤੇ ਪ੍ਰਤੀ ਸਮੁੱਚੇ ਤੌਰ ਤੇ ਰਵਈਆ ਕੀ ਹੋਣਾ ਚਾਹੀਦਾ ਹੈ — ਕੱਟੜਪੰਥੀ, ਨਾਕਾਰਾਤਮਕ ਜਾਂ ਆਲੋਚਨਾਤਮਕ।

ਕਟੜਪੰਥੀ ਪਹੁੰਚ ਜ਼ਰਰ ਹੀ ਗਲਤੀਆਂ ਤੋਂ ਸਿਖਣ ਦੀ ਭਾਵਨਾ ਤੋਂ ਕੋਰੀ ਹੁੰਦੀ ਹੈ। ਇਸੇ ਲਈ ਇਹ ਪ੍ਰਾਪਤੀਆਂ ਤੇ ਜ਼ੋਰ ਦਿੰਦੀ ਹੈ ਅਤੇ ਗ਼ਲਤੀਆਂ ਉਪਰ ਲਿੱਪਾ ਪੋਚੀ ਕਰਦੀ ਹੈ। ਇਸ ਪਹੁੰਚ ਨਾਲ ਕੀਤੀ ਗਈ ਪੜਚੋਲ ਸਿਰਫ ਕਹਿਣ ਨੂੰ ਹੀ ਪੜਚੋਲ ਹੁੰਦੀ ਹੈ।

ਦੂਜੇ ਪਾਸੇ ਨਾਕਾਰਾਤਮਕ ਪਹੁੰਚ ਇਹ ਮੰਨ ਕੇ ਚਲਦੀ ਹੈ ਕਿ ਜੋ ਕੁਝ ਵੀ ਹੋਇਆ ਹੈ, ਗ਼ਲਤ ਹੋਇਆ ਹੈ। ਪ੍ਰਾਪਤੀਆਂ ਨੂੰ ਅੱਖੋਂ ਓਹਲੇ ਕਰਨਾ ਅਤੇ ਗ਼ਲਤੀਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਇਸ ਦੀ ਲੋੜ ਹੈ ਕਿਉਂਕਿ ਇਸ ਨੇ ਲੀਡਰਸ਼ਿਪ ਨੂੰ ਹਰ ਪੱਖੋਂ, ਹਰ ਥਾਂ ਤੇ, ਹਰ ਸਮੇਂ ਗਲਤ ਸਾਬਤ ਕਰਨਾ ਹੁੰਦਾ ਹੈ।

ਅੱਜ ਜੇ ਕੋਈ ਨੀਝ ਨਾਲ ਆਪਣੇ ਆਲੇ ਦੁਆਲੇ ਨਿਗਾਹ ਮਾਰੇ ਤਾਂ ਦੇਖੇਗਾ ਕਿ ਸਾਡੇ ਲੋਕਾਂ ਦਾ ਵਡਾ ਹਿੱਸਾ ਅਜੇ ਵੀ ਮਾਨਸਿਕ ਪੱਖੋਂ ਅਠਾਰਵੀਂ ਉਨਵੀਂ ਸੱਦੀ ਵਿਚ ਜੀ ਰਿਹਾ ਹੈ। ਸਾਡੇ ਲੋਕਾਂ ਦਾ ਪਰੰਪਰਾਵਾਦੀ ਸੁਭਾਅ, ਕਿਸਮਤਵਾਦੀ ਸੋਚ, ਮਧ ਵਰਗ ਵਿਚ ਫੈਲ ਰਿਹਾ ਖਾਓ-ਹੰਢਾਓ ਦਾ ਵਿਅਕਤੀਵਾਦੀ ਰੁਝਾਨ ਨਵੀਂ ਪੀੜੀ ਉਪਰ ਕੁਰਾਹੇ ਪਾਉਣ ਵਾਲੇ ਲੋਕ-ਵਿਰੋਧੀ ਸਭਿਆਚਾਰ ਦਾ ਹਮਲਾ— ਇਹ ਅਜਿਹੀਆਂ ਬਾਹਰ ਮੁਖੀ ਹਾਲਤਾਂ ਹਨ ਜੋ ਹਰ ਥਾਂ ਇਨਕਲਾਬੀ ਲਹਿਰ ਦੇ ਰਾਹ ਵਿਚ ਰੁਕਾਵਟ ਪਾ ਰਹੀਆਂ ਹਨ। ਇਸ ਦੇ ਨਾਲ ਹੀ ਭਾਰਤੀ ਕਮਿਊਨਿਸਟ ਲਹਿਰ ਦੀ ਅੰਦਰੂਨੀ ਫੁੱਟ-ਦਰ-ਫੁੱਟ ਅਤੇ ਸੰਸਾਰ ਕਮਿਊਨਿਸਟ ਲਹਿਰ ਦੇ ਵਿਚਾਰਧਾਰਕ ਰੱਟੇ ਵੀ ਮੌਜੂਦ ਹਨ। ਪਰ ਉਲਾਰ ਅਤੇ ਰੋਮ ਟਿਕ ਰੁਝਾਨ ਇਨਾ ਸਾਰੀਆਂ ਹਾਲਤਾਂ ਤੋਂ ਅੱਖਾਂ ਬੰਦ ਕਰਕੇ ਫਟਾ ਫਟ ਇਨਕਲਾਬ ਲਿਆਉਣ ਲਈ ਕਾਹਲਾ ਹੈ। ਪਰ ਇਸ ਰੁਝਾਨ ਦੀ ਇਨਕਲਾਬ ਲਿਆਉਣ ਦੀ ਕਾਹਲੀ ਅਮਲੀ ਰੂਪ ਵਿਚ ਲੀਡਰਸ਼ਿਪ ਹਥਿਆਣ ਦੀ ਕਾਹਲੀ ਵਿਚ ਪ੍ਰਗਟ ਹੁੰਦੀ ਹੈ ਅਤੇ ਫੁੱਟ ਨੂੰ ਜਨਮ ਦਿੰਦੀ ਹੈ, ਸਿੱਟੇ ਵਜੋਂ ਲਹਿਰ ਨੂੰ ਅੰਦਰੋਂ ਕਮਜ਼ਰ ਕਰਕੇ ਇਨਕਲਾਬ ਨੂੰ ਹੋਰ ਪਰੇ ਧੱਕਦੀ ਹੈ।

ਕੱਟੜਪੰਥੀ ਅਤੇ ਨਾਕਾਰਾਤਮਕ ਦੋਵੇਂ ਹੀ ਰੁਝਾਨ ਅਜਿਹੀ ਆਦਰਸ਼ਕ ਪਾਰਟੀ ਦੀ ਕਲਪਨਾ ਕਰਦੇ ਹਨ ਜਿਸ ਵਿਚ ਕੋਈ ਮਤਭੇਦ ਨਹੀਂ ਹੋਣਗੇ ਦਰੁਸਤ ਫੈਸਲੇ ਕਰਨ ਵਾਲੀ ਲੀਡਰਸ਼ਿਪ ਹੋਵੇਗੀ ਅਤੇ ਇਸ ਮਗਰ ਅੱਖਾਂ ਬੰਦ ਕਰਕੇ ਤੁਰਨ ਵਾਲਾ ਕਾਡਰ ਹੋਵੇਗਾ। ਪਰ ਅਸਲ ਨਾ ਤਾਂ ਕਦੇ ਅਜਿਹੀ ਪਾਰਟੀ ਬਣੀ ਹੈ ਨਾ ਬਣ ਸਕਦੀ ਹੈ ਜਿਸਦੇ ਸਾਰੇ ਮੈਂਬਰ ਹਰ ਮਸਲੇ ਤੇ ਇਕੋ ਹੀ ਤਰਾਂ ਸੋਚਦੇ ਹੋਣ। ਅਸਲ ਵਿਚ ਇਹ ਦੋਵੇਂ ਹੀ ਰੁਝਾਨ ਭਾਂਜ-ਵਾਦੀ ਹਨ—ਪਹਿਲਾ ਲਹਿਰ ਸਾਹਮਣੇ ਖੜੀਆਂ ਚੁਣੌਤੀਆਂ ਤੋਂ ਬੇਖਬਰ ਹੋ ਕੇ ਗਲਤੀਆਂ ਨੂੰ ਦਲੇਰੀ ਨਾਲ ਮੰਨਣ ਦੀ ਬਜਾਏ ਉਨ੍ਹਾਂ ਦੀ ਲਿਪਾ ਪੋਚੀ ਕਰਦਾ ਹੈ। ਦੂਜਾ ਰੁਝਾਨ ਅੰਤਰ ਪਾਰਟੀ ਘੋਲ ਦੇ ਔਖੇਰਸਤੇ ਤੋਂ ਭੱਜ ਕੇ ਫੁੱਟ ਪਾਉਣ ਦੇ ਸੌਖੇ ਰਾਹ ਪੈਂਦਾ ਹੈ ਭਾਵੇਂ ਕਿ ਜਥੇਬੰਦੀ ਦੀਆਂ ਧਿਰਾਂ ਵਿਚਕਾਰ ਸੌ ਵਿਚੋਂ ਨਬੇ ਨੁਕਤਿਆਂ ਉਪਰ ਸਹਿਮਤੀ ਹੁੰਦੀ ਹੈ:

ਮਤਭੇਦਾਂ ਨੂੰ ਅਤੇ ਸਾਹਮਣੇ ਖੜੇ ਸਵਾਲਾਂ ਨੂੰ ਉਸਾਰੂ ਆਲੋਚਨਾ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਗੁੰਝਲਦਾਰ ਸਮਾਜਕ ਯਥਾਰਥ ਦੀਆਂ ਪਰਤਾਂ ਫਰੋਲਣ ਅਤੇ ਚੁਣੌਤੀਆਂ ਦਾ ਟਾਕਰਾ ਕਰਨ ਲਈ ਉਸਾਰੂ ਬਹਿਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਕੋਈ ਅਜਿਹੀ ਸਮਸਿਆ ਨਹੀਂ ਜੋ ਸਿਖਣ ਸਿਖਾਉਣ ਦੀ ਭਾਵਨਾ ਨਾਲ ਕੀਤੀ ਗਈ ਬਹਿਸ ਨਾਲ ਹੱਲ ਨਾ ਹੋ ਸਕਦੀ ਹੋਵੇ।

ਪਰ ਜੇ ਚਾਰ ਜ਼ਿਲਿਆਂ ਵਿਚੋਂ ਅੱਠ ਬੰਦੇ ਇਕੱਠੇ ਹੋ ਕੇ ਆਲ ਇੰਡੀਆ ਪਾਰਟੀ ਬਣਾ ਲੈਣ ਅਤੇ ਸਾਰੇ ਦੇਸ਼ ਤੇ ਸਾਰੇ ਸੰਸਾਰ ਬਾਰੇ ਦਰੁਸਤ ਨਿਰਣਾ ਕਰ ਲੈਣ ਦਾ ਦਾਅਵਾ ਕਰੀ ਜਾਣ ਜਾਂ ਕੋਈ ਹੋਰ ਨਵੀਆਂ ਚੁਣੌਤੀਆਂ ਤੋਂ ਹੀ ਮੁਨੱਕਰ ਹੋਈ ਜਾਵੇ ਤਾਂ ਲਹਿਰ ਦੇ ਹਜ਼ਾਰਾਂ ਹਮਦਰਦਾਂ ਨੂੰ ਸੋਚਣਾ ਚਾਹੀਦਾ ਹੈ ਕਿ ਇਸ ਤਮਾਸ਼ੇ ਨੂੰ ਬੰਦ ਕਰਨ ਲਈ ਕੀ ਕੀਤਾ ਜਾਵੇ।

ਰਵਿੰਦਰ (ਲੁਧਿਆਣਾ)

5. ਪਿਛਲੇ ਲੰਬੇ ਅਰਸੇ ਤੋਂ ਖਾਸ ਕਰਕੇ ਜਦੋਂ ਦਾ ਅਕਾਲੀਆਂ ਦਾ ਧਰਮ ਯੁੱਧ ਛਿੜਿਆ ਹੋਇਆ ਹੈ। ਲਗਦਾ ਹੈ ਕਿ ਖੱਬੇ ਪੱਖੀ ਲਹਿਰ ਦੀ ਅਵਾਜ਼ ਵੀ ਇਸ ਰੌਲੇ ਵਿਚ ਗੁੰਮ ਹੀ ਹੋ ਗਈ ਹੈ। ਭਾਵੇਂ ਕਿ ਵਖੋ ਵਖਰੇ ਗਰੁੱਪਾਂ ਨੇ ਅਤੇ ਕਮਿਊਨਿਸਟ ਪਾਰਟੀਆਂ ਨੇ ਇਸ ਫਿਰਕਾ ਪ੍ਰਸਤੀ ਦਾ ਵਿਰੋਧ ਤਾਂ ਕੀਤਾ ਹੈ ਪਰ ਜਿਵੇਂ ਕਿ ਇਸ ਧਿਰ ਕੋਲੋਂ ਆਸ ਰੱਖੀ ਜਾਂਦੀ ਹੈ ਕਿ ਅਜਿਹੇ ਹਲਾਤ ਵਿਚ ਖੱਬੀ ਧਿਰ ਇਕ ਤਾਕਤ ਵਜੋਂ ਉਭਰੇ ਅਤੇ ਲੋਕਾਂ ਨੂੰ ਜੋ ਕਿ ਅਜੋਕੀ ਗੰਦੀ ਰਾਜਨੀਤੀ ਤੋਂ ਤੰਗ ਆਏ ਪਏ ਹਨ ਆਪਣਾ ਠੋਸ ਕਾਰਜ ਸੌਂਪੇ, ਯਕੀਨਨ ਲੋਕਾਂ ਦੀ ਬਹੁਗਿਣਤੀ ਸ ਨੂੰ ਅਜਿਹੇ ਹੀ ਹਲਾਤਾਂ ਵਿਚ ਸਾਨੂੰ ਸੁਣ ਸਕੇਗੀ ਅਤੇ 'ਗਰ ਲਗੇਗੀ।

ਪਿਛਲੇ ਦਿਨੀਂ ਅਖਬਾਰਾਂ ਵਿਚ ਕੁਝ ਖਬਰਾਂ ਛਪੀਆਂ ਹਨ ਕਿ ਲੋਕਾਂ ਨੇ ਖੁਦ ਦਲੇਰਾਨਾ ਕਦਮ ਚੁੱਕੇ ਹਨ ਖਾਸ ਕਰਕੇ ਬੰਗਲਾ ਰਾਏ ਪਿੰਡ ਦੇ ਲੋਕਾਂ ਨੇ ਬੱਸ ਸਾੜ ਕੇ ਦੌੜ ਰਹੇ ਗੁਮਰਾਹ ਹੋਏ ਨੌਜਵਾਨਾਂ ਨੂੰ ਫੜਿਆ ਇਸ ਤਰ੍ਹਾਂ ਹੀ ਉਮਰ ਔਲਖ ਪਿੰਡ ਦੇ ਲੋਕਾਂ ਨੇ ਸਕੂਟਰ ਖੋਹ ਕੇ ਦੌੜਦੇ ਲੁਟੇਰਿਆਂ ਨੂੰ ਫੜਿਆ ਅਤੇ ਖੂਬ ਛਿੱਲਿਆ ਪਰ ਹਾਲਾਂ ਤਕ ਸਾਡੇ ਅਮਨ-ਕਨੂੰਨ ਦੇ ਰਾਖੇ ਦਮਗਜੇ ਹੀ

ਮਾਰ ਰਹੇ ਹਨ, ਅਸਲ ਵਿਚ ਕੁਝ ਵੀ ਨਹੀਂ। ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਜਿਥੇ ਜਿਥੇ ਵੀ ਲੋਕ ਐਸੀ ਦਲੇਰੀ ਦਿਖਾ ਰਹੇ ਹਨ ਉਹ ਇਲਾਕੇ ਕਮਿਊਨਿਸਟਾਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਹਨ ਇਹ ਇਕ ਚੰਗੀ ਅਤੇ ਉਸਾਰੂ ਗੱਲ ਹੈ ਜਿਸ ਤੋਂ ਕਮਿਊਨਿਸਟ ਵਿਚਾਰਧਾਰਾ ਨੂੰ ਬਲ ਮਿਲੇਗਾ।

ਕੁਝ ਦਿਨ ਹੋਏ ਮੈਂ ਪੈਪਸੂ ਰੋਡ ਦੀ ਇਕ ਬੱਸ ਵਿਚ ਅੰਮ੍ਰਿਤਸਰ ਤੋਂ ਪਟਿਆਲਾ ਲਈ ਸਫਰ ਕਰ ਰਿਹਾ ਸੀ ਕਿ 8 ਕੁ ਵਜੇ ਰਾਤ ਦੇ ਕਰੀਬ ਖੰਨੇ ਦੇ ਨਜ਼ਦੀਕ ਇਕ ਆਦਮੀ ਨੇ ਬੱਸ ਨੂੰ ਪੱਥਰ ਮਾਰਿਆ ਕੰਡੈਕਟਰ ਅਤੇ ਡਰਾਇਵਰ ਨੇ ਬੱਸ ਖੜੀ ਕਰਕੇ ਉਸ ਆਦਮੀ ਨੂੰ ਫੜਨ ਲਈ ਲਲਕਾਰਿਆ ਚਾਰ ਕੁ ਨੌਜਵਾਨ ਹੋਰ ਵੀ ਉਸ ਆਦਮੀ ਪਿਛੇ ਦੌੜੇ ਪਰ ਉਹ ਹਨੇਰੇ ਦਾ ਫਾਇਦਾ ਉਠਾ ਕੇ ਦੌੜ ਗਿਆ। ਉਸਨੂੰ ਫੜਿਆ ਜਾ ਸਕਦਾ ਸੀ ਪਰ ਰਾਤ ਸਮੇਂ ਬਸ ਸੜਕ ਤੇ ਵਧੇਰੇ ਸਮਾਂ ਖੜੀ ਕਰਨੀ ਡਰਾਇਵਰ ਨੇ ਠੀਕ ਨਾ ਸਮਝੀ। ਜਦ ਬਸ ਖੰਨਾ ਪਹੁੰਚੀ ਤਾਂ ਦੇਖਿਆ ਕਿ ਕੁਝ ਕ ਬੱਸਾਂ ਨੂੰ ਠਾਣੇ ਵਿਚ ਖੜਾ ਕੀਤਾ ਜਾ ਰਿਹਾ ਹੈ। ਕਿਸੇ ਨੇ ਡਰਾਇਵਰ ਨੂੰ ਪੁਛਿਆ ਤਾਂ ਉਸ ਨੇ ਦਸਿਆ ਕਿ 26 ਜਨਵਰੀ ਕਰਕੇ ਸਰਕਾਰੀ ਅਦੇਸ਼ ਹਨ ਕਿ ਬੱਸਾਂ ਰਾਤ ਸਮੇਂ ਠਾਣੇ ਅੰਦਰ ਖੜੀਆਂ ਕੀਤੀਆਂ ਜਾਣ। ਇਕ ਸਰਦਾਰ ਜੀ ਜੋ ਅਕਾਲੀ ਮੋਰਚੇ ਦੇ ਸਮਰਥਕ ਲਗਦੇ ਸਨ, ਨੇ ਡਰਾਇਵਰ ਨੂੰ ਕਿਹਾ ਕਿ "26 ਜਨਵਰੀ ਨੂੰ ਫਿਰ ਕੀ ਕਰ ਰਹੇ ਹੋ ?" ਡਰਾਇਵਰ ਨੇ ਜੁਆਬ ਦਿੱਤਾ ਕਿ ਅਸੀਂ ਤਾਂ ਕਰਮਚਾਰੀ ਹਾਂ ਅਸੀਂ ਕੀ ਕਰਨਾ ਹੈ। ਪਰ ਉਹ ਸਰਦਾਰ ਜੀ ਫਿਰ ਬੋਲੇ, ' ਕਿਉਂ ਨਹੀਂ ਨਹੀਂ ਸਭ ਨੂੰ ਕੁਝ ਨਾ ਕੁਝ ਤਾਂ ਕਰਨਾ ਹੀ ਚਾਹੀਦਾ ਹੈ।" ਡਰਾਇਵਰ ਦਾ ਉਤਰ ਬੜਾ ਵਾਜਬ ਸੀ ਕਿ "ਸਰਦਾਰ ਸਾਹਿਬ ਇਹ ਸਾਡਾ ਮਸਲਾ ਹੀ ਨਹੀਂ" ਜਦ ਅਸੀਂ ਆਪਣੇ ਕਿਸੇ ਮਸਲੇ ਲਈ ਲੜਾਂਗੇ ਤਾਂ ਜ਼ਰੂਰ ਕੁਝ ਨਾ ਕੁਝ ਕਰਾਂਗੇ।"

ਉਪਰੋਕਤ ਤੋਂ ਜ਼ਾਹਰ ਹੈ ਕਿ ਜਨ ਸਧਾਰਨ ਹੁਣ ਧਰਮ ਯੁਧਾਂ ਅਤੇ ਉਲਟੇ ਪੁਲਟੇ ਨਾਹਰਿਆਂ ਤੋਂ ਭਾਵਕ ਨਹੀਂ ਹੁੰਦੀ ਸਗੋਂ ਪੂਰੀ ਸਮਝ ਨਾਲ ਸੋਚ ਕੇ ਹੀ ਕਿਸੇ ਰਾਜਸੀ ਪਾਰਟੀ ਦਾ ਸਮਰਥਨ ਕਰਦੀ ਹੈ। ਅਜਿਹੇ ਹਲਾਤ ਖੱਬੇ ਪੱਖੀ ਧਿਰ ਲਈ ਉਤਸ਼ਾਹ ਜਨਕ ਹਨ ਪਰ ਹੋਰ ਬਹੁਤ ਕੁਝ ਜੋ ਨਹੀਂ ਹੋ ਰਿਹਾ ਉਹ ਕਰਨਾ ਬਣਦਾ ਹੈ। —ਹਰਜੀਤ ਗਿੱਲ ਗੁਰਦਾਸਪੁਰੀ

6. ਮੈਂ ਆਪ ਦਾ ਪੇਪਰ 'ਸਮਤਾ' ਲਗਾਤਾਰ ਦੋ ਸਾਲ ਤੋਂ ਪੜ੍ਹ ਰਿਹਾ ਹਾਂ। ਆਪਦੇ ਕਨੇਡਾ ਜਾ ਕੇ ਲੋਕ-ਪੱਖੀ ਸਾਹਿਤ ਦਾ ਪ੍ਰਚਾਰ ਕਰਨ ਦਾ ਤੇ ਪੰਜਾਬ ਸਭਿਆਚਾਰ ਮੰਚ ਦੇ ਪ੍ਰਧਾਨ ਦੇ ਅਹੁਦੇ ਤੇ ਸੁਸ਼ੋਭਿਤ ਹੋ ਕੇ ਮਿਹਨਤੀ ਲੋਕਾਂ ਦੇ ਪੱਖ ਵਿਚ ਖਲੋਣ ਲਈ ਭਾਰੀ ਹਿੱਸਾ ਪਾਇਆ ਹੈ। ਉਚੇਰੀ ਕਿਸਮ ਦੀ ਨਾਟਕਕਾਰੀ ਰਾਹੀਂ ਵਿਦੇਸ਼ ਵੱਸਦੀ ਪੰਜਾਬੀ ਵੱਸੋਂ ਨੂੰ ਪ੍ਰਭਾਵਿਤ ਕੀਤਾ ਹੈ। ਤੁਸੀਂ ਆਪਣੇ ਪਰਚੇ ਵਿਚ ਲੁੱਟੇ ਜਾਂਦੇ ਲੋਕਾਂ ਦੇ ਪੱਖ ਵਿਚ ਅਗਵਾਈ ਕਰਨ ਦਾ ਦਾਅਵਾ ਕਰਦੇ ਹੋ। ਪਰ ਭਾਅ ਜੀ, ਅਤਿਅੰਤ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਮਿਤੀ 5-2-84 ਦੀ ਸ਼ਾਮ ਬਲਾਚੌਰ ਵਿਖੇ ਆਪਦੇ ਡਰਾਮੇ ਦੇਖਣ ਦੀ ਤਾਂਘ ਨਾਲ ਮੈਂ ਪਹਿਲੀ ਵਾਰ ਪਹੁੰਚਿਆ। ਆਪਦੇ ਪ੍ਰੋਗਰਾਮ ਤੋਂ ਪਹਿਲਾਂ ਉਥੇ ਦੀ ਨੇੜੇ ਦੀ ਕਿਸੇ ਲੁੱਚ ਮੰਡਲੀ ਵਲੋਂ ਜੋ ਲੋਕ ਵਿਰੋਧੀ ਕਲਾ (ਭੰਗੜੇ, ਗੀਤ) ਨਸ਼ੇ ਦੀ ਹਾਲਤ ਵਿਚ ਪੇਸ਼ ਹੋਏ ਤੇ ਗੰਦੀ ਸਟੇਜ ਬੰਨੀ ਗਈ। ਆਪ ਦੇ ਖੁਦ ਹਾਜ਼ਰ ਹੋਣ ਤੇ ਕੋਈ ਵਿਰੋਧ ਨਾ ਕੀਤਾ ਗਿਆ। ਸਗੋਂ ਜਦ 'ਗੰਦ' ਕਾਰਨ ਮਿਹਨਤੀ ਲੋਕਾਂ ਦਾ ਇਕੱਠ ਬੱਝ ਚੁੱਕਾ ਸੀ, ਜਿਸ ਵਿਚ ਬੀਬੀਆਂ ਵੀ ਹਾਜ਼ਰ ਸਨ ਤਾਂ ਆਪ ਨੇ ਨਾਟਕਾਂ ਦਾ ਪ੍ਰੋਗਰਾਮ ਦੇਣਾ ਸ਼ੁਰੂ ਕੀਤਾ। ਆਪ ਵਲੋਂ ਕੋਈ ਵਿਰੋਧ ਨਾ ਕੀਤੇ ਜਾਣ ਕਰਕੇ ਮੇਰੇ ਮਨ ਵਿਚ ਤੌਖਲਾ ਪੈਦਾ ਹੋਇਆ ਹੈ ਕਿ ਤੁਸੀਂ ਨਾਟਕ ਸਿਰਫ਼ ਵਪਾਰ ਲਈ ਕਰਦੇ ਹੋ, ਕਿਸੇ ਉਦੇਸ਼ ਲਈ ਨਹੀਂ। ਕੀ ਤੁਸੀਂ ਸਪਸ਼ਟ ਕਰੋਗੇ ਕਿ ਸਭਿਆਚਾਰਕ ਮੰਚ ਬਣਾ ਕੇ ਅਜਿਹਾ ਵਾਵੇਲਾ ਕਰਨ ਦੀ ਕੀ ਲੋੜ ਹੈ ਜੋ ਤੁਹਾਡੀ ਮੌਜੂਦਗੀ ਵਿਚ ਹੀ ਇਹ ਗੰਦ ਘੁਲਣਾ ਹੈ। ਮੈਨੂੰ ਪੂਰੀ ਆਸ ਹੈ ਕਿ ਭਾਅ ਜੀ, ਆਪਣੀ ਮਜਬੂਰੀ ਬਾਰੇ ਜ਼ਰੂਰ ਅਗਲੇ ਅੰਕ ਵਿਚ ਸਪਸ਼ਟ ਕਰਨਗੇ।

ਰਾਜਿੰਦਰ ਸਿੰਘ ਮੁਕੇਰੀਆਂ

## ਨਿੱਜੀ ਸਪੱਸ਼ਟਤਾ

ਇਹ ਪ੍ਰੋਗਰਾਮ ਪੰਜਾਬੀ ਸਾਹਿਤ ਸਭਾ ਬਲਾਚੌਰ ਵਲੋਂ ਕਰਵਾਇਆ ਜਾ ਰਿਹਾ ਸੀ। ਮੈਨੂੰ ਦਸਿਆ ਗਿਆ ਸੀ ਕਿ ਸਰਕਾਰੀ ਕਾਲਜ ਰੋਪੜ ਵਾਲਿਆਂ ਨੇ ਭੰਗੜਾ ਦਾ ਆਈਟਮ ਦੇਣਾ ਹੈ, ਜੋ ਪੰਜਾਬੀ ਯੂਨੀਵਰਸਟੀ ਦੇ ਯੂਥ ਫੈਸਟੀਵਲ ਦੇ ਇਨਾਮ ਜੇਤੂ ਹਨ। ਮੈਨੂੰ ਜਾਂ ਸ਼ਾਇਦ ਪ੍ਰਬੰਧਕਾਂ ਨੂੰ ਵੀ ਇਹ ਨਹੀਂ ਸੀ ਪਤਾ ਕਿ ਉਹਨਾਂ ਨੇ ਫਜ਼ੂਲ ਕਿਸਮ ਦੇ ਗੀਤ ਗਾਉਣੇ ਹਨ। ਮੇਰੇ ਨਾਟਕਾਂ ਦੇ ਦਰਮਿਆਨ ਵੀ ਉਹ ਹੋਰ ਗੀਤ ਬੋਲਣਾ ਚਾਹੁੰਦੇ ਸਨ ਉਹ ਮੈਂ ਜ਼ਰੂਰ ਬੰਦ ਕਰ ਦਿੱਤੇ ਸਨ। ਆਪਦਾ ਰੋਸ ਮੈਂ ਪ੍ਰਬੰਧਕਾਂ ਨੂੰ ਦਸ ਦਿਤਾ ਸੀ ਅਤੇ ਨਾਲ ਹੀ ਉਹਨਾਂ ਵਿਦਿਆਰਥੀਆਂ ਨੂੰ ਵੀ ਆਪਣੇ ਵਿਚਾਰ ਦਸੇ ਸਨ ਕਿ ਆਪਣੀ ਕਲਾ ਨੂੰ ਚੰਗੇ ਮੰਤਵ ਲਈ ਇਸਤੇਮਾਲ ਕਰਨ। ਲੋਕ ਗੀਤਾਂ ਦਾ ਮਤਲਬ ਲੱਚਰ ਗੀਤ ਨਹੀਂ ਹਨ। ਇਹੋ ਜਿਹੀਆਂ ਥਾਵਾਂ ਤੇ ਪਬਲਿਕ ਵਾਦ-ਵਿਵਾਦ ਉਹਨਾਂ

ਦਰਸ਼ਕਾਂ ਨਾਲ ਨਾ ਇਨਸਾਫੀ ਹੁੰਦੀ, ਜਿਹੜੇ ਏਨੀ ਠੰਡ ਵਿਚ ਨਾਟਕ ਵੇਖਣ ਆਏ ਸਨ। ਬਾਕੀ ਰਾਜਿੰਦਰ ਸਿੰਘ ਜੀ 250-300 ਵਿਚ ਨਾਟਕ ਕਰਨਾ ਵਪਾਰ ਨਹੀਂ, ਇਹ ਰਕਮ ਮਸਾਂ ਨਾਟਕ ਸੰਸਥਾ ਦੇ ਖਰਚ ਹੀ ਪੂਰੇ ਕਰਦੀ ਹੈ।

ਗੁਰਸ਼ਰਨ ਸਿੰਘ

7. ਜਿਵੇਂ ਜਿਵੇ ਅਕਾਲੀ ਅੰਦੋਲਨ ਲੰਬਾ ਪੈ ਰਿਹਾ ਹੈ ਉਵੇਂ ਉਵੇਂ ਹੀ ਇਸਦੇ ਸੰਜੋਯਕਾਂ ਦੇ ਖੋਟੇ ਮਨਸੂਬੇ ਵੀ ਉਜਾਗਰ ਹੋ ਰਹੇ ਹਨ। ਪਿਛਲੇ ਹਫਤੇ ਦ 'ਬੰਦਾਂ' ਦੌਰਾਨ ਦੋਨੋਂ ਤਰਫੋਂ ਕੀਤੀ ਗੁੰਡਾਗਰਦੀ ਇਸ ਦੀਆਂ ਉਘੜਵੀਆਂ ਮਿਸਾਲਾਂ ਹਨ। ਜਥੇਦਾਰ ਟੋਹੜਾ ਵਲੋਂ ਇਕ ਬਿਆਨ ਰਾਹੀਂ ਹਿੰਦੂ ਸੁਰਖਿਆ ਸੰਮਤੀ ਵਾਲਿਆਂ ਨੂੰ ਇਹ ਸਲਾਹ ਦਿਤੀ ਗਈ ਹੈ ਕਿ ਉਹ ਆਪਣੇ ਲੀਡਰ ਦੀ ਰਿਹਾਈ ਲਈ ਕਨੂੰਨੀ ਲੜਾਈ ਲੜਨ ਜਿਵੇਂ ਕਿ ਅਕਾਲੀ ਦਲ ਜਥੇਦਾਰ ਤਲਵੰਡੀ ਲੜ ਰਿਹਾ ਹੈ। ਮਤਲਬ ਇਹ ਬਣਦਾ ਹੈ ਕਿ ਦੋਨਾਂ ਫਿਰਕੂ ਟੋਲਿਆਂ ਮੁਤਾਬਿਕ 'ਨੈਸ਼ਨਲ ਸਕਿਉਰਿਟੀ ਐਕਟ' ਜਾਇਜ਼ ਹੈ ਸਿਰਫ਼ ਕਨੂੰਨੀ ਅੜਿਚਣ ਹੀ ਕਨੂੰਨੀ ਲੜਾਈ ਦੇ ਨਾਲ ਦੂਰ ਕਰਨ ਵਾਲੀ ਹੈ। ਦੋਨਾਂ ਫਿਰਕੂ ਟੋਲਿਆਂ ਦੇ ਵੱਡੇ ਫਿਰਕੂ ਲੀਡਰ ਅੰਦਰ ਜਾਣ ਤੇ ਵੀ ਉਨ੍ਹਾਂ ਇਸ ਐਕਟ ਦੀ ਵਿਰੋਧਤਾ ਨਹੀਂ ਕੀਤੀ। ਮਤਲਬ ਸਾਫ਼ ਹੈ ਦੋਨੋਂ ਟੋਲੇ ਆਪਣੇ ਆਪਣੇ ਫਿਰਕੇ ਦੀਆਂ ਵੋਟਾਂ ਪੱਕੀਆਂ ਕਰ ਰਹੇ ਹਨ। ਗੱਦੀ ਤੇ ਜਦ ਇਨ੍ਹਾਂ ਵਿਚੋਂ ਕੋਈ ਵੀ ਕਾਬਜ਼ ਹੋ ਗਿਆ ਉਹ ਇਸ ਐਕਟ ਨੂੰ ਮਿਹਨਤਕਸ਼ਾਂ ਤੇ ਇਨਕਲਾਬੀਆਂ ਖਿਲਾਫ਼ ਵਰਤੇਗਾ। ਇਸੇ ਲਈ ਹੀ ਤਾਂ ਇਸ ਖਿਲਾਫ ਨਾ ਬੋਲਣ ਵਿਚ ਦੋਹਾਂ ਦੀ 'ਚੁਪ ਸੁਰ' ਰਲਦੀ ਹੈ। ਹਰ ਜਮਹੂਰੀ ਵਿਅਕਤੀ ਦਾ ਇਸ ਨਾਜ਼ਕ ਮੌਕੇ ਫਰਜ਼ ਬਣਦਾ ਹੈ ਕਿ ਫਿਰਕੂਆਂ ਦੇ ਹਰ ਤਰ੍ਹਾਂ ਦੇ ਚੰਦਰੇ ਮਨਸੂਬੇ ਲੋਕਾਂ 'ਚ ਉਜਾਗਰ ਕਰੇ —ਗੁਰਦੀਪ

**8. ਸੰਪਾਦਕੀ ਟਿੱਪਣੀ ਸੰਬੰਧੀ :**

ਸਮਤਾ, ਫਰਵਰੀ, 1984 ਮਿਲਿਆ, ਪੜ੍ਹਿਆ 'ਸੰਪਾਦਕੀ ਟਿਪਣੀਆਂ' ਲੇਖਕ-ਪਾਠਕ ਫੋਰਮ' ਅਤੇ 'ਲੁੱਕ 'ਚ ਫਸੇ ਪੈਰ' ਕਹਾਣੀ ਨੇ ਬਹੁਤ ਹੀ ਧਿਆਨ ਖਿੱਚਿਆ। ਪੰਨਾ ਦੋ ਤੇ 'ਪਰ ਜਦੋਂ ਅਸੀਂ ਵੀ ਕੌਮ ਜਾਂ ਕੌਮੀਅਤਾਂ ਦੇ ਚੱਕਰ 'ਚ ਫਸ ਜਾਂਦੇ ਹਾਂ...ਅਸੀਂ ਬੁਰਜੂਆ ਸਿਆਸਤ ਦੀਆਂ ਲੋਕ ਦੁਸ਼ਮਣ ਨੀਤੀਆਂ ਦਾ ਭਾਗ ਬਣ ਜਾਂਦੇ ਹਾਂ" ਤੁਸੀਂ ਲਿਖਿਆ ਹੈ। ਭਾਅ ਜੀ ਸਾਡਾ ਇਹ ਮਸਲਾ ਉਠਾਉਣ ਦਾ ਮਤਲਬ ਇਹ ਹੈ, ਕਿ ਖੱਬੀ ਧਿਰ ਨੇ ਇਸ ਨੂੰ ਠੀਕ ਥਾਂ ਤੋਂ ਹੱਥ ਨਹੀਂ ਪਾਇਆ, ਤਾਂ ਜੋ ਮੌਜੂਦਾ ਲੋਕ-ਦੁਸ਼ਮਣ ਅਰਥਚਾਰੇ ਨੂੰ (ਨਿਜ਼ਾਮ) ਬਦਲਣ ਲਈ, ਕੌਮਾਂ ਜਾਂ ਕੌਮੀਅਤਾਂ ਦੇ ਸਵਾਲ ਨੂੰ ਖੱਬੀ ਲਹਿਰ ਦੇ ਹਿੱਤ 'ਚ ਵਰਤਿਆ ਜਾ ਸਕੇ। ਇਹੋ ਗੱਲ ਤੁਸੀਂ ਲੇਖਕ-ਪਾਠਕ ਫੋਰਮ 'ਚ ਠੀਕ ਨੋਟ ਕੀਤੀ ਹੈ। "ਇਕ ਪਾਸੇ ਸਵਾਲ ਛੋਟੀਆਂ ਕੌਮਾਂ ਦੇ ਸਭਿਆਚਾਰ ਨੂੰ ਬਚਾਉਣ ਦਾ ਹੈ ਤੇ ਦੂਜੇ ਪਾਸੇ ਬੁਨਿਆਦੀ ਸਵਾਲ ਇਸ ਲੋਟੂ ਪ੍ਰਬੰਧ ਨੂੰ ਖਤਮ ਕਰਨ ਦਾ ਹੈ ਜੋ ਵੱਧ ਤੋਂ ਵੱਧ ਸਧਾਰਣ ਲੋਕਾਂ ਦੀ ਏਕਤਾ ਤੇ ਆਧਾਰਤ ਹੈ।" (ਪੰਨਾ 34)। ਹਾਂ, ਵੱਧ ਤੋਂ ਵੱਧ ਸਧਾਰਣ ਲੋਕਾਂ ਨੂੰ, ਆਰਥਿਕ, ਭਾਸ਼ਾ ਤੇ ਸਭਿਆਚਾਰ ਦੇ ਮਸਲਿਆਂ ਤੇ ਦਲਾਲ ਸਰਮਾਏਦਾਰੀ ਵਿਰੁੱਧ ਜਥੇਬੰਦ ਕਰ ਸਕਦੇ ਹਾਂ। ਜੇ ਅਗਵਾਈ ਠੀਕ ਹੱਥਾਂ 'ਚ ਹੋਵੇਗੀ ਤਾਂ ਇਸ ਸਾਮਰਾਜ ਤੇ ਦਲਾਲ ਸਰਮਾਏਦਾਰੀ ਵਿਰੋਧੀ (ਜੋ ਕਿਸੇ ਕੌਮ ਦੀ ਭਾਸ਼ਾ ਤੇ ਇਤਿਹਾਸ ਨੂੰ ਵਿਗਾੜਨ ਅਤੇ ਆਰਥਕਤਾ ਤੇ ਸਭਿਆਚਾਰ ਨੂੰ ਨਸ਼ਟ ਕਰਦੇ ਹਨ) "ਜਥੇਬੰਦਕ ਤਾਕਤ ਦੀ ਸੋਝੀ 'ਚੋਂ, ਜਮਾਤੀ ਸੂਝ ਪਣਪੇਗੀ, ਵਿਕਾਸ ਕਰੇਗੀ। ਇਹ ਜਮਾਤੀ ਸੂਝ ਹੀ ਪ੍ਰੋਲੇਤਾਰੀ ਜਮਾਤ ਦੀ ਪਾਰਟੀ ਦੇ ਉਪਜਣ ਤੇ ਵਿਕਸਣ ਦਾ ਆਧਾਰ ਬਣੇਗੀ।" ਆਪਣੀ ਭਾਸ਼ਾ ਤੇ ਸਭਿਆਚਾਰ ਨਾਲ ਲੋਕਾਂ ਦੀ ਜਜ਼ਬਾਤੀ ਸਾਂਝ ਹੁੰਦੀ ਹੈ, ਜੇ ਇਸ ਨੂੰ ਖੱਬੀ ਧਿਰ ਆਪਣੇ ਹਿੱਤਾਂ 'ਚ ਵਰਤ ਲਏ, ਕੋਈ ਮਾੜੀ ਗੱਲ ਨਹੀਂ।

## ਲੁੱਕ 'ਚ ਫਸੇ ਪੈਰ

ਸਾਥੀ ਮੁਖਤਿਆਰ ਸਿੰਘ ਦੀ ਕਹਾਣੀ 'ਲੁੱਕ 'ਚ ਫਸੇ ਪੈਰ', ਬਹੁਤ ਹੀ ਪਿਆਰੀ ਹੈ। ਕਹਾਣੀ 'ਚ ਵਰਤੇ ਪ੍ਰਤੀਕ ਬਹੁ-ਅਰਥੀ ਹਨ। ਇਹੋ ਗੱਲ ਕਹਾਣੀ 'ਚ ਜਾਨ ਪਾ ਗਈ ਹੈ। ਪਾਠਕ ਨੂੰ ਕਹਾਣੀ ਮੁੜ ਪੜ੍ਹਨ ਤੇ ਫਿਰ ਸੋਚਣ ਲਈ ਮਜਬੂਰ ਕਰਦੀ ਹੈ। ਜੇ ਮੈਂ ਕਹਾਂ ਮੁਖਤਿਆਰ ਨੂੰ, ਮੇਰੀ ਵਧਾਈ ਭੇਜ ਦਿਓ, ਇਹ ਤਾਂ ਰਸਮੀ ਜਹੀ ਗੱਲ ਹੋਊ। ਪਰ ਮੈਨੂੰ ਲੁੱਕ 'ਚ ਫਸੇ ਕਤੂਰੇ 'ਚੋਂ ਕੀ ਕੀ ਦੀਹਦੈ, ਇਹ ਗੱਲ ਮੈਂ ਸਾਥੀ ਮੁਖਤਿਆਰ ਨਾਲ ਸਾਂਝੀ ਕਰੇ ਬਿਨਾਂ ਨਹੀਂ ਰਹਿ ਸਕਦਾ।

ਜਦੋਂ ਕਹਾਣੀ 'ਲੁੱਕ 'ਚ ਫਸੇ ਪੈਰ' ਪਹਿਲੀ ਵਾਰ ਪੜ੍ਹੀ, ਮੈਨੂੰ ਲੱਗਿਆ ਕਿਸਾਨੀ ਤੇ ਮਜ਼ਦੂਰ ਜਮਾਤ ਗੋਡਿਆਂ ਤੱਕ ਹੀ ਨਹੀਂ, ਗਰੀਬੀ, ਅਨਪੜ੍ਹਤਾ ਤੇ ਵਹਿਮਾਂ ਭਰਮਾਂ ਦੀ ਲੁੱਕ 'ਚ ਲੱਕ ਲੱਕ ਤੱਕ ਫਸੀ ਪਈ ਹੈ। ਉਸ ਦੇ ਆਗੂ ਕਥਿਤ ਕਾਮਰੇਡ 'ਦੇਸ ਬਿਦੇਸ਼ਾਂ ਦੇ ਮਾਮਲਿਆਂ ਦਾ ਹੱਲ" (ਸਫਾ-25) ਲੱਭਣ ਲਗੇ ਹੋਏ ਹਨ। ਮਿਹਨਤਕਸ਼ ਜਮਾਤ ਦੀ ਟਿਆਊਂ 2 ਕੋਈ ਨਹੀਂ ਸੁਣਦਾ। ਕਤੂਰੇ ਦੀ 'ਹਲਕ ਘਰੋੜਵੀਂ ਟਿਆਊਂ ਟਿਆਊਂ" ਸੁਣਕੇ ਵੀ ਉਸਦੇ ਹਿਤਾਂ ਦੇ ਹਥਿਆਰਬੰਦ ਪਹਿਰੇਦਾਰ, ਨੱਕ ਜਾ ਸੰਗੋੜ ਕੇ ਕਹਿੰਦੇ ਹਨ 'ਘੰਟਾ ਕੁ ਹੋਰ ਲੰਘਾ ਲੈ।" ਇਹ ਘੰਟਾ ਸੱਠ ਮਿੰਟਾਂ ਤੋਂ ਸੱਠ ਸਾਲਾਂ ਦਾ ਹੋ ਗਿਐ (1925 ਤੋਂ 1984 ਤੱਕ)। ਲੁੱਕ

'ਚ ਫਸੇ ਕਤੂਰੇ ਦੀ ਟਿਆਊਂ ਟਿਆਊਂ ਜਾਰੀ ਹੈ। ਕਥਿਤ ਕਾਮਰੇਡ ਉਸ ਨੂੰ ਲੁੱਕ 'ਚੋਂ ਕੱਢਣ ਲਈ "ਯਤਨਸ਼ੀਲ" ਹਨ।

ਜਦੋਂ ਕਹਾਣੀ ਦੂਜੀ ਵਾਰ ਪੜ੍ਹੀ ਤਾਂ ਲੁੱਕ 'ਚ ਫਸੇ ਕਤੂਰੇ ਚੋਂ ਮੈਨੂੰ ਸਾਰੇ ਰੰਗਾਂ ਦੇ ਕਥਿਤ ਕਾਮਰੇਡਾਂ ਦੇ ਦ ਦਰਸ਼ਨ ਹੋਏ। ਜਿਨ੍ਹਾਂ ਚੋਂ ਕੁਝ ਬੁਰਜੂਆ ਪਾਰਲੀਮਾਨੀ ਸਿਆਸਤ ਦੀ ਲੁਕ 'ਚ ਫਸੇ ਹੋਏ ਹਨ। ਕੁਝ 'ਮਾਰਕਸੀ ਜਨੂੰਨ' ਦੀ ਲੁੱਕ 'ਚ ਫਸੇ ਟਿਆਊਂ-2 ਕਰੀ ਜਾ ਰਹੇ ਹਨ। ਜਿਨ੍ਹਾਂ ਦੀ ਇਸ ਕਤੂਰੇ ਨੇ ਅਗਵਾਈ ਕਰਨੀ ਸੀ, ਉਹ ਸਾਰੇ ਦੁਖੀ ਤਾਂ ਹਨ ਪਰ ਕਤੂਰੇ ਨੂੰ ਆਪਣੇ ਆਪ ਕਸੂਤੀ ਹਾਲਤ 'ਚ ਫਸੇ ਨੂੰ ਵੇਖ ਕੇ ਹਸਦੇ ਹਨ। ਤੇ 'ਚਲੋ ਚਲੋ ਆਪਾਂ ਕਵੇਲਾ ਕਿਉਂ ਕਰਦੇ ਹਾਂ ਪਿਆ ਰਹਿਣ ਦਿਉ ਸਾਲੇ ਨੂੰ' ਕਹਿਕੇ ਲੰਘ ਜਾਂਦੇ ਹਨ। ਇਸ ਲਾਈਨ 'ਚ ਸ਼ਾਇਦ ਸਾਥੀ ਮੁਖਤਿਆਰ ਨੇ ਕਿਸਾਨਾਂ ਵਲ ਇਸ਼ਾਰਾ ਕੀਤਾ ਹੈ। ਜੋ ਹੁਣ ਬਹੁਤਾ ਕਵੇਲਾ ਨਹੀਂ ਕਰਨਾ ਚਾਹੁੰਦੇ। ਲੁੱਕ 'ਚ ਫਸੇ ਕਤੂਰੇ ਨੂੰ (ਸਾਰੇ ਰੰਗਾਂ ਦੇ ਕਾਮਰੇਡਾਂ ਨੂੰ) ਆਪਣੀ ਮੌਤ ਆਪ ਮਰਨ ਲਈ ਛੱਡ ਕੇ, ਭਾਰਤੀ ਕਿਸਾਨ ਯੂਨੀਅਨ ਵਿਚ ਆਪਣੇ ਆਪ ਨੂੰ ਜਥੇਬੰਦ ਕਰ ਰਹੇ ਹਨ।

—ਜਗਰੂਪ ਸਿੰਘ ਭਦੌੜ

**9. ਹਾਂ, ਇਹ ਸੇਖੋਂ ਸਾਹਿਬ ਬੋਲ ਰਹੇ ਨੇ...**

ਪਾਠਕ ਹੈਰਾਨ ਹੋਣਗੇ ਕਿ ਇਨ੍ਹਾਂ ਨੂੰ ਹੋਈ ਕੀ ਜਾਂਦੈ। ਪਹਿਲਾਂ ਕੰਵਲ...ਤੇ ਹੁਣ ਸੰਤ ਸਿੰਘ 'ਸੇਖੋਂ' (ਜਿਹੜਾ ਇਹ ਸਮਝਦਾ ਸੀ ਕਿ ਮਾਰਕਸਵਾਦੀ ਆਲੋਚਨਾ ਦਾ ਸਰਦਾਰ ਉਹੀ ਹੈ)। ਕੋਈ ਹੈਰਾਨੀ ਦੀ ਗੱਲ ਨਹੀਂ ਦੋਸਤੋ ਅਜੇਹੇ ਲੋਕ ਜੋ ਸਿਰਫ਼ ਲਫ਼ਾਜ਼ੀ ਤੌਰ 'ਤੇ ਮਾਰਕਸਵਾਦੀ ਵਿਚਾਰਧਾਰਾ ਨੂੰ ਆਪਣਾ ਹੱਥ-ਠੋਕਾ ਬਣਾਈ ਬੈਠੇ ਹਨ ਪਰ ਉਨ੍ਹਾਂ ਦਾ ਅਮਲ ਗੈਰ-ਮਾਰਕਸਵਾਦੀ ਹੈ ਉਹ ਆਪਣੇ ਕਿਰਦਾਰ ਤੋਂ ਪਛਾਣੇ ਹੀ ਜਾਂਦੇ ਹਨ। ਹੇਠਲੀਆਂ ਗੱਲਾਂ ਉਪਰੋਕਤ ਕਥਨ ਨੂੰ ਹੋਰ ਵੀ ਸਪਸ਼ਟ ਕਰ ਦੇਣਗੀਆਂ।

5 ਫਰਵਰੀ 1984 ਦਿਨ ਹੈ ਐਤਵਾਰ। ਕੋਟਕਪੂਰੇ ਦੀ ਇਕ ਸਾਹਿਤ ਸਭਾ ਦੇ ਸਮਾਗਮ 'ਚ ਸੇਖੋਂ ਪ੍ਰਧਾਨਗੀ ਦੀ ਕੁਰਸੀ 'ਤੇ ਸਜਿਆ ਬੈਠਾ। ਸਮਾਗਮ ਸ਼ੁਰੂ ਹੋ ਚੁੱਕਾ ਹੈ। ਸਭ ਤੋਂ ਪਹਿਲਾਂ ਤੇਜਵੰਤ ਮਾਨ ਆਪਣਾ ਪੇਪਰ ਪੜ੍ਹਦਾ ਹੈ, ਧਰਮ ਕੰਮੇਆਣਾ ਦੀ ਕਾਵਿ-ਪੁਸਤਕ 'ਤੇ ਦੂਸਰਾ ਪੇਪਰ ਸੁਰਜੀਤ ਗਿੱਲ ਦਾ ਹੈ "ਪ੍ਰੋ. ਕ੍ਰਿਸ਼ਨ ਸਿੰਘ, ਗੁਰਬਾਣੀ ਤੇ ਮਾਰਕਸਵਾਦ"। ਹੋਰਨਾਂ ਬੁਲਾਰਿਆਂ ਤੋਂ ਪਿਛੋਂ ਸੇਖੋਂ ਸਾਹਿਬ ਮਾਈਕ 'ਤੇ ਆ ਗਏ ਹਨ। ਪੌਣਾਂ ਘੰਟਾ ਅੱਕੀਂ ਪਲਾਹੀਂ ਹੱਥ ਮਾਰ ਕੇ ਪ੍ਰਧਾਨਗੀ ਕੁਰਸੀ 'ਤੇ ਜਾ ਬੈਠੇ ਹਨ।

ਆਉ ਹੁਣ ਵੇਖੀਏ ਸੇਖੋਂ ਸਾਹਿਬ ਦਾ ਮਾਰਕਸਵਾਦ। ਸੇਖੋਂ ਸਾਹਿਬ ਨੇ ਬੋਲਿਆ ਅਖੇ; ਮਾਰਕਸਵਾਦ ਸਾਡੇ ਲੋਕਾਂ ਦੇ ਅਨੁਕੂਲ ਨਹੀਂ। ਅਖੇ; ਮਾਰਕਸਵਾਦੀ ਸ਼ਬਦ ਤਾਂ ਟਿੱਚਰ ਦੇ ਤੌਰ 'ਤੇ ਵਰਤਿਆ ਗਿਆ ਸੀ ਇਸ ਲਈ ਸਾਨੂੰ ਹੋਰ ਸ਼ਬਦ ਲੱਭਣਾ ਚਾਹੀਦੈ। ਹੈਰਾਨੀ ਦੀ ਗੱਲ ਤਾਂ ਉਦੋਂ ਹੁੰਦੀ ਹੈ ਜਦੋਂ ਸੇਖੋਂ ਸਾਹਿਬ ਇਹ ਫਰਮਾਉਂਦੇ ਹਨ "ਸਾਡੇ ਵਿਰੋਧੀ ਆਖ ਦਿੰਦੇ ਹਨ ਕਿ ਮਾਰਕਸਵਾਦ ਤਾਂ ਉਧਾਰ ਲਿਆ ਹੋਇਆ ਫਲਸਫਾ ਇਸ ਲਈ ਸਾਨੂੰ ਅਜੇਹਾ ਸਿਧਾਂਤ ਅਪਨਾਉਣਾ ਚਾਹੀਦੈ ਜੋ ਸਾਡੇ ਸੱਭਿਆਚਾਰ ਦੇ ਅਨੁਕੂਲ ਹੋਵੇ (ਸ਼ਾਇਦ ਉਹ ਸੇਖੋਂਵਾਦ ਹੋਵੇਗਾ !)।"

ਉਹ ਆਖਦੇ ਨੇ, "ਮਾਰਕਸਵਾਦ ਪੰਜਾਬੀਆਂ ਦੇ ਮੇਚ ਨਹੀਂ ਬੈਠਾ ਇਸ ਕਰਕੇ ਇਹ ਇਥੇ ਸਫਲ ਨਹੀਂ ਹੋਇਆ। ਇਹ ਬੰਗਾਲ ਤੇ ਕੇਰਲਾ ਦੇ ਲੋਕਾਂ ਦੇ ਮੇਚ ਬੈਠ ਗਿਆ (ਚੇਤਨਤਾ ਕਰਕੇ) ਇਸ ਲਈ ਉਥੇ ਕਾਮਯਾਬ ਹੋ ਗਿਆ।"

ਅਗਾਂਹ ਵੇਖੋ ਸੇਖੋਂ ਦਾ ਮਾਰਕਸਵਾਦ ! ਕੰਮੇਆਣਾ ਦੀ ਪੁਸਤਕ 'ਤੇ ਚਰਚਾ ਕਰਨ ਨਾਲੋਂ ਲੱਗਦਾ ਸੀ ਜਿਵੇਂ ਬੇਤੁਕੀਆਂ ਜ਼ਿਆਦਾ ਭੌਰ ਰਹੇ ਹੋਣ (ਪ੍ਰਧਾਨ, ਕੇਂਦਰੀ ਲਿਖਾਰੀ ਸਭਾ ਨੂੰ ਇਹ ਗੱਲਾਂ ਸ਼ੋਭਾ ਨੀ ਦਿੰਦੀਆਂ)। "ਹਾਇ ਉਏ ਧਰਮਿਆਂ...! ਤੇਰਾ ਤਾਂ ਕਿਸੇ ਸੋਲਾਂ ਸਾਲਾਂ ਦੀ ਚੰਚਲੋ ਨਾਲ ਇਸ਼ਕ ਹੋ ਗਿਆ ਲੱਗਦੈ। ਹਾਇ ਉਏ ਧਰਮਿਆਂ ਤੂੰ ਵਧੀਆ ਲਿਖਦੈਂ। ਹਾਇ ਉਏ ਧਰਮਿਆਂ...!". ਤੇ ਮੈਨੂੰ ਲੱਗਦਾ ਸੀ ਸ਼ਾਇਦ ਸੇਖੋਂ ਸਾਹਿਬ ਇਹ ਵੀ ਕਹਿ ਦੇਣ, "ਮੇਰਾ ਵੀ ਕਰਾ ਦੇ ਇਸ਼ਕ...।"

ਜਦੋਂ ਇਨ੍ਹਾਂ ਸਤਰਾਂ ਦਾ ਲੇਖਕ ਸੇਖੋਂ ਦੀ ਦਿਵਾਲੀਆ ਸਮਝ ਬਾਰੇ ਬੋਲਣ ਲੱਗਿਆਂ ਤਾਂ ਉਸਦੇ ਚੇਲੇ ਬਾਲਕੇ ਅਲੀ-ਅਲੀ ਕਰਕੇ ਪੈ ਗੇ ਅਖੇ, "ਕੱਲ ਦਾ ਛੋਰੂ ਸੇਖੋਂ ਸਾਹਿਬ ਦੇ ਉਲਟ ਬੋਲਦੈ...।"

ਉਮੀਦ ਕਰਦਾ ਹਾਂ ਕਿ ਪਾਠਕ ਸਹੀ ਤੇ ਗਲਤ ਦਾ ਨਿਰਣਾ ਜ਼ਰੂਰ ਕਰਨਗੇ। —ਰੁਪਿੰਦਰ ਮਾਨ

10. ਅੱਜ ਕੱਲ੍ਹ 'ਕੰਵਲ' ਫਿਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅਜੋਕੀ ਬਹਿਸ ਵਿੱਚ 'ਕੰਵਲ', ਇੱਕ ਪਾਸੇ ਅਤੇ ਅਨੇਕਾਂ ਸਾਹਿਤ-ਪ੍ਰੇਮੀ ਦੂਜੇ ਪਾਸੇ ਹਨ। 'ਕੰਵਲ' ਭਾਰਤ ਦੇ ਦੂਜੇ ਸੂਬਿਆਂ ਤੋਂ, ਰੁਜ਼ਗਾਰ ਲਈ, ਪੰਜਾਬ ਆਏ ਖੇਤ-ਮਜ਼ਦੂਰਾਂ (ਭੱਈਆਂ) ਨੂੰ ਪੰਜਾਬ ਵਿਚ ਪੱਕੀ ਰਿਹਾਇਸ਼ ਅਤੇ ਵੋਟ ਦੇਣ ਦੇ ਹੱਕ ਤੋਂ ਵਾਂਝਿਆਂ ਕਰਨ ਦਾ ਨਾਅਰਾ ਲਾ ਰਿਹਾ ਹੈ। ਇਸ ਮਾਮਲੇ ਵਿਚ 'ਕੰਵਲ' ਦੇ ਹਮਖਿਆਲ ਸਾਥੀ ਜਾਂ ਮੋਹਰੀ ਹਨ ਸ: ਗੁਰਚਰਨ ਸਿੰਘ ਟੌਹੜਾ ਆਦਿਕ ਅਕਾਲੀ ਲੀਡਰ।

ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹੀ ਜਾਂ ਇਨ੍ਹਾਂ ਤੋਂ ਪਹਿਲਾਂ ਵਾਲੇ ਅਕਾਲੀ ਲੀਡਰ ਹੀ ਸਨ ਜਿਨ੍ਹਾਂ ਨੇ ਪੂਰਬੀ ਪੰਜਾਬ ਦੀ ਪਿਛਲੀ ਵੰਡ (1965) ਮੋਰਚੇ ਲਾ ਕੇ ਕਰਵਾਈ ਅਤੇ ਹਰਿਆਣਾ ਬਣਵਾਇਆ ਸੀ। ਹਰਿਆਣੇ ਲਈ ਕਿਸੇ ਨੇ ਮੋਰਚੇ ਨਹੀਂ ਲਾਏ; ਸਗੋਂ ਅਕਾਲੀਆਂ ਨੇ ਆਪ, ਪੰਜਾਬੀ ਇਲਾਕਿਆਂ ਸਮੇਤ, ਹਰਿਆਣਾ ਥਾਲੀ ਵਿਚ ਪਰੋਸ ਕੇ ਬੰਸੀ ਲਾਲ, ਭਜਨ ਲਾਲ ਆਦਿਕ ਨੂੰ ਦਿਤਾ ਹੈ ਅਤੇ ਕਾਂਗੜੇ, ਕੁੱਲੂ ਆਦਿ ਇਲਾਕੇ ਹਿਮਾਚਲ ਪ੍ਰਦੇਸ਼ ਦੇ ਪੰਜਾਬੀ ਬੋਲਦੇ ਲੋਕਾਂ (ਬਹੁ ਗਿਣਤੀ ਸਿੱਖ ਕਿਸਾਨ) ਦੇ ਹਿਤਾਂ ਦੀ ਸਿੱਧੀ ਬਲੀ ਦਿੱਤੀ ਗਈ ਸੀ। ਇਹ ਸਾਰਾ ਕੁੱਝ ਵਜ਼ੀਰੀਆਂ ਅਤੇ ਅਤੇ ਸਪੀਕਰੀ ਦੇ ਲੋਭ ਲਈ ਹੀ ਕੀਤਾ ਗਿਆ ਸੀ! ਕੁਰਸੀਆਂ ਲਈ ਅਕਾਲੀ ਅਤੇ ਕਾਂਗਰਸੀ ਕਈ ਵਾਰ ਇਕੱਠੇ ਹੋਏ, ਕਈ ਵਾਰ ਵਿੱਛੜੇ। ਇਸ ਜੋੜ-ਤੋੜ ਖਾਤਰ ਕਈ ਮੋਰਚੇ ਲਾਏ ਗਏ; ਉਨ੍ਹਾ ਲਈ ਲੱਖਾਂ, ਕਰੋੜਾਂ ਰੁਪਏ ਲੋਕਾਂ ਤੋਂ ਬਟੋਰੇ ਗਏ। ਭੋਲੇ ਲੋਕਾ ਨੇ ਤਨ, ਮਨ, ਧਨ ਦੀਆਂ ਬੇਮਿਸਾਲ ਕੁਰਬਾਨੀਆਂ ਦਿਤੀਆਂ ਪਰ ਲੀਡਰਾਂ ਨੇ ਅੰਤ ਨੂੰ, ਗੱਦੀਆਂ ਖਾਤਰ, ਸ਼ਰਮਨਾਕ ਸਮਝੌਤੇ ਕੀਤੇ। ਇਕੱਠੇ ਹੋਏ ਫੰਡਾਂ ਦਾ ਹਿਸਾਬ ਕਦੇ ਨਹੀਂ ਦਿਤਾ ਗਿਆ।

ਹੁਣ ਚਲ ਰਹੇ ਅਕਾਲੀ ਮੋਰਚੇ ਵਿਚ ਸਾਰੇ ਭਾਰਤ ਦੇ ਦੂਜਿਆਂ ਸੂਬਿਆਂ ਵਿੱਚ ਰਹਿਣ ਵਾਲੇ ਪੰਜਾਬੀਆਂ (ਬਹੁ ਗਿਣਤੀ ਸਿਖ) ਦੇ ਹਿਤਾਂ ਦੀ ਸਿੱਧੀ ਬਲੀ ਦਿੱਤੀ ਜਾ ਰਹੀ ਹੈ; ਜਿਵੇਂ 'ਕੰਵਲ' ਦੇ ਕਥਨ ਅਨੁਸਾਰ 'ਭਾਰਤ ਦੀ ਵੰਡ ਵੇਲੇ ਮਾਸਟਰ ਤਾਰਾ ਸਿੰਘ ਆਦਿ ਨੇ 'ਸਿੱਖ ਹੋਮਲੈਂਡ' ਸਰਦਾਰ ਬਲਦੇਵ, ਸਿੰਘ ਦੀ ਟਾਟਾ ਨਗਰ ਦੀ ਕਾਰਖਾਨੀ ਉਤੋਂ ਕੁਰਬਾਨ ਕਰ ਦਿਤਾ ਸੀ।' ਮੈਂ ਇਹ ਹਵਾਲਾ ਸਿਰਫ 'ਕੰਵਲ' ਦੀ ਯਾਦ ਤਾਜ਼ਾ ਕਰਵਾਉਣ ਦੇ ਲਈ ਦੇ ਰਿਹਾ ਹਾਂ। ਇਹ ਮੇਰੇ ਨਹੀਂ, 'ਕੰਵਲ' ਦੇ ਆਪਣੇ ਵਿਚਾਰ ਹਨ।

ਭਾਰਤ ਦੀ ਵੰਡ ਵੇਲੇ ਅਤੇ ਉਸਤੋਂ ਪਿੱਛੋਂ ਦਾ ਇਹ ਇਤਿਹਾਸ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿਉਂਕਿ ਇਹ ਸ਼ਾਇਦ ਛੇਤੀ ਹੀ ਫਿਰ ਦੁਹਰਾਇਆ ਜਾਏਗਾ। ਹੁਣ ਵੀ ਸਰਕਾਰ ਨਾਲ ਗੱਲਬਾਤ ਕਰਦੇ ਇੱਕ ਮੁਖੀ-ਅਕਾਲੀ-ਬਲ ਦੇ (ਸਾਬਕ ਕਾਂਗਰਸੀ/ਵਜ਼ੀਰ) ਸ. ਬਲਵੰਤ ਸਿੰਘ ਦੇ ਇਰਾਕ ਵਿਚਲੇ ਵਪਾਰਿਕ ਹਿੱਤਾਂ ਦੀ ਰਾਖੀ ਸ੍ਰੀਮਤੀ ਇੰਦਰਾ ਗਾਂਧੀ ਆਪ ਕਰਦੀ ਹੈ। ਇਸ ਖਾਤਰ ਉਹ ਇਰਾਕ ਦੇ ਵਡੇ ਲੀਡਰਾਂ ਨੂੰ ਫੋਨ ਕਰ ਜਾਂ ਕਰਵਾ ਚੁੱਕੀ ਹੈ। ਯਾਦ ਰਹੇ ਕਿ ਸ. ਬਲਵੰਤ ਸਿੰਘ ਦੇ ਇਰਾਕ ਵਿਚ ਸਸਤੀ ਭਾਰਤੀ ਲੇਬਰ ਸਪਲਾਈ ਕਰਨ ਦੇ ਜਾਂ ਉਸਾਰੀ ਦੇ ਕਰੋੜਾਂ ਰੁਪਏ ਸਾਲਾਨਾ ਮੁਨਾਫੇ ਵਾਲੇ ਠੇਕੇ ਹਨ। ਕਈ ਭੱਦਰ ਪੁਰਸ਼ਾਂ ਦੇ ਵਿਰੁੱਧ ਸਮਗਲਿੰਗ ਦੇ ਕੇਸ ਹਕੂਮਤ ਤੋਰਦੀ ਜਾਂ ਲਟਕਦੇ ਰੱਖਦੀ ਹੈ।

ਸਦਾ ਪੰਜਾਬੀ ਦੀ ਦੁਹਾਈ ਦੇਣ ਵਾਲੇ ਅਕਾਲੀਆਂ ਦੀ 'ਬਾਦਲ ਸਰਕਾਰ' ਨੇ ਵੀ ਪੰਜਾਬ ਵਿਚ ਪੰਜਾਬੀ ਬੋਲੀ ਪੂਰੇ ਤੌਰ ਉਤੇ ਸਰਕਾਰੀ-ਬੋਲੀ ਵਜੋਂ ਲਾਗੂ ਨਹੀਂ ਕੀਤੀ ਸੀ। ਸਗੋਂ, ਹੋ ਸਕਦਾ ਹੈ, ਕਿ ਅਕਾਲੀ ਵਜ਼ੀਰਾਂ ਦੀ ਬਹੁ ਗਿਣਤੀ ਦੇ ਬੱਚੇ, ਪਬਲਿਕ ਸਕੂਲਾ ਦੇ ਵਿਦਿਆਰਥੀ ਹੋਣ ਕਰਕੇ, ਪੰਜਾਬੀ ਪੜ੍ਹ ਜਾਂ ਲਿਖ ਹੀ ਨਾ ਸਕਦੇ ਹੋਣ। ਵਜ਼ੀਰਾਂ ਦੇ ਬੱਚੇ ਪਿੰਡਾਂ ਦੇ ਆਮ ਸਕੂਲਾਂ ਵਿਚ ਕਿੱਥੇ ਪੜ੍ਹਦੇ ਹਨ! ਇਹ 'ਘਟੀਆ' ਸਕੂਲ ਤਾਂ ਆਮ ਲੋਕਾਂ ਲਈ ਹਨ। ਹਾਂ, ਪੰਜਾਬ ਦੇ ਜੁਝਾਰ ਨਕਸਲੀ ਸਭ ਤੋਂ ਵੱਧ ਬਾਦਲ ਸਰਕਾਰ ਨੇ ਹੀ, ਝੂਠੇ ਪਲੀਸ ਮੁਕਾਬਲੇ ਬਣਾ ਕੇ, ਮਾਰੇ ਸਨ; ਜਿਨ੍ਹਾਂ ਦੀ ਲਿਸਟ ਅਕਾਲ ਤਖਤ ਤੋਂ ਸਹੁੰ ਚੁੱਕ ਕੇ ਸਰਕਾਰ ਨੂੰ ਦੇਣ ਬਾਰੇ 'ਕੰਵਲ' ਆਪ ਬਿਆਨਬਾਜ਼ੀ ਕਰ ਚੁੱਕਾ ਹੈ।

ਆਉ! ਹੁਣ ਸੋਚੀਏ ਕਿ ਅਗਾਂਹ-ਵਧੂ ਹੋਣ ਦੀ ਸੂਰਤ ਉਤੇ ਮਾਣ ਕਰਨ ਵਾਲਾ ਅਤੇ ਹਰ ਘੜੀ ਮਾਰਕਸਿਜ਼ਮ ਦੀਆਂ ਟੂਕਾਂ ਦੁਹਰਾਉਣ ਵਾਲਾ ਸਾਹਿਤ-ਕਾਰ ਜਸਵੰਤ ਸਿੰਘ 'ਕੰਵਲ' ਅੱਜ ਕੱਲ ਅਕਾਲੀ ਲੀਡਰਾਂ ਨਾਲ ਕਿਉਂ 'ਡਟ ਕੇ' ਖੜਾ ਹੈ? ਇਸਦੇ ਅਸਲ ਕਾਰਨ ਸ਼ਾਇਦ ਰਾਜਨੀਤਕ ਘੱਟ ਅਤੇ ਨਿੱਜੀ ਜਾਂ ਮਨੋਵਿਗਿਆਨਕ ਵਧੇਰੇ ਹਨ। ਉਹਦੀ ਲੇਖਣੀ ਅਤੇ ਅਮਲ ਦਾ ਅੰਤਰ ਹੁਣ ਉਹਦੇ ਪਿੰਡ, ਇਲਾਕੇ ਜਾਂ ਆਮ ਪੰਜਾਬੀਆਂ ਕੋਲੋਂ ਲੁਕਿਆ ਨਹੀਂ।

'ਕੰਵਲ' ਨੂੰ ਚਾਹੀਦਾ ਹੈ ਕਿ ਆਪਣੇ ਅੰਦਰ ਈਮਾਨਦਾਰੀ ਨਾਲ ਝਾਕਣ ਦਾ ਜੇਰਾ' ਕਰੇ ਕਿ ਉਸਦੇ ਅੰਦਰਲੀ 'ਮਨੁੱਖਤਾ' ਕਿੱਧਰ ਨੂੰ 'ਮੋੜਾ' ਕੱਟ ਗਈ ਹੈ? ਆਪਣੀ ਆਤਮਾ ਤੋਂ ਪੁੱਛ ਕੇ ਫੈਸਲਾ ਕਰੇ ਕਿ ਉਸਦੇ ਅੰਦਰ 'ਪੂਰਨਮਾਸ਼ੀ' ਹੈ ਕਿ 'ਰਾਤ ਬਾਕੀ ਹੈ'। ਲੋਕ ਅੰਨ੍ਹੇ ਨਹੀਂ; ਉਹ ਲਿਖਤਾਂ ਤੋਂ ਵੱਧ ਅਮਲ ਦੇਖਦੇ ਹਨ ਕਿ 'ਸੱਚ ਨੂੰ ਫਾਂਸੀ' ਕਿਸਨੇ ਦਿਤੀ ਹੈ, 'ਲੋਅ ਦਾ ਲਹੂ' ਕਿਸਨੇ ਵਹਾਇਆ ਹੈ?

ਜੇ 'ਕੰਵਲ' ਕੁਝ ਚਿਰ ਲਈ ਫਾਰਮੂਲਾ-ਨਾਵਲ ਲਿਖਣੇ ਛੱਡ ਵੀ ਦੇਵੇ ਤਾ ਹਰ ਵੀ ਚੰਗਾ ਹੈ। ਉਸਨੂੰ ਪ੍ਰਸ਼ਚਿਤ ਕਰਨ ਲਈ ਵੇਹਲ ਮਿਲ ਸਕੇਗਾ। ਉਸਦੇ ਦਰਦ ਦਾ ਇਲਾਜ ਉਸਦੇ ਆਪਣੇ ਅੰਦਰ ਹੈ।

'ਆਪਨੜੇ ਗਰੀਬਾਨ ਮੇਂ ਸਿਰ ਨੀਵਾਂ ਕਰ ਦੇਖ'

ਸਰਵਣ ਸਿੰਘ ਗਿੱਲ (ਵੈਨਕੂਵਰ)

## 11—ਜਸਵੰਤ ਸਿੰਘ ਕੰਵਲ ਨਾਲ ਖੁਲ੍ਹਾ ਵਾਰਤਾਲਾਪ

(ਸਿਧਾਂਤਕ ਪੱਖ ਤੋਂ)

ਸਤਿਕਾਰ ਯੋਗ ਕੰਵਲ ਜੀਉ,

ਤੁਸੀਂ ਪੰਜਾਬੀ ਭਾਸ਼ਾ ਦੇ ਆਧੁਨਿਕ ਸਮੇਂ ਦੇ

ਪ੍ਰਮੁਖ ਅਤੇ ਪ੍ਰਤਨਿਧ ਸਾਹਿਤਕਾਰਾਂ ਵਿਚੋਂ ਇੱਕ ਸੋ । ਭਾਵੇਂ ਅਪਣੀਆਂ 'ਰਾਤ ਬਾਕੀ ਹੈ', 'ਤਵਾਰੀਖ ਵੇਖਦੀ ਹੈ', ਅਤੇ ਹਾਣੀ ਵਰਗੀਆਂ ਸਭ ਤੋਂ ਉੱਤਮ ਕਿਰਤਾਂ ਵਿਚ ਵੀ ਤੁਸੀਂ ਆਦਰਸਵਾਦ ਦੀਆਂ ਹੱਦਾਂ ਤੋਂ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੋ ਸਕੇ। ਪਰ ਫੇਰ ਵੀ ਗੁਣਾਤਮਕ ਤੌਰ ਉਤੇ ਤੁਹਾਡਾ ਰੋਲ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪਰਖਿਆਂ ਜਾਂ ਚਿਤਰਿਆਂ ਬਾਹਰ ਮੁਖੀ ਤੌਰ ਉਤੇ ਅਗਾਂਹ-ਵਧੂ ਹੀ ਰਿਹਾ ਹੈ।

ਪਰ ਪਿਛਲੇ ਦਿਨੀਂ ਤੁਹਾਡੀਆਂ ਨਵੀਆਂ ਵਿਚਾਰਧਾਰਕ ਧਾਰਨਾਵਾਂ ਅਤੇ ਅੱਤਵਾਦੀ ਫਿਰਕਾ-ਪ੍ਰਸਤ ਰੁਝਾਨ ਨਾਲ ਤੁਹਾਡੀ ਨਵ-ਜਨਮੀ ਮੁਹੱਬਤ ਨੇ ਇਹ ਜ਼ਰੂਰੀ ਕਰ ਦਿਤਾ ਹੈ, ਕਿ ਇਕ ਲੇਖਕ ਵਜੋਂ ਤੁਹਾਡੇ ਰੋਲ ਨੂੰ ਅੰਕਿਆ ਜਾਏ।

ਬਰਤਾਨੀਆ ਵਿਚ 'ਦੇਸ ਪਰਦੇਸ' ਰਸਾਲੇ ਨੂੰ ਇੰਟਰਵਿਊ ਵਿਚ ਤੁਸੀਂ ਦਾਅਵਾ ਕਰਦੇ ਹੋ ਕਿ ਗੁਰੂ ਗੋਬਿੰਦ ਸਿੰਘ, ਅਤੇ ਬੰਦਾ ਬਹਾਦਰ ਤੋਂ ਬਾਅਦ ਸਿੱਖ ਪੰਥ ਨੂੰ ਭਿੰਡਰਾਂਵਾਲਾ ਵਰਗਾ "ਬਹਾਦਰ ਜਰਨੈਲ" ਪਹਿਲੀ ਵਾਰ ਮਿਲਿਆ ਹੈ।

ਕੰਵਲ ਜੀਉ! ਸਤਾਰਹਵੀਂ ਸਦੀ ਅਤੇ ਵੀਹਵੀਂ ਸਦੀ ਦੇ ਇਤਿਹਾਸਕ ਪ੍ਰਸੰਗਾਂ ਨੂੰ ਜ਼ੋਰਾ ਜਬਰੀ ਰਲਗੱਡ ਕਰਨਾ—ਇਸਨੂੰ ਤੁਹਾਡਾ ਸਿੱਧਤਪੁਣਾ ਆਖੀਏ ਜਾਂ ਬਦਦਿਆਨਤੀ? ਜਗੀਰੂ ਸੰਸਕਾਰਾਂ ਖਿਲਾਫ ਇਕ ਸੁਧਾਰਵਾਦੀ ਲਹਿਰ ਦੇ ਹਿਸੇ ਵਜੋਂ ਉਭਰਿਆ ਸਿੱਖ ਧਰਮ ਜਿਸਨੇ ਬਾਅਦ ਦੇ ਵਰ੍ਹਿਆਂ ਵਿਚ ਮੁਗਲ ਸਲਤਨਤ ਵਿਰੁੱਧ ਖਾੜਕੂ ਰੂਪ ਅਖਤਿਆਰ ਕੀਤਾ ਵਿਚਾਰਧਾਰਕ ਸੀਮਾਵਾਂ ਦੇ ਬਾਵਜੂਦ ਅਗਾਂਹ-ਵਧੂ ਲੱਛਣ ਰੱਖਦਾ ਸੀ।

ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸੰਸਾਰ ਨੇ ਮਹਾਨ ਤਬਦੀਲੀਆਂ ਵੇਖੀਆਂ ਹਨ। ਮਨੁੱਖਤਾ ਨੇ ਉਸ ਵੇਲੇ ਦੇ ਭਾਰੂ ਜਗੀਰੂ ਅਤੇ ਰਜਵਾੜਾਸ਼ਾਹੀ ਪ੍ਰਬੰਧ ਨੂੰ ਢਾਹ ਢੇਰੀ ਕਰਕੇ ਸਰਮਾਏਦਾਰ ਸਮਾਜਕ ਆਰਥਕ ਪ੍ਰਬੰਧ ਨੂੰ ਹੰਢਾ-ਇਆ ਹੈ। ਸੰਸਾਰ ਦੇ ਇਕ ਤਿਹਾਈ ਹਿਸੇ ਵਿਚ ਪੂੰਜੀਵਾਦੀ ਢਾਂਚੇ ਦੀਆਂ ਜੜ੍ਹਾਂ ਪੁੱਟ ਕੇ ਲੋਕ ਮਨੁੱਖ ਜਾਤੀ ਦੇ ਸ਼ਾਨਦਾਰ ਭਵਿੱਖ ਕਮਿਊਨਿਜ਼ਮ ਵੱਲ ਅਗੇ ਵਧ ਰਹੇ ਹਨ।

ਪੂੰਜੀਵਾਦ ਦਾ ਸਭ ਤੋਂ ਉਚੇਰਾ ਅਤੇ ਸਭ ਤੋਂ ਵੱਧ ਨਿਘਰਿਆ ਹੋਇਆ ਰੂਪ—ਸਾਮਰਾਜ—ਉਭਰ ਰਹੇ ਸੰਸਾਰ ਸਮਾਜਵਾਦੀ ਪ੍ਰਬੰਧ ਅਤੇ ਨਵ-ਅਜ਼ਾਦ ਮੁਲਕਾਂ ਅਤੇ ਨਵ-ਬਸਤੀਵਾਦੀ ਜੂਲੇ ਵਿਚ ਨਰੜੀਆਂ ਕੌਮਾਂ ਦੇ ਕੌਮੀ ਮੁਕਤੀ ਘੋਲਾਂ ਨਾਲ ਫੈਸਲਾਕੁਣ ਟੱਕਰ ਵਿਚ ਦਾਖਲ ਹੋ ਗਿਆ ਹੈ—ਟੱਕਰ ਜਿਸ ਵਿਚ ਪੂੰਜੀਵਾਦ ਅਤੇ ਸਾਮਰਾਜ ਦੀ ਮੌਤ ਲਾਜ਼ਮੀ ਹੈ।

ਸੰਸਾਰ ਪੱਧਰ ਉਤੇ ਵਾਪਰ ਰਹੀਆਂ ਘਟਨਾਵਾਂ ਬਾਰੇ ਸਰਸਰੀ ਜਿਹੀ ਜਾਣਕਾਰੀ ਰੱਖਣ ਵਾਲਾ ਸੱਜਣ ਵੀ ਇਹ ਵੇਖੇ ਬਿਨ੍ਹਾਂ ਨਹੀ ਰਹਿ ਸਕਦਾ ਕਿ ਸੰਸਾਰ ਦੇ ਵਖ ਵਖ ਖਿੱਤਿਆਂ ਵਿਚ ਆਪਣੀ ਲੁੱਟ-ਚੋਂਘ ਨੂੰ ਕਾਇਮ ਰੱਖਣ, ਅਤੇ ਸੰਸਾਰ ਪੱਧਰ ਉਤੇ ਸ਼ਕਤੀਆਂ ਦੇ ਸੰਤੁਲਣ ਵਿਚ ਸਮਾਜਵਾਦ ਦੇ ਪੱਖ ਵਿਚ ਫੈਸਲਾਕੁਣ ਤਬਦੀਲੀ ਨੂੰ ਰੋਕਣ ਲਈ ਸਾਮਰਾਜੀ ਸ਼ਕਤੀਆਂ ਅਤੇ ਲੁਟੇਰੀਆਂ ਜਮਾਤਾਂ ਵਲੋਂ ਧਾਰਮਕ ਕੱਟੜਵਾਦ ਨੂੰ ਇਕ ਅਸਰਦਾਰ ਸੰਦ ਵਜੋਂ ਵਰਤਿਆ ਜਾ ਰਿਹਾ ਹੈ।

ਕੀ ਇਹ ਸੱਚ ਨਹੀਂ ਕਿ ਬਰਤਾਨਵੀ ਸਾਮਰਾਜ ਵਲੋਂ ਆਪਣੇ ਰਾਜ ਨੂੰ ਕਾਇਮ ਰੱਖਣ ਅਤੇ ਪੱਕਿਆਂ ਕਰਨ ਲਈ ਧਾਰਮਕ ਵਖਰੇਵਿਆਂ ਨੂੰ ਤਿੱਖਿਆਂ ਕੀਤਾ ਜਾਂਦਾ ਰਿਹਾ, ਜਿਸਦਾ ਮੰਤਕੀ ਸਿੱਟਾ "ਦੋ ਕੌਮਾਂ" ਦੇ ਬਦਨਾਮ ਸਿਧਾਂਤ ਅਤੇ ਮੁਲਕ ਦੀ ਵੰਡ ਵਿਚ ਨਿਕਲਿਆ? ਕੀ ਕੋਈ ਇਸ ਤੱਥ ਤੋਂ ਅਣਜਾਣ ਹੋ ਸਕਦਾ ਹੈ ਕਿ ਅਫਗਾਨ ਇਨਕਲਾਬ ਨੂੰ ਸਾਬੋਤਾਜ਼ ਕਰਨ ਲਈ ਇਸ-ਲਾਮੀ ਕੱਟੜਵਾਦ ਨੂੰ ਅਮਰੀਕਨ ਸਾਮਰਾਜ ਉਤਸ਼ਾਹਤ

## ਗੀਤ/ਲਾਭ ਸਿੰਘ "ਖੀਵਾ"

(ਸ਼ਿਵ ਕੁਮਾਰ ਬਟਾਲਵੀ ਦੇ ਇਕ ਗੀਤ ਦੇ ਪ੍ਰਸੰਗ ਵਿਚ)

ਤੇਰੇ ਹੰਝੂਆਂ ਦੇ ਭਾੜੇ ਨੂੰ ਕੀ ਕਰਨਾ,
ਪੀੜਾਂ ਦੇ ਪਰਾਗੇ ਵਾਲਿਆ।
ਇਨ੍ਹਾਂ ਪੱਟਾ ਮੇਰੇ ਬੱਟਾਂ ਦਾ ਨਾ ਭਰਨਾ,
ਪੀੜਾਂ ਦੇ ਪਰਾਗੇ ਵਾਲਿਆ।
ਵੇ ਮੈਂ ਕਾਲੇ-ਕਲੂਟੇ ਰੰਗ ਵਾਲੜੀ।
ਕਿਥੋਂ ਲੱਗਾਂ ਤੈਨੂੰ ਚੰਬੇ ਦੀ ਮੈਂ ਡਾਲੜੀ।
ਚੰਗਾ ਹੁੰਦਾ ਨਹੀਂ ਮਾਖੌਲ ਮਾਂ ਨੂੰ ਕਰਨਾ।
ਪੀੜਾਂ ਦੇ ਪਰਾਗੇ ਵਾਲਿਆ, ਤੇਰੇ ਹੰਝੂਆਂ......।
ਇਹ ਵੀ ਤੇਰੇ ਵਰਗਿਆਂ ਦੀ ਚਤੁਰਾਈ ਸੀ।
ਜਦੋਂ ਰਾਣੀ ਕਹਿ ਨਾਇਣ ਵਡਿਆਈ ਸੀ।
ਜੀਹਨੇ ਪਿੰਡ ਦੀ ਵਗਾਰ ਕਰਦੇ ਮਰਨਾ।
ਪੀੜਾਂ ਦੇ ਪਰਾਗੇ ਵਾਲਿਆ, ਤੇਰੇ ਹੰਝੂਆਂ...।
ਝੂਰੇਂ ਗਿੱਲੇ ਪੱਤਿਆਂ ਦੀ ਪੰਡ ਵੇਖਕੇ।
ਮੇਰੇ ਹੌਕਿਆਂ ਦਾ ਤਾਅ ਵੇਖੀਂ ਸੇਕ ਕੇ।
ਕੋਸੇ ਹੰਝੂਆਂ ਨੇ ਲਟ ਲਟ ਬਲਣਾ।
ਪੀੜਾਂ ਦੇ ਪਰਾਗੇ ਵਾਲਿਆ, ਤੇਰੇ ਹੰਝੂਆਂ...।
ਮੈਂ ਵੀ ਜਾਣੂ ਏਸ ਪਿੰਡ ਦਿਆਂ ਰਾਹਾਂ ਤੋਂ।
ਡਾਢੀ ਤੰਗ ਇਹਦੇ ਲੰਬੜਾਂ ਤੇ ਸ਼ਾਹਾਂ ਤੋਂ।
ਬੋਕ ਭੱਠੀ ਦੇ ਨੇ ਮੇਰੇ ਹੱਥੋਂ ਮਰਨਾ।
ਪੀੜਾਂ ਦੇ ਪਰਾਗੇ ਵਾਲਿਆ, ਤੇਰੇ ਹੰਝੂਆਂ...।
ਜਿਹੜੇ ਖੁਰਨ ਤੇ ਆਏ, ਉਹ ਨਾ ਬੋਲਦੇ।
ਸਗੋਂ ਪੱਥਰਾਂ ਦੇ ਮਨ ਐਵੇਂ ਡੋਲਦੇ।
ਸਿੱਖੋ ਲਹਿਰਾਂ ਦੇ ਵਿਰੋਧ ਵਿੱਚ ਤਰਨਾ।
ਪੀੜਾਂ ਦੇ ਪਰਾਗੇ ਵਾਲਿਆ, ਤੇਰੇ ਹੰਝੂਆਂ... o

ਕਰ ਰਿਹਾ ਹੈ ? ਕੀ ਈਰਾਨ ਵਿਚ ਸ਼ੀਆ ਇਸਲਾਮੀ ਪੁਨਰ ਸੁਰਜੀਤੀ ਨੇ ਸ਼ਾਹ ਵਿਰੋਧੀ ਅਤੇ ਸਾਮਰਾਜ ਵਿਰੋਧੀ ਇਨਕਲਾਬ ਨੂੰ ਪਿੱਛਲਖੁਰੀ ਗੇੜਾ ਦੇਣ ਵਿਚ ਵੱਡਾ ਰੋਲ ਅਦਾ ਨਹੀਂ ਕੀਤਾ ? ਅੱਜ ਲਿਬਨਾਨ ਵਿਚ ਈਸਾਈਆ ਅਤੇ ਮੁਸਲਮਾਨਾਂ ਵਿਚਕਾਰ ਵਖਰੇਵਿਆਂ ਨੂੰ ਤਿਖਿਆਂ ਕਰਕੇ ਸਾਮਰਾਜ ਲਿਬਨਾਨ ਵਲੋਂ ਇਕ ਖੁਦਮੁਖਤਾਰ ਅਰਬ ਰਿਆਸਤ ਵਜੋਂ ਅਪਣੀ ਹੋਂਦ ਕਾਇਮ ਕਰਨ ਅਤੇ ਧਾਰਮਕ ਵਲਗਣਾਂ ਨੂੰ ਪਾਰ ਕਰਕੇ ਲਿਬਨਾਨ ਦ ਮਿਨ-ਤੀਆਂ ਦੇ ਇਸਰਾਈਲੀ ਧਾੜਵੀਆਂ ਵਿਰੁੱਧ ਵਿਸ਼ਾਲ ਏਕੇ ਦੇ ਰਾਹ ਵਿਚ ਅੜਿਕੇ ਡਾਹ ਰਿਹਾ ਹੈ। ਸਾਊਦੀ ਅਰਬ ਦੇ ਜਗੀਰੂ ਹਾਕਮ ਅਤੇ ਪਾਕਿਸਤਾਨ ਦੇ ਫੌਜੀ ਤਾਨਾਸ਼ਾਹ ਜਿਹੜੇ ਆਪੋ ਆਪਣੇ ਮੁਲਕਾਂ ਵਿਚ 'ਇਸਲਾਮੀਕਰਣ'' ਦੀ ਮੁਹਿੰਮ ਦੇ "ਮਸੀਹੇ" ਵਜੋਂ ਕੰਮ ਕਰ ਰਹੇ ਹਨ, ਕਿਹੜੇ ਲੁਟੇਰੇ ਸਾਮਰਾਜੀ ਹਿਤਾਂ ਦੀਆਂ ਮਸਲਹਿਤਾ ਅਧੀਨ ਅਜਿਹਾ ਕਰਦੇ ਹਨ ਇਹ ਕਿਸੇ ਸ਼ੱਕ ਦਾ ਮੁਥਾਜ ਨਹੀਂ। ਸਾਡੇ ਆਪਣੇ ਮੁਲਕ ਵਿਚ ਜਮਾਤੇ-ਇਸਲਾਮੀ ਨੂੰ ਸਾਮਰਾਜੀ ਹੱਥ ਠੋਕੇ ਸਾਊਦੀ ਅਰਬ ਅਤੇ ਜਾਰਡਨ ਦੇ ਸ਼ੇਖਾਂ ਵੱਲੋਂ ਬੇਬਹਾ ਮਾਇਕ ਸਹਾਇਤਾ, ਸਾਮਰਾਜ ਪੱਖੀ ਆਰ. ਐਸ-ਐਸ ਵੱਲੋਂ ਹਿੰਦੂ ਪੁਨਰ ਸੁਰਜੀਤੀਵਾਦ ਦੇ ਝੰਡੇ ਹੇਠ ਅਰੰਭੀ ਰੱਥ ਯਾਤਰਾ, ਅਤੇ ਡਾਕਟਰ ਜਗਜੀਤ ਸਿੰਘ ਅਤੇ ਗੰਗਾ ਸਿੰਘ ਢਿਲੋਂ ਵਰਗਿਆਂ ਨੂੰ ਰੀਗਨ ਅਤੇ ਜ਼ਿਆ-ਉਲ-ਹੱਕ ਵੱਲੋਂ ਮਿਲੀ ਮਾਨਤਾ ਕਿਹੜੇ ਤੱਥਾਂ ਦੀ ਪੁਸ਼ਟੀ ਕਰਦੇ ਹਨ ? ਅਤੇ ਤੁਹਾਡੇ ਆਪਣੇ "ਜਰਨੈਲ" ਆਧੁਨਿਕ ਸਮੇਂ ਦੇ ਗੁਰੂ ਗਬਿੰਦ ਸਿੰਘ ਅਤੇ ਬੰਦਾ ਬਹਾਦਰ ਨੂੰ ਰਾਤੋ-ਰਾਤ ਮਿਲੀ ਕੌਮੀ ਅਤੇ ਕੌਮਤਰੀ ਸ਼ੁਹਰਤ ਉਪਰੋਕਤ ਵਰਤਾਰੇ ਦੀ ਹੀ ਇਕ ਕੜੀ ਹੈ।

ਕੰਵਲ ਜੀ ! ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਨੇ ਉਸ ਵੇਲੇ ਦੀ ਮੁਗ਼ਲ ਸਲਤਨਤ ਨਾਲ ਟੱਕਰ ਲਈ। ਇਹ ਕਿਹੋ ਜਿਹਾ ਬਹਾਦਰ ਜਰਨੈਲ ਹੈ ਜਿਹੜਾ ਪੰਜਾਬ ਕਾਂਗਰਸ ਦੇ ਮੌਜੂਦਾ ਪਰਧਾਨ ਰਘੂਨੰਦਨ ਲਾਲ ਭਾਟੀਆ ਪਾਸੋਂ ਚੋਣਾਂ ਵਿਚ ਵੋਟਾਂ ਅਤੇ ਮਾਇਆ ਨਾਲ ਕੀਤੀ ਮਦਦ ਲਈ ਉਸਦੀ ਪ੍ਰਸੰਸਾ ਖਟਦਾ ਹੈ ? ਗੁਰੂ ਗੋਬਿੰਦ ਸਿੰਘ ਨੇ ਮਾਛੀਵਾੜੇ ਦੇ ਜੰਗਲਾਂ ਵਿਚ ਕੰਡਿਆਂ ਦੀ ਸੇਜ ਦਾ ਵਿਛਾਉਣਾ ਕੀਤਾ, ਅਤੇ ਬੰਦਾ ਬਹਾਦਰ ਨੇ ਜੰਬੂਰਾਂ ਨਾਲ ਮਾਸ ਨੁਚਵਾਇਆ। ਇਹ ਕਿਹਾ ਸੂਰਮਾ ਹੈ ਜਿਹੜਾ ਦਰਬਾਰ ਸਾਹਿਬ ਅੰਦਰ ਅੰਡਰਗਰਾਊਂਡ ਹੋ ਕੇ ਬੈਠਾ ਹੈ ? ਸਿੱਖ ਗੁਰੂਆਂ ਨੇ ਆਪਣਿਆਂ ਅਧਿਆਤਮਵਾਦ ਸੀਮਾਂਵਾਂ ਵਿਚ ਰਹਿੰਦਿਆਂ ਮਨੁੱਖ ਦੇ ਭਾਈਚਾਰੇ ਦੇ ਝੰਡੇ ਨੂੰ ਉੱਚਾ ਚੁੱਕਿਆ। ਇਹ ਕਿਹੋ ਜਿਹਾ ਸਿੱਖ ਧਰਮ ਦਾ ਪੈਰੋਕਾਰ ਹੈ ਜਿਹੜਾ ਨਿਹੱਥਿਆਂ ਦੇ ਕਤਲਾਂ ਦੀ ਵਕਾਲਤ ਕਰਦਾ ਹੈ ?

ਮਾਰਕਸਵਾਦ ਸਾਨੂੰ ਸਿਖਾਉਂਦਾ ਹੈ ਕਿ ਕਿਸੇ ਵੀ ਵਿਅਕਤੀ, ਕੌਮ, ਸਮੂਹ ਫਿਰਕੇ ਜਾਂ ਜਮਾਤ ਦੀ ਸਵੈ ਬਾਰੇ ਧਾਰਣਾ ਦਾ ਉਸਦੇ ਬਾਹਰਮੁਖੀ ਰੋਲ ਨਾਲੋਂ ਅੰਤਾਂ ਦਾ ਫਰਕ ਹੁੰਦਾ ਹੈ। ਭਿੰਡਰਾਂਵਾਲਾ ਅਤੇ ਉਸ ਵਰਗੇ ਕੱਟੜਵਾਦੀ ਗਰੁੱਪਾਂ ਦੇ ਨਾਹਰੇ, ਲਿਬਾਸ, ਸ਼ਸਤਰ, ਰਹਿਣੀ ਬਹਿਣੀ ਆਦਿ ਚਿੰਨ੍ਹ ਪੁਰਾਤਨ ਸਿੱਖ ਇਤਹਾਸ ਦੇ ਚਿੰਨ੍ਹਾਂ ਨਾਲ ਰਲਦੇ ਹਨ ਅਤੇ ਉਨ੍ਹਾਂ ਅੰਦਰ ਏਸ ਧਾਰਣਾ ਨੂੰ ਉਤਸ਼ਾਹਤ ਕਰਦੇ ਹਨ ਕਿ ਉਹ ਉਸ ਪੁਰਾਤਣ ਇਤਿਹਾਸ ਦੇ ਅਸਲ ਵਾਰਸ ਹਨ। ਪਛੜੇ ਹੋਏ ਮੁਲਕਾਂ ਜਿਨ੍ਹਾਂ ਵਿਚ ਜਗੀਰੂ ਰਿਸ਼ਤੇ ਅਤੇ ਸੰਸਕਾਰ ਮੌਜੂਦ ਹੁੰਦੇ ਹਨ, ਦੇ ਲੋਕ ਅਤੇ ਖਾਸ ਕਰਕੇ ਕਿਸਾਨੀ ਵਿਚ ਪੁਰਾਤਣ ਗੌਰਵ ਦੇ ਇਨਾਂ ਚਿੰਨ੍ਹਾਂ ਵਿਚ ਡੂੰਘਾ ਭਰੋਸਾ ਅਤੇ ਆਸਥਾ ਹੁੰਦੀ ਹੈ। ਕਿਸਾਨੀ ਆਪਣੀ ਬੇਚੈਨੀ ਦੇ ਪ੍ਰਗਟਾਉ ਲਈ ਪੁਰਾਤਨ ਸੰਘਰਸ਼ ਚਿੰਨ੍ਹਾਂ ਨੂੰ ਵਰਤਦੀ ਹੈ। ਕਿਸਾਨੀ ਆਪਣੀ 'ਮੁਕਤੀ' ਪੁਰਾਤਨ ਗੌਰਵ ਦੀ ਪੂਰਤੀ ਵਿਚ ਲੱਭਦੀ ਹੈ। ਕਿਸਾਨੀ ਦਾ ਇਹ ਸਮਾਜਕ ਲੱਛਣ ਵਿਰਕੂ ਅਤੇ ਕੱਟੜਵਾਦੀ ਗਰੋਹਾਂ ਨੂੰ ਜਿੱਥੇ ਆਪਣੇ ਆਪ ਨੂੰ ਸਾਰੀਆਂ ਪੁਰਾਤਨ ਰਵਾਇਤਾਂ ਦੇ ਵਾਰਸ ਹੋਣ ਦੀ ਸਵੈ-ਧਾਰਣਾ ਨੂੰ ਪੱਕਿਆਂ ਕਰਨ ਵਿਚ ਮੱਦਦ ਕਰਦਾ ਹੈ, ਉਥੇ ਜਮਾਤ ਉਤੇ ਅਧਾਰਤ ਆਪਣੇ ਦਾਅਪੇਚਾਂ ਅਤੇ ਨਿਸ਼ਾਨਿਆਂ ਵਿਚ ਸਪਸ਼ਟ ਲਹਿਰਾਂ ਨੂੰ ਦਰਸਤ ਪੈਂਤੜੇ ਤੋਂ ਥਿੜਕਾਉਣ ਦਾ ਕਾਰਨ ਵੀ ਬਣ ਸਕਦਾ ਹੈ।

ਕੰਵਲ ਜੀ ਤੁਹਾਥੋਂ ਇਹ ਆਸ ਨਹੀਂ ਰੱਖੀ ਜਾਂਦੀ ਕਿ ਇਕ ਅਰਧ ਪੜ੍ਹੇ ਸਾਧ ਦੀ ਧਾਰਮਕ ਲਫਾਜ਼ੀ ਦਾ ਟੂਣੇਹਾਰ ਅਸਰ ਉਸਨੂੰ ਗੁਰੂ ਗੋਬਿੰਦ ਸਿੰਘ ਵਰਗੇ ਹਕੀਕੀ ਸੂਰਮਿਆਂ ਦੀ ਪਾਲ ਵਿਚ ਲਿਆ ਖੜਾ ਕਰੇ। ਸਿਆਸੀ ਤੌਰ ਉਤੇ ਪਛੜੇ ਹੋਏ ਲੋਕਾਂ ਦੇ ਇਕ ਹਿੱਸੇ ਦਾ ਵਕਤੀ ਤੌਰ ਉਤੇ ਸਤਿਕਾਰ ਹਾਸਲ ਕਰ ਲੈਣ ਨਾਲ ਉਸਦਾ ਜਮਾਤੀ ਘੋਲ ਨੂੰ ਕੁਰਾਹੇ ਪਾਉਣ ਅਤੇ ਹਾਕਮ ਜਮਾਤਾਂ ਨੂੰ ਮਜ਼ਬੂਤ ਕਰਨ ਵਾਲਾ ਰੋਲ ਰੱਦ ਨਹੀਂ ਹੋ ਜਾਂਦਾ। ਲੂਈ ਬੋਨਾਪਾਰਟ ਨੇ ਵਕਤੀ ਤੌਰ ਉਤੇ ਫਰਾਂਸ ਦੇ ਕਿਸਾਨਾਂ ਦਾ ਵਿਸ਼ਵਾਸ ਜਿੱਤ ਲਿਆ ਸੀ। ਹਿਟਲਰ ਵੀ ਜਰਮਨੀ ਵਿਚ ਸਿਆਸੀ ਅਨਿਸ਼ਚਿਤਤਾ ਅਤੇ ਖਲਾਅ ਦੇ ਹਾਲਤ ਵਿਚ ਤੰਗ ਸ਼ਾਵਨਵਾਦੀ ਭਾਵਨਾਵਾਂ ਨੂੰ ਭੜਕਾ ਕੇ ਲੋਕਾਂ ਦੇ ਤਕੜੇ ਹਿੱਸੇ ਨੂੰ ਲਾਮਬੰਦ ਕਰਨ ਵਿਚ ਕਾਮਯਾਬ ਹੋ ਗਿਆ ਸੀ; ਪਰ ਇਤਿਹਾਸ ਇਨ੍ਹਾਂ ਦੇ ਰੋਲ ਨੂੰ ਪਿਛਾਂਹ-ਖਿੱਚੂ ਮਿੱਥਦਾ ਹੈ।

ਭਿੰਡਰਾਂਵਾਲਾ ਅਤੇ ਉਸਦੇ ਚੇਲੇ ਜਿੱਥੇ ਧਾਰਮਕ ਜਨੂੰਨ ਨੂੰ ਭੜਕਾ ਕੇ ਫਿਰਕੂ ਏਕਤਾ ਨੂੰ ਤੋੜ ਭੰਨ ਰਹੇ ਹਨ, ਉਥੇ ਇਕ ਹੋਰ ਖਤਰਨਾਕ ਰੁਝਾਣ ਨੂੰ ਨੋਟ ਨਾ

ਕਰਨਾ ਇਕ ਮੁਜਰਮਾਨਾ ਕੋਤਾਹੀ ਹੋਵੇਗਾ । 'ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਅਗਵਾਈ ਵਿਚ ਚੱਲਣ ਵਾਲੀ ਜੱਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਮੁੱਢਲੇ ਉਹ ਸਾਰੇ ਲੱਛਣ ਮੌਜੂਦ ਹਨ ਜਿਹੜੇ ਕਿਸੇ ਫਾਸ਼ੀ ਆਤੰਕ-ਵਾਦੀ ਜਥੇਬੰਦੀ ਵਿਚ ਹੁੰਦੇ ਹਨ । ਧਾਰਮਕ ਕੱਟੜਤਾ ਦੇ ਬੁਰਕੇ ਵਿਚ ਲੁਕੀ ਇਸ ਜਥੇਬੰਦੀ ਦਾ ਵਿਦਿਅਕ ਅਦਾਰਿਆਂ ਵਿਚ ਸਮਾਜਕ ਅਧਾਰ ਉਹ ਵਿਦਿਆਰਥੀ ਹਨ ਜਿਨ੍ਹਾਂ ਦੀ ਸ਼ਰਾਰਤ ਗੁੰਡਾਗਰਦੀ, ਕੁੜੀਆਂ ਨਾਲ ਦੁਰਵਿਹਾਰ, ਅਯਾਸ਼ੀ ਅਤੇ ਕਾਕਾਗਿਰੀ ਵਿਚ ਹੁੰਦੀ ਹੈ । ਸਿਹਤਮੰਦ ਸਮਾਜ ਵਲੋਂ ਦੁਰਕਾਰਿਆ ਜਾਂਦਾ ਇਹ ਸਮਾਜਕ ਕੋਹੜ ਤੁਹਾਡੇ ਆਧੁਨਿਕ 'ਬੰਦਾ ਬਹਾਦਰ' ਦੇ ਸੁਰਖਿਅਤ ਖੰਭਾਂ ਥੱਲੇ ਬੜੀ ਸੁਰਖਿਅਤਾ ਨਾਲ ਪਲ ਰਿਹਾ ਹੈ । 'ਸੰਤ ਸਿਪਾਹੀ' ਦੀ 'ਹਿੱਟਲਿਸਟ' ਤੋਂ ਡਰਦਾ ਪ੍ਰਬੰਧਕੀ ਅਤੇ ਪੁਲਸੀ ਲਾਣਾ ਇਨ੍ਹਾਂ 'ਜੋਧਿਆਂ' ਅਗੇ ਬਿਰਕਦਾ ਤੱਕ ਨਹੀਂ ! ਇਸ ਅਨਸਰ ਦੀ ਸਮਾਜਕ ਅਤੇ ਇਖਲਾਕੀ ਬਣਤਰ ਐਮਰਜੈਂਸੀ ਵੇਲੇ "ਤੇਜ਼ੀ ਨਾਲ ਪਸਰ ਰਹੀ ਯੂਥ ਕਾਂਗਰਸ" ਨਾਲ ਰਲਦੀ ਮਿਲਦੀ ਹੈ । ਇਸ ਜਥੇਬੰਦੀ ਦਾ ਵਿਦਿਅਕ ਅਦਾਰਿਆਂ ਵਿਚ 'ਇਕ ਨੁਕਾਤੀ ਪ੍ਰੋਗਰਾਮ', 'ਲਾਲ ਖਤਰੇ ਵਿਰੁੱਧ ਜਹਾਦ' ਹੈ । ਤੁਹਾਡੇ 'ਰਾਤ ਬਾਕੀ ਹੈ' ਦੇ ਨਾਇਕ ਵਰਗੇ ਪਵਿੱਤਰ ਨੌਜਵਾਨਾਂ ਨੂੰ ਇਨ੍ਹਾਂ ਵਲੋਂ 'ਨਾਸਤਕ' ਅਤੇ 'ਰੂਸ ਚੀਨ ਦੇ ਏਜੰਟ' ਗਰਦਾਣ ਕੇ ਨਖੇੜਣ ਦੇ ਜਤਨ ਕੀਤੇ ਜਾਂਦੇ ਹਨ । ਕੀ ਅਜਿਹੇ ਗਰੋਹਾਂ ਦੇ ਆਸਰੇ ਤੁਸੀਂ ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਦੇ ਨਿਸ਼ਾਨਿਆਂ ਨੂੰ ਰੂਪਮਾਨ ਕਰਨਾ ਚਾਹੁੰਦੇ ਹੋ ?

ਕੰਵਲ ਜੀ, ਸੱਚੇ ਮਾਰਕਸਵਾਦੀਆਂ ਦਾ ਸਦਾ ਇਹ ਗੁਣ ਰਿਹਾ ਹੈ ਕਿ ਉਹ ਇਤਿਹਾਸ ਦੇ ਅਧਿਅਣ ਨੂੰ ਨਾਂ ਹੀ ਆਦਰਸ਼ਵਾਦੀ ਢੰਗ ਨਾਲ ਵੇਖਦੇ ਹਨ, ਅਤੇ ਨਾ ਹੀ ਇਸ ਤੋਂ ਇੱਕ ਪਾਸੜ ਸਿੱਟੇ ਕੱਢਦੇ ਹਨ । ਉਹ ਇਤਿਹਾਸ ਦੇ ਕਿਸੇ ਵੀ ਪੜਾਅ ਨੂੰ ਉਸ ਵੇਲੇ ਦੇ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਪੱਧਰ, ਪੈਦਾਵਾਰੀ ਅਤੇ ਸਮਾਜਕ ਰਿਸ਼ਤਿਆਂ, ਅਤੇ ਮੌਜੂਦ ਜਮਾਤਾਂ ਦੇ ਅੰਤਰਸਬੰਧਾਂ ਅਤੇ ਉਨ੍ਹਾਂ ਵਿਚਾਲੇ ਸੰਘਰਸ਼ ਦੇ ਨਿੱਗਰ ਅਤੇ ਵਿਗਿਆਨਕ ਅਧਿਅਨ ਅਤੇ ਵਿਸ਼ਲੇਸ਼ਣ ਰਾਹੀਂ ਵੇਖਦੇ ਹਨ । ਉਹ ਇਤਿਹਾਸਕ ਸ਼ਖਸੀਅਤਾਂ ਨੂੰ ਬਾਹਰੀ ਉਪਜੇ ਚਿੰਨ੍ਹਾਂ ਤੋਂ ਨਹੀਂ ਸਗੋਂ ਉਨ੍ਹਾਂ ਦੇ ਇਤਿਹਾਸ ਵਿਚ ਬਾਹਰਮੁਖੀ ਰੋਲ ਤੋਂ ਪਰਖਦੇ ਹਨ ।

ਸਿੱਖ ਧਰਮ ਦਾ ਵਿਕਾਸ ਜਗੀਰਦਾਰੀ ਜੁਗ ਵਿਚ ਹੋਇਆ । ਜਾਤਾਂ ਵਿਚ ਵੰਡ ਭਾਰਤੀ ਜਗੀਰਦਾਰੀ ਪ੍ਰਬੰਧ ਦਾ ਮੁੱਖ ਲੱਛਣ ਸੀ। ਸਿੱਖ ਧਰਮ ਦਾ ਬਾਹਰਮੁਖੀ ਰੋਲ ਏਸ ਲਈ ਅਗਾਂਹ-ਵਧੂ ਸੀ ਕਿਉਂਕਿ ਏਸ ਨੇ ਜਾਤਾਂ ਵਿਚ ਵੰਡ ਦੀ ਅਲੋਚਨਾ ਕੀਤੀ। ਔਰਤ ਦਾ ਸਮਾਜ ਵਿਚ ਨੀਵਾਂ ਥਾਂ ਨਿੱਜੀ ਜਾਇਦਾਦ ਦੀ ਸੰਸਥਾ ਅਤੇ ਲੁਟੇਰੇ ਜਮਾਤੀ ਪ੍ਰਬੰਧ ਦੀ ਸਥਾਪਤੀ ਦਾ ਸਿੱਟਾ ਸੀ। ਸਿੱਖ ਧਰਮ ਨੇ ਆਪਣੇ ਮੁਢਲੇ ਦੌਰ ਵਿਚ ਔਰਤ ਦਾ ਬਰਾਬਰੀ ਦਾ ਹੋਕਾ ਦਿੱਤਾ। ਏਸੇ ਤਰ੍ਹਾਂ ਸਿੱਖ ਧਰਮ ਨੇ ਜਗੀਰਦਾਰੀ-ਰਜਵਾੜਾਸ਼ਾਹੀ ਦੌਰ ਦੀਆਂ ਅਨੇਕਾਂ ਸਮਾਜਕ ਕੀਮਤਾਂ ਦਾ ਵਿਰੋਧ ਕੀਤਾ । ਪਰ ਇਹ ਵਿਰੋਧ ਉਸ ਸਮੇਂ ਦਾ ਵਿਲੱਖਣ ਜਾਂ ਇੱਕੋ-ਇੱਕ ਮਿਸਾਲ ਨਹੀਂ । ਇਹ ਵਿਰੋਧ ਲਗ ਭਗ ਉਸੇ ਦੌਰ ਵਿਚ ਫਰੀਦ, ਕਬੀਰ ਅਤੇ ਜੈਦੇਵ ਨੇ ਵੀ ਕੀਤਾ । ਜੇ ਨਿਘਰ ਵਿਚ ਜਾ ਰਹੀ ਮੁਗ਼ਲ ਸਲਤਨਤ ਦਾ ਹਥਿਆਰਬੰਦ ਵਿਰੋਧ ਗੁਰੂ ਗੋਬਿੰਦ ਸਿੰਘ ਨੇ ਕੀਤਾ ਤਾਂ ਉਸੇ ਦੌਰ ਵਿਚ ਅਜਿਹਾ ਸ਼ਿਵਾਜੀ ਨੇ ਵੀ ਕੀਤਾ ।

● ਸਿੱਖ ਧਰਮ ਦੀ ਇਤਿਹਾਸਕ ਮਹਾਨਤਾ ਏਸ ਵੱਲੋਂ ਜਗੀਰਦਾਰੀ ਕਦਰਾਂ ਦੇ ਵਿਰੋਧ ਅਤੇ ਸਭਿਆਚਾਰਕ-ਖੇਤਰ ਵਿਚ ਇੰਨਾਂ ਵਿਰੁੱਧ ਬਹੁਪੱਖੀ ਪ੍ਰਚਾਰ ਵਿਚ ਹੈ। ਇਹ ਵਿਰੋਧ ਅਤੇ ਇਸ ਦੀਆਂ ਪ੍ਰਤੀਕ ਅਤੇ ਪ੍ਰਤੀਨਿਧ ਰਚਨਾਵਾਂ ਚੰਗੇਰੇ ਸਮਾਜ ਲਈ ਲੜ ਰਹੀਆਂ ਸ਼ਕਤੀਆਂ ਦਾ ਸਾਂਝਾ ਬੌਧਿਕ ਸਰਮਾਇਆ ਅਤੇ ਵਿਰਸਾ ਹਨ । ਪਰ ਇਹ ਭੁਲਾਉਣਾ ਨਹੀਂ ਚਾਹੀਦਾ ਕਿ ਇਹ ਵਿਰੋਧ ਮੌਜੂਦਾ ਜਗੀਰਦਾਰੀ ਪ੍ਰਬੰਧ ਦੇ ਚੌਖਟੇ ਵਿਚ ਸਮਾਜਕ ਕੁਰੀਤੀਆਂ ਦੇ ਸੁਧਾਰ ਤੱਕ ਸੀਮਤ ਸੀ । ਅਜੇ ਇਤਿਹਾਸ ਦੇ ਉਸ ਦੌਰ ਵਿਚ ਉਹ ਜਮਾਤ ਬੁਰਜੁਆਜ਼ੀ-ਜਿਨ੍ਹਾਂ ਦੇ ਹਿੱਸੇ ਜਗੀਰਦਾਰੀ ਨੂੰ ਤੋੜ ਭੰਨ ਕੇ ਉਸ ਦਾ ਨਾਂ ਲੈਣ ਦਾ ਇਤਿਹਾਸਕ ਕਾਰਜ ਸੀ, ਨੇ ਇਤਿਹਾਸ ਦੇ ਰੰਗਮੰਚ ਉਤੇ ਪ੍ਰਵੇਸ਼ ਨਹੀਂ ਸੀ ਕੀਤਾ ।

ਪਰ ਅੱਜ ਸਿੱਖ ਧਰਮ ਦੇ ਅਗਾਂਹਵਧੂ ਵਿਰਸੇ ਦੀਆਂ ਅਸਲ ਵਾਰਸ ਕਿਹੜੀਆਂ ਸ਼ਕਤੀਆਂ ਹਨ ? ਉਹ ਸ਼ਕਤੀਆਂ ਜਿਹੜੀਆਂ ਸਿੱਖ ਗੁਰੂਆਂ ਵੱਲੋਂ ਜਾਤ ਪ੍ਰਸਤਾਂ ਦੇ ਵਿਰੋਧ ਦਾ ਸਤਿਕਾਰ ਕਰਦੀਆਂ ਹਨ, ਪਰ ਇਹ ਤੱਥ ਉਤੇ ਵੀ ਉਂਗਲ ਰੱਖਦੀਆਂ ਹਨ ਕਿ ਇਸ ਭਾਰਤੀ ਕਿਸਮ ਦੇ ਨਸਲਵਾਦ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਜਦ ਤਕ ਜਗੀਰੂ ਜ਼ਮੀਨੀ ਰਿਸ਼ਤੇ ਖਤਮ ਕਰ ਕੇ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਜੋ ਅਖੌਤੀ ਹੇਠਲੀਆਂ ਜ਼ਾਤਾਂ ਦਾ ਵੱਡਾ ਹਿੱਸਾ ਹਨ—ਅਤੇ ਗਰੀਬ ਕਿਸਾਨਾਂ ਵਿਚ ਨਹੀਂ ਵੰਡੀ ਜਾਂਦੇ । ਅਸਲੀ ਵਾਰਸ ਉਹ ਨਹੀਂ ਜੋ ਸਮਾਜ ਵਿਚਲੀਆਂ ਜਮਾਤਾਂ ਵੰਡਾਂ ਦੀ ਪਰਦਾਪੋਸ਼ੀ ਕਰਕੇ ਸਿਰ-ਪੈਰ ਰਹਿਤ ਅਖੌਤੀ "ਸਿੱਖ ਹੋਂਦ" ਦੀਆਂ ਹੈਰਹਾਂ ਦਿੰਦੇ ਹਨ, ਅਜੋਕੀਆਂ ਇਨਕਲਾਬੀ ਸ਼ਕਤੀਆਂ ਪੁਰਾਤਨ ਵੇਲੇ ਦੇ ਮਹਾਨ ਸੁਧਾਰਕ ਚਿੰਤਕਾਂ ਵੱਲੋਂ

ਕਰਨਾ ਇਕ ਮੁਜਰਮਾਨਾ ਕੋਤਾਹੀ ਹੋਵੇਗਾ । 'ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਅਗਵਾਈ ਵਿਚ ਚੱਲਣ ਵਾਲੀ ਜੱਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਮੁੱਢਲੇ ਉਹ ਸਾਰੇ ਲੱਛਣ ਮੌਜੂਦ ਹਨ ਜਿਹੜੇ ਕਿਸੇ ਫਾਸ਼ੀ ਆਤੰਕ-ਵਾਦੀ ਜਥੇਬੰਦੀ ਵਿਚ ਹੁੰਦੇ ਹਨ । ਧਾਰਮਕ ਕੱਟੜਤਾ ਦੇ ਬੁਰਕੇ ਵਿਚ ਲੁਕੀ ਇਸ ਜਥੇਬੰਦੀ ਦਾ ਵਿਦਿਅਕ ਅਦਾਰਿਆਂ ਵਿਚ ਸਮਾਜਕ ਅਧਾਰ ਉਹ ਵਿਦਿਆਰਥੀ ਹਨ ਜਿਨ੍ਹਾਂ ਦੀ ਸ਼ਰਾਰਤ ਗੁੰਡਾਗਰਦੀ, ਕੁੜੀਆਂ ਨਾਲ ਦੁਰਵਿਹਾਰ, ਅਯਾਸ਼ੀ ਅਤੇ ਕਾਕਾਗਿਰੀ ਵਿਚ ਹੁੰਦੀ ਹੈ । ਸਿਹਤਮੰਦ ਸਮਾਜ ਵਲੋਂ ਦੁਰਕਾਰਿਆ ਜਾਂਦਾ ਇਹ ਸਮਾਜਕ ਕੋਹੜ ਤੁਹਾਡੇ ਆਧੁਨਿਕ 'ਬੰਦਾ ਬਹਾਦਰ' ਦੇ ਸੁਰਖਿਅਤ ਖੰਭਾਂ ਥੱਲੇ ਬੜੀ ਸੁਰਖਿਅਤਾ ਨਾਲ ਪਲ ਰਿਹਾ ਹੈ । 'ਸੰਤ ਸਿਪਾਹੀ' ਦੀ 'ਹਿੱਟਲਿਸਟ' ਤੋਂ ਡਰਦਾ ਪ੍ਰਬੰਧਕੀ ਅਤੇ ਪੁਲਸੀ ਲਾਣਾ ਇਨ੍ਹਾਂ 'ਜੋਧਿਆਂ' ਅਗੇ ਬਿਰਕਦਾ ਤੱਕ ਨਹੀਂ ! ਇਸ ਅਨਸਰ ਦੀ ਸਮਾਜਕ ਅਤੇ ਇਖਲਾਕੀ ਬਣਤਰ ਐਮਰਜੈਂਸੀ ਵੇਲੇ "ਤੇਜ਼ੀ ਨਾਲ ਪਸਰ ਰਹੀ ਯੂਥ ਕਾਂਗਰਸ" ਨਾਲ ਰਲਦੀ ਮਿਲਦੀ ਹੈ । ਇਸ ਜਥੇਬੰਦੀ ਦਾ ਵਿਦਿਅਕ ਅਦਾਰਿਆਂ ਵਿਚ 'ਇਕ ਨੁਕਾਤੀ ਪ੍ਰੋਗਰਾਮ', 'ਲਾਲ ਖਤਰੇ ਵਿਰੁੱਧ ਜਹਾਦ' ਹੈ । ਤੁਹਾਡੇ 'ਰਾਤ ਬਾਕੀ ਹੈ' ਦੇ ਨਾਇਕ ਵਰਗੇ ਪਵਿੱਤਰ ਨੌਜਵਾਨਾਂ ਨੂੰ ਇਨ੍ਹਾਂ ਵਲੋਂ 'ਨਾਸਤਕ' ਅਤੇ 'ਰੂਸ ਚੀਨ ਦੇ ਏਜੰਟ' ਗਰਦਾਣ ਕੇ ਨਖੇੜਣ ਦੇ ਜਤਨ ਕੀਤੇ ਜਾਂਦੇ ਹਨ । ਕੀ ਅਜਿਹੇ ਗਰੋਹਾਂ ਦੇ ਆਸਰੇ ਤੁਸੀਂ ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਦੇ ਨਿਸ਼ਾਨਿਆਂ ਨੂੰ ਰੂਪਮਾਨ ਕਰਨਾ ਚਾਹੁੰਦੇ ਹੋ ?

ਕੰਵਲ ਜੀ, ਸੱਚੇ ਮਾਰਕਸਵਾਦੀਆਂ ਦਾ ਸਦਾ ਇਹ ਗੁਣ ਰਿਹਾ ਹੈ ਕਿ ਉਹ ਇਤਿਹਾਸ ਦੇ ਅਧਿਐਣ ਨੂੰ ਨਾਂ ਹੀ ਆਦਰਸ਼ਵਾਦੀ ਢੰਗ ਨਾਲ ਵੇਖਦੇ ਹਨ, ਅਤੇ ਨਾ ਹੀ ਇਸ ਤੋਂ ਇੱਕ ਪਾਸੜ ਸਿੱਟੇ ਕੱਢਦੇ ਹਨ । ਉਹ ਇਤਿਹਾਸ ਦੇ ਕਿਸੇ ਵੀ ਪੜਾਅ ਨੂੰ ਉਸ ਵੇਲੇ ਦੇ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਪੱਧਰ, ਪੈਦਾਵਾਰੀ ਅਤੇ ਸਮਾਜਕ ਰਿਸ਼ਤਿਆਂ, ਅਤੇ ਮੌਜੂਦ ਜਮਾਤਾਂ ਦੇ ਅੰਤਰਸਬੰਧਾਂ ਅਤੇ ਉਨ੍ਹਾਂ ਵਿਚਾਲੇ ਸੰਘਰਸ਼ ਦੇ ਠੋਸ ਅਤੇ ਵਿਗਿਆਨਕ ਅਧਿਅਨ ਅਤੇ ਵਿਸ਼ਲੇਸ਼ਣ ਰਾਹੀਂ ਵੇਖਦੇ ਹਨ । ਉਹ ਇਤਿਹਾਸਕ ਸ਼ਖਸੀਅਤਾਂ ਨੂੰ ਬਾਹਰੀ ਉਪਜੇ ਚਿੰਨ੍ਹਾਂ ਤੋਂ ਨਹੀਂ ਸਗੋਂ ਉਨ੍ਹਾਂ ਦੇ ਇਤਿਹਾਸ ਵਿਚ ਬਾਹਰਮੁਖੀ ਰੋਲ ਤੋਂ ਪਰਖਦੇ ਹਨ ।

ਸਿੱਖ ਧਰਮ ਦਾ ਵਿਕਾਸ ਜਗੀਰਦਾਰੀ ਜੁਗ ਵਿਚ ਹੋਇਆ । ਜਾਤਾਂ ਵਿਚ ਵੰਡ ਭਾਰਤੀ ਜਗੀਰਦਾਰੀ ਪ੍ਰਬੰਧ ਦਾ ਮੁੱਖ ਲੱਛਣ ਸੀ। ਸਿੱਖ ਧਰਮ ਦਾ ਬਾਹਰਮੁਖੀ ਰੋਲ ਏਸ ਲਈ ਅਗਾਂਹ-ਵਧੂ ਸੀ ਕਿਉਂਕਿ ਏਸ ਨੇ ਜਾਤਾਂ ਵਿਚ ਵੰਡ ਦੀ ਅਲੋਚਨਾ ਕੀਤੀ। ਔਰਤ ਦਾ ਸਮਾਜ ਵਿਚ ਨੀਵਾਂ ਥਾਂ ਨਿੱਜੀ ਜਾਇਦਾਦ ਦੀ ਸੰਸਥਾ ਅਤੇ ਲੁਟੇਰੇ ਜਮਾਤੀ ਪ੍ਰਬੰਧ ਦੀ ਸਥਾਪਤੀ ਦਾ ਸਿੱਟਾ ਸੀ। ਸਿੱਖ ਧਰਮ ਨੇ ਆਪਣੇ ਮੁਢਲੇ ਦੌਰ ਵਿਚ ਔਰਤ ਦਾ ਬਰਾਬਰੀ ਦਾ ਹੋਕਾ ਦਿੱਤਾ। ਏਸੇ ਤਰ੍ਹਾਂ ਸਿੱਖ ਧਰਮ ਨੇ ਜਗੀਰਦਾਰੀ-ਰਜਵਾੜਾਸ਼ਾਹੀ ਦੌਰ ਦੀਆਂ ਅਨੇਕਾਂ ਸਮਾਜਕ ਕੀਮਤਾਂ ਦਾ ਵਿਰੋਧ ਕੀਤਾ । ਪਰ ਇਹ ਵਿਰੋਧ ਉਸ ਸਮੇਂ ਦਾ ਵਿਲੱਖਣ ਜਾਂ ਇੱਕੋ-ਇੱਕ ਮਿਸਾਲ ਨਹੀਂ । ਇਹ ਵਿਰੋਧ ਲਗ ਭਗ ਉਸੇ ਦੌਰ ਵਿਚ ਫਰੀਦ, ਕਬੀਰ ਅਤੇ ਜੈਦੇਵ ਨੇ ਵੀ ਕੀਤਾ । ਜੇ ਨਿਘਾਰ ਵਿਚ ਜਾ ਰਹੀ ਮੁਗਲ ਸਲਤਨਤ ਦਾ ਹਥਿਆਰਬੰਦ ਵਿਰੋਧ ਗੁਰੂ ਗੋਬਿੰਦ ਸਿੰਘ ਨੇ ਕੀਤਾ ਤਾਂ ਉਸੇ ਦੌਰ ਵਿਚ ਅਜਿਹਾ ਸ਼ਿਵਾਜੀ ਨੇ ਵੀ ਕੀਤਾ ।

• ਸਿੱਖ ਧਰਮ ਦੀ ਇਤਿਹਾਸਕ ਮਹਾਨਤਾ ਏਸ ਵੱਲੋਂ ਜਗੀਰਦਾਰੀ ਕਦਰਾਂ ਦੇ ਵਿਰੋਧ ਅਤੇ ਸਭਿਆਚਾਰਕ-ਖੇਤਰ ਵਿਚ ਇੰਨਾਂ ਵਿਰੁੱਧ ਬਹੁਪੱਖੀ ਪ੍ਰਚਾਰ ਵਿਚ ਹੈ। ਇਹ ਵਿਰੋਧ ਅਤੇ ਇਸ ਦੀਆਂ ਪ੍ਰਤੀਕ ਅਤੇ ਪ੍ਰਤੀਨਿਧ ਰਚਨਾਵਾਂ ਚੰਗੇਰੇ ਸਮਾਜ ਲਈ ਲੜ ਰਹੀਆਂ ਸ਼ਕਤੀਆਂ ਦਾ ਸਾਂਝਾ ਬੌਧਿਕ ਸਰਮਾਇਆ ਅਤੇ ਵਿਰਸਾ ਹਨ । ਪਰ ਇਹ ਭੁਲਾਉਣਾ ਨਹੀਂ ਚਾਹੀਦਾ ਕਿ ਇਹ ਵਿਰੋਧ ਮੌਜੂਦਾ ਜਗੀਰਦਾਰੀ ਪ੍ਰਬੰਧ ਦੇ ਚੌਖਟੇ ਵਿਚ ਸਮਾਜਕ ਕੁਰੀਤੀਆਂ ਦੇ ਸੁਧਾਰ ਤੱਕ ਸੀਮਤ ਸੀ। ਅਜੇ ਇਤਿਹਾਸ ਦੇ ਉਸ ਦੌਰ ਵਿਚ ਉਹ ਜਮਾਤ ਬੁਰਜੂਆਜ਼ੀ-ਜਿਨ੍ਹਾਂ ਦੇ ਹਿੱਸੇ ਜਗੀਰਦਾਰੀ ਨੂੰ ਤੋੜ ਭੰਨ ਕੇ ਉਸ ਦਾ ਨਾਂ ਲੈਣ ਦਾ ਇਤਿਹਾਸਕ ਕਾਰਜ ਸੀ, ਨੇ ਇਤਿਹਾਸ ਦੇ ਰੰਗਮੰਚ ਉਤੇ ਪ੍ਰਵੇਸ਼ ਨਹੀਂ ਸੀ ਕੀਤਾ ।

ਪਰ ਅੱਜ ਸਿੱਖ ਧਰਮ ਦੇ ਅਗਾਂਹਵਧੂ ਵਿਰਸੇ ਦੀਆਂ ਅਸਲ ਵਾਰਸ ਕਿਹੜੀਆਂ ਸ਼ਕਤੀਆਂ ਹਨ ? ਉਹ ਸ਼ਕਤੀਆਂ ਜਿਹੜੀਆਂ ਸਿੱਖ ਗੁਰੂਆਂ ਵੱਲੋਂ ਜਾਤ ਪ੍ਰਸਤਾਂ ਦੇ ਵਿਰੋਧ ਦਾ ਸਤਿਕਾਰ ਕਰਦੀਆਂ ਹਨ, ਪਰ ਇਹ ਤੱਥ ਉਤੇ ਵੀ ਉਂਗਲ ਰੱਖਦੀਆਂ ਹਨ ਕਿ ਇਸ ਭਾਰਤੀ ਕਿਸਮ ਦੇ ਨਸਲਵਾਦ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਜਦ ਤਕ ਜਗੀਰੂ ਜ਼ਮੀਨੀ ਰਿਸ਼ਤੇ ਖਤਮ ਕਰ ਕੇ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਜੋ ਅਖੌਤੀ ਹੇਠਲੀਆਂ ਜ਼ਾਤਾਂ ਦਾ ਵੱਡਾ ਹਿੱਸਾ ਹਨ—ਅਤੇ ਗਰੀਬ ਕਿਸਾਨਾਂ ਵਿਚ ਨਹੀਂ ਵੰਡੀ ਜਾਂਦੀ । ਅਸਲੀ ਵਾਰਸ ਉਹ ਨਹੀਂ ਜੋ ਸਮਾਜ ਵਿਚਲੀਆਂ ਜਮਾਤਾਂ ਵੰਡਾਂ ਦੀ ਪਰਦਾਪੋਸ਼ੀ ਕਰਕੇ ਸਿਰ-ਪੈਰ ਰਹਿਤ ਅਖੌਤੀ "ਸਿੱਖ ਹੋਂਦ" ਦੀਆਂ ਹੋਰਹਾਂ ਦਿੰਦੇ ਹਨ, ਅਜੋਕੀਆਂ ਇਨਕਲਾਬੀ ਸ਼ਕਤੀਆਂ ਪੁਰਾਤਨ ਵੇਲੇ ਦੇ ਮਹਾਨ ਸੁਧਾਰਕ ਚਿੰਤਕਾਂ ਵੱਲੋਂ

ਇਸਤਰੀ-ਮਰਦ ਦੀ ਬਰਾਬਰੀ ਦੀ ਗੱਲ ਨੂੰ ਛੁਟਿਆਉਂਦੀਆਂ ਨਹੀਂ, ਪਰ ਉਪਰੋਕਤ ਬਰਾਬਰੀ ਨੂੰ ਹਾਸਲ ਕਰਨ ਲਈ ਸਮਾਜ ਵਿਚ ਕਰਾਂਤੀਕਾਰੀ ਤਬਦੀਲੀਆਂ ਨੂੰ ਪੂਰਵਸ਼ਰਤ ਮੰਨਦੀਆਂ ਹਨ।

ਮਾਰਕਸਵਾਦ ਭੂਤ ਦੇ ਇਤਿਹਾਸ, ਪਰੰਪਰਾਵਾਂ ਅਤੇ ਰਵਾਇਤਾਂ ਨੂੰ ਨਖੇਧਦਾ ਨਹੀਂ ਜਿਵੇਂ ਕਿ ਇਸਦੇ ਦੋਖੀ ਪਰਚਾਰਦੇ ਹਨ। ਇਸਦਾ ਬੀਤੇ ਵੱਲ ਵਤੀਰਾ ਅਤੇ ਪਹੁੰਚ ਦਵੰਦਵਾਦੀ ਹੁੰਦਾ ਹੈ। ਬੀਤੇ ਵਿਚ ਜੋ ਅਗਾਂਹਵਧੂ ਸੀ, ਮਾਰਕਸਵਾਦ ਉਸਨੂੰ ਗ੍ਰਹਿਣ ਕਰਦਾ ਅਤੇ ਉਸਨੂੰ ਅਪਣੇ ਸਿਧਾਂਤ ਅਤੇ ਅਮਲ ਦਾ ਹਿੱਸਾ ਬਣਾਉਂਦਾ ਹੈ। ਜੋ ਪਿਛਾਂਹ ਖਿਚੂ ਅਤੇ ਵੇਲਾ ਵਿਹਾਅ ਚੁਕਿਆ ਹੈ, ਉਸ ਨੂੰ ਰੱਦ ਕਰਦਾ ਹੈ। ਸਿੱਖ ਧਰਮ ਵਲ ਅਤੇ ਸਿਖ ਇਤਹਾਸ ਵਲ ਇਹ ਦਵੰਦਵਾਦੀ ਪਹੁੰਚ ਅਜ ਦੇ ਸਮੇਂ ਦੀ ਮੰਗ ਹੈ। ਇਸ ਕਸੌਟੀ ਤੇ ਪਰਖਦਿਆਂ ਸਿੱਖ ਗੁਰੂਆਂ ਦੇ ਸਿਧਾਂਤ ਅਤੇ ਅਸਲ ਵਾਰਸ ਭਾਰਤ ਦੀ ਮਜ਼ਦੂਰ ਲਹਿਰ ਅਤੇ ਮਜ਼ਦੂਰ ਜਮਾਤ ਦੇ ਵਿਗਿਆਨਕ ਸਿਧਾਂਤ ਦੇ ਪੈਰੋਕਾਰ ਭਾਰਤ ਦੇ ਮਾਰਕਸਵਾਦੀ ਹੀ ਹਨ, ਧਰਮਾਂ ਦੀਆਂ ਵੰਡਾਂ ਦਾ ਹਾਲ ਪਾਅਰਿਆ ਕਰਨ ਵਾਲੇ ਕੱਟੜਵਾਦੀ ਘੜੰਮਚੌਧਰੀ ਨਹੀਂ ਹਨ।

ਤੁਹਾਡੀਆਂ ਸਾਰੀਆਂ ਧਾਰਣਾਵਾਂ ਦਾ ਹੱਥਲੀਆਂ ਸਤਰਾਂ ਵਿਚ ਜ਼ਿਕਰ ਨਾ ਹੀ ਸੰਭਵ ਹੈ, ਅਤੇ ਨਾ ਹੀ ਜ਼ਰੂਰੀ। ਏਥੇ ਅਸੀਂ ਸਿਰਫ ਪੰਜਾਬ ਵਿਚਲੇ ਹਿੰਦੂਆਂ ਅਤੇ ਬਾਹਰਲੇ ਸੂਬਿਆਂ ਤੋਂ ਆਉਣ ਵਾਲੇ ਗੈਰ-ਸਿੱਖ ਮਜ਼ਦੂਰਾਂ ਤੋਂ "ਸਿੱਖ ਹੋਂਦ", "ਸਿੱਖ ਸਭਿਆਚਾਰ" ਨੂੰ 'ਖਤਰੇ' ਅਤੇ ਸਿੱਖਾਂ ਦੇ ਘੱਟ ਗਿਣਤੀ" ਰਹਿ ਜਾਣ ਦੇ ਤੁਹਾਡੇ ਡਰ ਬਾਰੇ ਕੁਝ ਲਫਜ਼ ਕਹਿਣੇ ਚਾਹਵਾਂਗੇ।

ਅੱਜ ਮੁਲਕ ਵਿਚ ਕੌਮੀਅਤਾਂ ਦੇ ਮਸਲੇ ਨੂੰ ਬੜੇ ਹੀ ਗੈਰਵਿਗਿਆਨਕ ਢੰਗ ਨਾਲ ਤੋੜਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਅਜਿਹੇ ਬੌਧਿਕ ਜਤਨ ਬਹੁਤ ਵਾਰ ਚਲਾਕੀ ਭਰੇ "ਖੱਬੇ-ਪੱਖੀ" ਲਫਾਜ਼ੀ ਦੇ ਪਰਦੇ ਹੇਠ ਕੀਤੇ ਜਾਂਦੇ ਹਨ। ਮੁਲਕ ਦੇ ਵੱਖ ਵੱਖ ਖੇਤਰਾਂ ਜਿਵੇਂ ਉੱਤਰ-ਪੂਰਬੀ ਖੇਤਰ ਦੇ ਵੱਖ ਵੱਖ ਸੂਬਿਆਂ ਅਸਾਮ, ਨਾਗਾਲੈਂਡ, ਮੀਜ਼ੋਰਮ, ਮਨੀਪੁਰ ਅਤੇ ਤਰੀਪੁਰਾ ਵਿਚ ਪੈਦਾ ਹੋਏ ਵੱਖਵਾਦੀ ਉਭਾਰਾਂ ਨੂੰ ਏਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਹ ਦਿੱਲੀ ਦੇ "ਸਾਮਰਾਜ" ਖਿਲਾਫ ਦੱਬੀਆਂ ਕੁਚਲੀਆਂ ਕੌਮਾਂ ਦੇ "ਕੌਮੀ ਉਭਾਰ" ਹੋਣ। ਇਨ੍ਹਾਂ ਵਿਚੋਂ ਕੁਝ ਲਹਿਰਾਂ ਦੀ ਅਗਵਾਈ ਅਜਿਹੀਆਂ ਪਾਰਟੀਆਂ ਅਤੇ ਗਰੁੱਪ ਵੀ ਕਰਦੇ ਹਨ ਜਿਹੜੇ ਅਪਣੇ ਆਪ ਨੂੰ "ਮਾਰਕਸਵਾਦੀ-ਲੈਨਿਨਵਾਦੀ" ਅਖਵਾਉਂਦੇ ਹਨ। ਇਨ੍ਹਾਂ ਪਾਰਟੀਆਂ, ਗਰੁੱਪਾਂ ਅਤੇ ਇਨ੍ਹਾਂ ਦੇ ਬੌਧਿਕ ਅਤੇ ਸਿਧਾਂਤਕ ਸਮਰਥਕਾਂ ਵੱਲੋਂ "ਖੱਬੇ ਪੱਖੀ" ਦਿਸਦੇ ਸ਼ਬਦ-ਜਾਲ ਰਾਹੀਂ ਇਹ ਸਿੱਧ" ਕਰਨ ਦਾ ਜਤਨ ਕੀਤਾ ਹੈ ਕਿ ਕੇਂਦਰ ਵਿਚ ਰਾਜ ਕਰ ਰਹੀ ਬੁਰਜੂਆਜ਼ੀ ਦਾ ਕਿਰਦਾਰ "ਸਾਮਰਾਜੀ" ਹੈ, ਅਤੇ ਇਹ ਜਿੱਥੇ ਆਰਥਕ ਵਸੀਲਿਆਂ ਦੀ ਲੁੱਟ ਰਾਹੀਂ ਸਬੰਧਤ "ਕੌਮ" ਦੀ ਲੁੱਟਚੋਂਘ ਕਰ ਰਹੀ ਹੈ, ਉਥੇ "ਵੱਡ ਕੌਮੀ" ਸਭਿਆਚਾਰਕ ਦਾਬੇ ਰਾਹੀਂ ਕਮਜ਼ੋਰ ਕੌਮ ਦੀ ਹੋਂਦ ਨੂੰ ਖਤਮ ਕਰਨਾ ਚਾਹੁੰਦੀ ਹੈ।

ਸਰਮਾਏਦਾਰੀ ਵਿਕਾਸ ਸੰਸਾਰ ਪੱਧਰ ਉੱਤੇ ਵੱਖ ਵੱਖ ਖਿੱਤਿਆਂ ਵਿਚਕਾਰ ਅਤੇ ਵੱਖ ਵੱਖ ਮੁਲਕਾਂ ਵਿਚਕਾਰ ਅਸਾਵੇਂ ਵਿਕਾਸ ਦਾ ਹੀ ਸਿੱਟਾ ਹੈ ਕਿ ਯੂਰਪ ਏਸ਼ੀਆ, ਅਫਰੀਕਾ ਅਤੇ ਲਤੀਨੀ ਅਮਰੀਕਾ ਤੋਂ ਵੱਧ ਵਿਕਸਿਤ ਹੈ। ਇਹੋ ਕਾਰਨ ਹੈ ਕਿ ਏਸ਼ੀਆ ਵਿਚ ਜਪਾਨ ਦੇ ਮੁਕਾਬਲੇ ਵਿਚ ਪਾਕਿਸਤਾਨ, ਬੰਗਲਾ ਦੇਸ਼ ਅਤੇ ਸ੍ਰੀ ਲੰਕਾ ਬਹੁਤ ਪਛੜੇ ਹੋਏ ਹਨ। ਸਰਮਾਏਦਾਰੀ ਵਿਕਾਸ ਦਾ ਰਾਹ ਮੁਲਕ ਦੇ ਵੱਖ ਵੱਖ ਹਿੱਸਿਆਂ ਦੇ ਵਿਕਾਸ ਦੇ ਅਸਾਵੇਂਪਣ ਨੂੰ ਲਗਾਤਾਰ ਮਜ਼ਬੂਤ ਕਰਦਾ ਹੈ। ਬੰਗਾਲ, ਮਹਾਰਾਸ਼ਟਰ ਅਤੇ ਤਾਮਲਨਾਡੂ ਆਦਿਕ ਸਨਅਤੀ ਤੌਰ ਉੱਤੇ ਵੱਧ ਵਿਕਸਿਤ ਹਨ, ਜਦ ਕਿ ਮੁਲਕ ਦਾ ਉੱਤਰ ਪੂਰਬੀ ਹਿੱਸਾ ਬੇਹੱਦ ਪਛੜਿਆ ਹੋਇਆ ਹੈ। ਸੂਬਿਆਂ ਵਿਚਲੇ ਵੱਖ ਵੱਖ ਹਿੱਸੇ ਵੀ ਇਸ ਅਸਾਵੇਂ ਵਿਕਾਸ ਨੂੰ ਪ੍ਰਗਟਾਉਂਦੇ ਹਨ। ਮਹਾਰਾਸ਼ਟਰ ਵਿਚ ਬੰਬਈ ਜਿਥੇ ਮੈਟਰੋਪੋਲੀਟਨ ਸ਼ਹਿਰਾਂ ਦਾ ਮੁਕਾਬਲਾ ਕਰਦਾ ਹੈ, ਉੱਥੇ ਥਾਨੇ ਜ਼ਿਲ੍ਹਾ ਵਿਚ ਕਬਾਇਲੀ ਸੰਸਥਾਵਾਂ ਭਾਰੂ ਹਨ। ਬੰਗਾਲ ਵਿਚ ਕਲਕੱਤੇ ਵਰਗਾ ਭਾਰਤ ਦੇ ਅਜਾਰੇਦਾਰ ਸਰਮਾਏ ਦਾ ਕੇਂਦਰ ਹੈ, ਪਰ ਖੇਤੀਬਾੜੀ ਵਿਚ ਅਜੇ ਨੀਮ-ਜਗੀਰੂ ਰਿਸ਼ਤੇ ਮੌਜੂਦ ਹਨ। ਏਸ ਅਸਾਵੇਂ ਵਿਕਾਸ ਨੇ ਪਛੜੇ ਖਿਤਿਆਂ ਵਿਚ ਬੇਚੈਨੀ, ਅਤੇ ਬਗਾਵਤਾਂ ਨੂੰ ਜਨਮ ਦਿੱਤਾ ਹੈ।

ਪਰ ਕੀ ਇਸ ਤੋਂ ਭਾਰਤੀ ਸਰਮਾਏਦਾਰੀ ਦੇ "ਸਾਮਰਾਜੀ" ਹੋਣ, ਅਤੇ ਉਪਰੋਕਤ ਬਗ਼ਾਵਤਾਂ ਦੇ "ਕੌਮੀ ਉਭਾਰ" ਹੋਣ ਦਾ ਸਿੱਟਾ ਕੱਢਿਆ ਜਾ ਸਕਦਾ ਹੈ? ਅਜਿਹਾ ਵਿਚਾਰ ਸਾਮਰਾਜ ਬਾਰੇ ਲੈਨਿਨਵਾਦੀ ਸਮਝ ਨੂੰ ਮੁਕੰਮਲ ਰੂਪ ਵਿਚ ਤਲਾਂਜਲੀ ਦੇਣਾ ਹੋਵੇਗਾ। ਲੈਨਿਨ ਆਪਣੇ ਕਿਤਾਬਚੇ 'ਸਮਾਜਵਾਦੀ ਇਨਕਲਾਬ ਅਤੇ ਕੌਮਾਂ ਦੇ ਆਪਾ ਨਿਰਣੇ ਦਾ ਹੱਕ" ਦੇ ਮੁਢ ਵਿਚ ਲਿਖਦਾ ਹੈ, "ਸਾਮਰਾਜ ਪੂੰਜੀਵਾਦ ਦੇ ਵਿਕਾਸ ਵਿਚ ਸਭ ਤੋਂ ਸਿਖਰਲਾ ਪੜਾਅ ਹੈ। ਸਭ ਤੋਂ ਮੋਹਰਲੇ ਮੁਲਕਾਂ ਵਿਚ ਸਰਮਾਏ ਨੇ ਕੌਮੀ ਰਿਆਸਤਾਂ ਦੀਆਂ ਹੱਦਾਂ ਪਾਰ ਕਰ ਲਈਆਂ ਹਨ, ਮੁਕਾਬਲੇਬਾਜ਼ੀ ਦੀ ਥਾਂ ਅਜਾਰੇਦਾਰੀ ਨੇ ਲੈ ਲਈ ਹੈ'... ਕੀ ਭਾਰਤੀ ਸਰਮਾਏਦਾਰੀ ਉਪਰੋਕਤ ਵਿਕਾਸ ਨੂੰ ਹਾਸਲ ਕਰ ਚੁੱਕੀ ਹੈ?

ਕੀ ਲੈਨਿਨ ਜਿਨ੍ਹਾਂ "ਮੋਹਰਲੇ" ਮੁਲਕਾਂ ਦੀ ਗੱਲ ਕਰਦਾ ਹੈ, ਭਾਰਤ ਉਨ੍ਹਾਂ ਮੁਲਕਾਂ ਵਿਚ ਸ਼ਮਾਰ ਹੁੰਦਾ ਹੈ ?

ਇਹ ਠੀਕ ਹੈ ਕਿ ਭਾਰਤੀ ਹਾਕਮ ਸਰਮਾਏਦਾਰ ਜਗੀਰਦਾਰ ਜਮਾਤਾਂ ਵਲੋਂ ਅਖਤਿਆਰ ਕੀਤੇ ਪੂੰਜੀਵਾਦੀ ਵਿਕਾਸ ਦੇ ਰਾਹ ਕਾਰਣ ਕੌਮੀਅਤਾਂ ਦੇ ਮਸਲੇ ਦਾ ਜਮਹੂਰੀ ਹੱਲ ਨਹੀਂ ਕੱਢ ਸਕੇ। ਭਾਸ਼ਾ ਦੇ ਆਧਾਰ ਉੱਤੇ ਸੂਬਿਆਂ ਦੇ ਪੁਨਰਗਠਣ ਨੂੰ ਜਮਹੂਰੀ ਲੀਹਾਂ ਉੱਤੇ ਤਹਿ ਕਰਨ ਦੀ ਅਣਹੋਂਦ ਕਾਰਨ ਵੱਧ ਗਿਣਤੀ ਅਤੇ ਘੱਟ ਗਿਣਤੀ ਸ਼ਾਵਨਵਾਦ ਨੂੰ ਹੱਲਾ-ਸ਼ੇਰੀ ਮਿਲੀ। ਪਛੜੇ ਹੋਏ ਇਲਾਕਿਆਂ ਵਿਚ ਲੋਕਾਂ ਦੀ ਜਾਇਜ਼ ਅਸੰਤੁਸ਼ਟਤਾ ਨੂੰ ਇਲਾਕਾਈ ਸ਼ਾਵਨਵਾਦੀ ਸ਼ਕਤੀਆਂ ਵੱਲੋਂ ਵੱਖਵਾਦੀ ਲੀਹਾਂ ਵੱਲ ਧੱਕਿਆ ਗਿਆ। ਇਵੇਂ ਹੀ ਕਬਾਇਲੀ ਲੋਕਾਂ ਦੀ ਜ਼ਮੀਨ ਨੂੰ ਗ਼ੈਰ-ਕਬਾਇਲੀ ਜਗੀਰਦਾਰਾਂ ਵੱਲੋਂ ਹੜੱਪ ਲੈਣ, ਉਨ੍ਹਾਂ ਦੇ ਜੰਗਲਾਂ ਨੂੰ ਠੇਕੇਦਾਰ, ਜੰਗਲਾਤ ਮਹਿਕਮੇ ਦੇ ਅਫ਼ਸਰਾਂ ਦੇ ਹਵਾਲੇ ਕਰ ਦੇਣ ਕਾਰਨ ਕਬਾਇਲੀਆਂ ਨੂੰ ਉਪਰੋਕਤ ਲੁੱਟ-ਖਸੁੱਟ ਖਿਲਾਫ਼ ਦਰੁਸਤ ਜਮਾਤੀ ਅਧਾਰ ਉੱਤੇ ਜਥੇਬੰਦ ਕਰਨ ਦੀ ਥਾਂ ਉੱਤੇ "ਕਬਾਇਲੀ" ਅਤੇ "ਗ਼ੈਰ-ਕਬਾਇਲੀ" ਲੋਕਾਂ ਵਿਚਕਾਰ ਸਥਾਈ ਭੇੜ ਨੂੰ ਤਕੜਿਆਂ ਕਰਨ, ਅਤੇ "ਕਬਾਇਲੀ ਹੋਂਦ" ਨੂੰ "ਬਾਹਰਲਿਆਂ" ਤੋਂ "ਖਤਰੇ" ਦੀ ਦੁਹਾਈ ਦੇਣ ਵਾਲਿਆਂ ਨੂੰ ਉਤਸ਼ਾਹ ਮਿਲਿਆ ਹੈ। ਪਰ ਏਸ ਸਥਿਤੀ ਦਾ ਜਮਹੂਰੀ ਹੱਲ ਸਾਰੀਆਂ ਜਮਹੂਰੀ ਜਮਾਤਾਂ ਤੇ ਸ਼ਕਤੀਆਂ ਦੀ ਲਾਮਬੰਦੀ ਹੀ ਹੈ। ਸੂਬਿਆਂ ਨੂੰ ਵੱਧ ਵਿਧੀ ਅਤੇ ਸਿਆਸੀ ਹੱਕਾਂ ਲਈ, ਅਤੇ ਫੈਡਰਲ ਢਾਂਚੇ ਵਿਚ ਸੂਬਾਈ ਖੁਦਮੁਖਤਾਰੀ ਲਈ ਕੀਤੀ ਜਾ ਰਹੀ ਲਾਮਬੰਦੀ ਉਪਰੋਕਤ ਸੇਧ ਵਿਚ ਹੀ ਹੈ।

ਪਰ ਕੀ 'ਸਿੱਖ ਹੋਂਦ' ਨੂੰ ਅਸਲ ਹੀ ਭਈਆ ਲੇਬਰ ਦੀ ਆਮਦ ਤੋਂ ਉਸ ਕਿਸਮ ਦਾ ਖਤਰਾ ਦਰਪੇਸ਼ ਹੈ ਜਿਵੇਂ ਕਬਾਇਲੀ ਲੋਕਾਂ ਦੀਆਂ ਜ਼ਮੀਨਾਂ ਅਤੇ ਜੰਗਲਾਂ ਨੂੰ ਸ਼ਾਹੂਕਾਰਾਂ ਅਤੇ ਗੈਰ ਕਬਾਇਲੀ ਅਫਸਰਸ਼ਾਹਾਂ ਤੋਂ। ਕੰਵਲ ਸਾਹਿਬ ! ਹਕੀਕਤ ਤਾਂ ਇਹ ਹੈ ਕਿ ਪੰਜਾਬ ਵਿਚ "ਹਰੇ ਇਨਕਲਾਬ" ਦੇ ਨਾਂਅ ਹੇਠ ਖੇਤੀਬਾੜੀ ਨੂੰ ਸਰਮਾਏਦਾਰ ਲੀਹਾਂ ਉਤੇ ਜਥੇਬੰਦ ਕਰਨ ਵਿਚ ਭਈਆ ਲੇਬਰ ਦਾ ਤਕੜਾ ਹਿੱਸਾ ਹੈ। ਭਈਆ ਲੇਬਰ ਪਿੰਡਾਂ ਦੀ ਜ਼ਰਈ ਸਰਮਾਏਦਾਰ ਜਮਾਤ ਨੂੰ ਸਸਤੀ ਲੇਬਰ ਮੁਹਈਆ ਕਰਨ ਦਾ ਮੁੱਖ ਸੋਮਾ, ਅਤੇ ਸਥਾਨਕ ਖੇਤ ਮਜ਼ਦੂਰਾਂ ਦੀ ਉਜਰਤ ਨੂੰ ਨੀਵਾਂ ਰੱਖਣ ਦਾ ਹਥਿਆਰ ਹੈ। ਇਵੇਂ ਭਈਆ ਲੇਬਰ ਦੀ ਆਮਦ ਨੇ ਉਭਰ ਰਹੀ ਪੇਂਡੂ ਕੁਲਕ ਜਮਾਤ ਦੇ ਆਰਥਕ ਅਤੇ ਸਿਆਸੀ ਹਿਤਾਂ ਨੂੰ ਸੁਰਖਿਅਤ ਕਰਨ ਵਿਚ ਹਿੱਸਾ ਪਾਇਆ ਹੈ। ਪਰ ਪੰਜਾਬ ਦੀ ਜਮਹੂਰੀ ਲਹਿਰ ਏਸ ਹਕੀਕਤ ਤੋਂ ਇਹ ਸਿੱਟਾ ਨਹੀਂ ਕੱਢਦੀ ਕਿ ਭਈਆਂ ਨੂੰ ਜ਼ਬਰਦਸਤੀ ਪੰਜਾਬ ਤੋਂ ਕੱਢ ਦਿੱਤਾ ਜਾਵੇ, ਕਿਉਂਕਿ ਅਜਿਹਾ ਕਰਨਾ ਮੁਲਕ ਪੱਧਰ ਉਤੇ ਮਿਹਨਤੀ ਲੋਕਾਂ ਨੂੰ ਇਕ-ਮੁੱਠ ਕਰਨ ਦੇ ਨਿਸ਼ਾਨੇ ਨਾਲ ਟਕਰਾਉਂਦਾ ਹੈ।

ਕੰਵਲ ਜੀ ! ਤੁਸੀਂ 'ਪੰਜਾਬੀਅਤ' ਅਤੇ 'ਸਿੱਖ-ਹੋਂਦ' ਨੂੰ ਇਵੇਂ ਪੇਸ਼ ਕਰਦੇ ਹੋ ਜਿਵੇਂ ਇਹ ਇਕੋ ਹੀ ਧਾਰਣਾ ਦੇ ਦੋ ਬਦਲਵੇਂ ਲਫਜ਼ ਹੋਣ। ਪਰ ਤੁਸੀਂ ਏਸ ਤੱਥ ਤੋਂ ਅਣਜਾਣ ਨਹੀਂ ਹੋ ਸਕਦੇ ਕਿ ਸਿੱਖ ਉੱਚ ਵਰਗ ਸ਼ਹਿਰੀ ਅਤੇ ਪੇਂਡੂ ਸਰਮਾਏਦਾਰ, ਉੱਚ ਫੌਜੀ ਤੇ ਪੁਲਸ ਅਫਸਰ, ਤੇ ਸਿਵਲ ਨੌਕਰਸ਼ਾਹ—ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਭੇਜਦਾ ਹੈ, ਤੇ ਅਜਿਹੇ ਪਰਵਾਰਾਂ ਵਿਚ ਆਮ ਤੌਰ ਤੇ ਬੋਲਚਾਲ ਵਿਚ ਵੀ ਪੰਜਾਬੀ ਮੁੱਕਦੀ ਜਾ ਰਹੀ ਹੈ। ਅਜਿਹੇ 'ਸਿੱਖਾਂ' ਦਾ ਜੀਵਨ-ਆਦਰਸ਼ ਬਸਤੀਵਾਦੀ ਜੀਉਣ ਢੰਗ ਹੈ, ਉਹ ਪੰਜਾਬੀਅਤ ਨਹੀਂ ਜਿਸ ਨੂੰ ਮਹਾਨ ਸਮਾਜ ਸੁਧਾਰਕਾਂ, ਸਿੱਖ ਗੁਰੂਆਂ ਵਿਗਸਾਇਆ, ਬਸਤੀਵਾਦ-ਵਿਰੋਧੀ ਸੰਘਰਸ਼ ਨੇ ਅਮੀਰ ਕੀਤਾ, ਅਤੇ ਮਿਹਨਤੀ ਲੋਕਾਂ ਦੀ ਆਰਥਿਕ, ਸਿਆਸੀ ਬੰਦਖਲਾਸੀ ਅਤੇ ਸਭਿਆਚਾਰਕ ਵਿਕਾਸ ਦੇ ਹੱਕ ਵਿਚ ਭੁਗਤਣ ਵਾਲਿਆਂ ਸ਼ਕਤੀਆਂ ਹੋਰ ਅਗੇਰੇ ਲਿਜਾਣ ਲਈ ਜਤਨਸ਼ੀਲ ਹਨ। "ਪੰਜਾਬੀਅਤ" ਅਤੇ ਸਿੱਖ ਹੋਂਦ" ਨੂੰ ਰੱਲਗੱਡ ਕਰਕੇ ਅਤੇ "ਗ਼ੈਰ-ਸਿੱਖਾਂ" ਨੂੰ "ਪੰਜਾਬੀਅਤ" ਦੇ ਵਿਰੋਧ ਵਿਚ ਖੜਾ ਕਰਕੇ ਤੁਸੀਂ ਸੁਚੇਤ ਜਾਂ ਅਚੇਤ ਕਿਹੜੇ ਹਿੱਤਾਂ ਦੀ ਤਰਜਮਾਨੀ ਕਰਨਾ ਚਾਹੁੰਦੇ ਹੋ ? ਉਹ ਸਾਹਿਤ ਤੇ ਸਭਿਆਚਾਰ ਜਿਸਦਾ ਵਿਸ਼ਾ ਮਿੱਟੀ ਦੀ ਮਹਿਕ ਵਿਚ ਸਾਹ ਲੈ ਰਹੇ ਮਿਹਨਤੀ ਲੋਕ ਹੋਣਗੇ, ਜਿਹੜਾ ਕਰੋੜਾਂ ਕਿਰਤੀਆਂ ਦੇ ਹਉਕਿਆਂ, ਹਾਵਿਆਂ, ਤੇ ਚੰਗੇਰੇ ਭਵਿੱਖ ਲਈ ਉਨ੍ਹਾਂ ਦੇ ਆਸ਼ਿਆਂ ਤੇ ਸੰਘਰਸ਼ਾਂ ਨੂੰ ਰੂਪਮਾਨ ਅਤੇ ਪ੍ਰਤੀਬਿੰਬਿਤ ਕਰੇਗਾ, ਉਹ ਪੰਜਾਬੀਅਤ ਦੇ ਵਿਕਾਸ ਦੀਆਂ ਨਵੀਆਂ ਸ਼ਾਹਰਾਹਾਂ ਅਤੇ ਦਿੱਸਹੱਦੇ ਖੋਲ੍ਹ ਦੇਵੇਗਾ। ਤੇ ਉਸ ਵੇਲੇ ਉੱਚ ਵਰਗ ਦੀ ਘੁੱਟਣ ਵਿਚ 'ਹਰਾਮੀ ਕਲਚਰ' ਪਨਪ ਰਿਹਾ ਹੈ, ਉਹ ਆਪਣੀ ਮੌਤ ਆਪ ਮੁੱਕ ਜਾਵੇਗਾ।

ਕੰਵਲ ਸਾਹਿਬ ! ਸੋਚੋ !! ਇਸ ਮਹਾਨ ਭੇੜ ਵਿਚ ਤੁਸੀਂ ਕਿਸ ਬੰਨੇ ਖੜੇ ਹੋ ?

—ਦੀਪਕ ਧਵਨ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ। ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪਏ।

Post Office No. P/AR—133
Registered with the Registrar, News Papers, Vide No. MA/12397-D dated 14.8.80

# ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਸਥਾਪਨਾ ਦਿਵਸ ਤੇ ਲੋਕ ਪੱਖੀ ਨਾਟਕਾਂ ਦਾ ਭਰਾਤਰੀ ਮੁਕਾਬਲਾ

14 ਮਾਰਚ 1982, ਨਸਰਾਲੀ ਵਿਖੇ ਪੰਜਾਬ ਲੋਕ ਸਭਿਆਚਾਰ ਮੰਚ ਦੀ ਸਥਾਪਨਾ ਕੀਤੀ ਗਈ ਸੀ। ਇਸੇ ਸਾਲ 20 ਜੂਨ ਮਹਿਲ ਗਹਿਲਾਂ ਦੇ ਸਮਾਗਮ ਵਿਚ ਸੰਸਥਾਂ ਦਾ ਐਲਾਨ ਨਾਮਾਂ ਤੇ ਵਿਧਾਨ ਪਾਸ ਕੀਤਾ ਗਿਆ। ਇਸ ਐਲਾਨ ਨਾਮਾ ਦੇ ਅਨੁਸਾਰ ਪੰਜਾਬ ਲੋਕ ਸਭਿਆਚਾਰਕ ਮੰਚ ਐਸੇ ਕਾਮਿਆਂ ਦੀ ਜਥੇਬੰਦੀ ਹੈ, ਜਿਸਨੇ ਸਭਿਆਚਾਰ ਦੇ ਖੇਤਰ ਵਿਚ ਸਕਾਰ-ਆਤਮਕ ਪਹਿਲੂਆਂ ਨੂੰ ਸਥਾਪਤ ਕਰਦੇ ਹੋਏ ਮੌਜੂਦਾ ਗਲੇ ਸੜੇ ਨਿਜ਼ਾਮ ਨੂੰ ਬਦਲ ਸੁੱਟਣ ਲਈ ਲੋਕਾਂ ਨੂੰ ਪ੍ਰੇਰਤ ਕਰਨਾ ਹੈ। ਪਿਛਲੇ ਦੋ ਸਾਲਾਂ ਵਿਚ ਇਸ ਜਥੇਬੰਦੀ ਨੇ ਪੰਜਾਬ ਦੇ ਵੱਖ ਵੱਖ ਇਲਾਕਿਆ ਵਿਚ ਆਪਣੀ ਪਹਿਚਾਣ ਦਾ ਕੰਮ ਮੁਕੰਮਲ ਕਰ ਲਿਆ ਹੈ। ਨਸਰਾਲੀ, ਮਹਿਲਗਹਿਲਾਂ, ਘੁੰਗਰਾਲੀ, ਅੰਗਮਪੁਰ, ਲਹਿਰਾਗਾਗਾ, ਕੋਟਕਪੂਰਾ, ਛੰਦੜਾਂ, ਪੁਰਹੀਰਾਂ, ਜੰਲਧਰ, ਅੰਮ੍ਰਿਤਸਰ, ਕਬਰਵਾਲਾ, ਗਿੱਦੜਬਾਹਾ, ਦੂਰ ਦੂਰ ਇਲਾਕਿਆਂ ਵਿਚ ਮੰਚ ਵਲੋਂ ਸਭਿਆਚਾਰਕ ਵਿਸ਼ਿਆਂ ਤੇ ਗੋਸ਼ਟੀਆਂ, ਨਾਟਕ ਤੇ ਗੀਤ ਸਮਾਗਮ ਕਰਵਾਏ ਗਏ। ਹੁਣ 10-11 ਮਾਰਚ ਛੰਦੜਾ ਵਿਖੇ ਮੰਚਾਂ ਦੇ ਸਥਾਪਨਾ ਦਿਵਸ ਤੇ ਲੋਕ ਪੱਖੀ ਨਾਟਕਾਂ ਦਾ ਭਰਾਤਰੀ ਮੁਕਾਬਲਾ ਅਤੇ ਅਹੁਦੇਦਾਰਾਂ ਬਕਾਇਦਾ ਚੋਣ ਹੋ ਰਹੀ ਹੈ।

- 10-11 ਮਾਰਚ ਨੂੰ ਇਹ ਮੁਕਾਬਲਾ ਛੰਦੜਾਂ (ਲੁਧਿਆਨਾ-ਸਮਰਾਲਾ ਰੋਡ—ਬੱਸ ਅੱਡਾ ਕਟਾਨੀ ਕਲਾਂ) ਵਿਖੇ ਹੋ ਰਿਹਾ ਹੈ।
- ਹੇਠ ਲਿਖੇ ਨਾਟਕ ਇਸ ਮੁਕਾਬਲੇ ਵਿਚ ਹੋ ਰਹੇ ਹਨ :

| | | |
|---|---|---|
| o ਮਿੱਟੀ ਦਾ ਮੁੱਲ | o ਫਾਂਸੀ ਦੇ ਤਖਤੇ ਤੋਂ | o ਅੰਨ੍ਹੇ ਨਿਸ਼ਾਨਚੀ |
| o ਭਿਖਾਰੀ | o ਇਨਕਲਾਬ ਜ਼ਿੰਦਾਬਾਦ | o ਕਿਵੇਂ ਕੁੜੇ ਤੁਟੈ ਪਾਲੁ |
| o ਹਵਾ ਮਹਿਲ | o ਇਹ ਲਹੂ ਕਿਸਦਾ ਹੈ | o ਰਿਸ਼ਤਿਆਂ ਦਾ ਕੀ ਰੱਖੀਏ ਨਾਂ |

- 10-11 ਮਾਰਚ ਦੀ ਦਰਮਿਆਨੀ ਰਾਤ ਟੀਮਾਂ ਦੀ ਠਹਿਰਨ ਵਾਲੀ ਥਾਂ ਤੇ ਇਕ ਕੈਂਪ ਫਾਇਰ ਦੀ ਸ਼ਕਲ ਵਿਚ ਗੀਤਾਂ ਅਤੇ ਸਕਿਟਾਂ ਦਾ ਪ੍ਰੋਗਰਾਮ ਹੋਵੇਗਾ।
- 11 ਮਾਰਚ ਸ਼ਾਮ 3-5 ਵਜੇ ਸਕੂਲ ਦੇ ਬੱਚਿਆਂ ਦਾ ਗੀਤ ਮੁਕਾਬਲਾ ਹੋਵੇਗਾ।
- ਪਲਸ ਮੰਚ ਦੇ ਅਹੁਦੇਦਾਰਾਂ ਦੀ ਚੋਣ 11 ਮਾਰਚ ਦੁਪਹਿਰ 2 ਵਜੇ ਕੀਤੀ ਜਾਵੇਗੀ। ਹਰ ਉਹ ਸਭਿਆਚਾਰਕ ਕਾਮਾ/ਟੋਲੀ ਜਿਹੜੀ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਐਲਾਨਨਾਮੇ ਅਤੇ ਵਿਧਾਨ ਨਾਲ ਸਹਿਮਤ ਹੈ ਅਤੇ ਲਾਗੂ ਕਰਨ ਲਈ ਵਚਨਬਧ ਹੈ, ਇਸ ਮੰਚ ਦੀ ਮੁੱਢਲੀ ਮੈਂਬਰਸ਼ਿਪ ਪ੍ਰਾਪਤ ਕਰ ਸਕਦੀ ਹੈ। ਸਭਿਆਚਾਰਕ ਕਾਮੇ ਵਿਚ ਲੋਕ-ਪੱਖੀ ਕਲਾਕਾਰ, ਅਦਾਕਾਰ, ਕਵੀ ਸਾਹਿਤਕਾਰ ਸ਼ਾਮਲ ਹਨ। ਹਰ ਉਹ ਸਭਿਆਚਾਰਕ ਕਾਮੇ ਜੋ 11 ਮਾਰਚ ਸਵੇਰੇ ਦੱਸ ਵਜੇ ਤਕ 5/-ਫੀਸ ਦੇ ਕੇ ਪਲਸ ਮੰਚ ਦੀ ਮੈਂਬਰਸ਼ਿਪ ਲੈ ਲੈਣਗੇ, ਉਹ ਇਸ ਚੋਣ ਵਿੱਚ ਹਿੱਸਾ ਲੈ ਸਕਣਗੇ। ਮੈਂਬਰਸ਼ਿਪ ਲਈ ਖੁਲ੍ਹਾ ਸੱਦਾ ਹੈ। ਪਲਸ ਮੰਚ ਦੇ ਸਾਲਾਨਾ ਇਜਲਾਸ ਵਿਚ 11 ਤੋਂ ਲੈ ਕੇ 17 ਮੈਂਬਰ ਤੱਕ ਇਕ ਕਾਰਜ ਕਾਰਨੀ ਕਮੇਟੀ ਬਣਾਈ ਜਾਵੇਗੀ। ਇਹ ਕਾਰਜਕਾਰਨੀ ਕਮੇਟੀ ਹੀ ਅਪਣੇ ਵਿਚੋਂ ਤਿੰਨੇ ਅਹੁਦੇਦਾਰ—ਪਰਧਾਨ, ਸਕੱਤਰ ਅਤੇ ਵਿੱਤ ਸਕੱਤਰ ਚੁਣੇਗੀ।
- **ਪਲਸ ਮੰਚ ਦੇ ਉਦੇਸ਼** (ਜੋ ਐਲਾਨ ਨਾਮਾ ਦਾ ਨਿਚੋੜ ਹਨ)

(ੳ) ਪੰਜਾਬ ਦੇ ਲੋਕ ਪੱਖੀ ਸਭਿਆਚਾਰ ਨੂੰ ਖੋਜਣਾ, ਉਭਾਰਨਾ ਤੇ ਵਿਕਸਤ ਕਰਨਾ

(ਅ) ਅਸ਼ਲੀਲ ਤੇ ਲੱਚਰ ਲੋਕ-ਵਿਰੋਧੀ ਸਭਿਆਚਾਰ ਨੂੰ ਭਾਂਜ ਦੇਣਾ ਅਤੇ ਉਸਦੇ ਬਦਲ 'ਚ ਲੋਕ ਪੱਖੀ ਉਸਾਰੂ ਸਭਿਆਚਾਰ ਦਾ ਪ੍ਰਸਾਰ ਕਰਨਾ।

(ੲ) ਲੋਕਾਂ ਦੀਆਂ ਭਾਵਨਾਵਾਂ, ਆਸਾਂ ਅਤੇ ਸਮੱਸਿਆਵਾਂ ਨੂੰ ਸੁਹਜਮਈ-ਕਲਾਮਈ ਢੰਗ ਨਾਲ ਪੇਸ਼ ਕਰਨਾ, ਲੋਕਾਂ ਦੇ ਦਿਲਾਂ ਵਿਚ ਅਨਿਆ, ਜ਼ੁਲਮ ਤੇ ਲੁੱਟ-ਖਸੁੱਟ ਵਿਰੁੱਧ ਜਾਗਰਤੀ ਪੈਦਾ ਕਰਨਾ ਅਤੇ ਸੰਘਰਸ਼ ਪ੍ਰੇਰਤ ਕਰਨਾ

(ਸ) ਲੋਕ-ਹਿਤਾਂ ਵਚਨ ਬੱਧ ਸੰਘਰਸ਼ਸ਼ੀਲ ਸੰਸਥਾਵਾਂ ਤੇ ਜਥੇਬੰਦੀਆਂ ਨੂੰ ਸਹਿਯੋਗ ਦੇਣਾ ਤੇ ਸਹਿਯੋਗ ਲੈਣਾ।

ਨਰੋਏ ਸਭਿਆਚਾਰ ਦੇ ਚਾਹਵਾਨ ਲੋਕਾਂ ਨੂੰ ਅਪੀਲ ਹੈ ਕਿ ਮੰਚ ਦੇ ਸਮਾਗਮ ਵਿਚ ਸ਼ਾਮਲ ਹੋ ਕੇ ਇਸ ਦੀ ਸਫਲਤਾ ਲਈ ਵੱਡੇ ਪੈਮਾਨੇ ਤੇ ਸਹਿਯੋਗ ਦੇਣ

**ਸਬਜਿੰਦਰ ਕੇਦਾਰ ਸਕੱਤਰ ਪਲਸ ਮੰਚ** | **ਗੁਰਸ਼ਰਨ ਸਿੰਘ ਪ੍ਰਧਾਨ ਪਲਸ ਮੰਚ**

AHN 8.3.